ਪੰਜਾਬ ਮੇਲ ਦੇ ਸਮੂਹ ਸਟਾਫ ਵਲੋਂ ਪਾਠਕਾਂ, ਲੇਖਕਾਂ, ਸਹਿਯੋਗੀਆਂ ਅਤੇ ਜਥੇਬੰਦੀਆਂ ਨੂੰ ਖਾਲਸਾ ਦੇ ਜਨਮ ਦਿਹਾੜੇ ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾਂ।

A Voice of NRI's

ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

ਯੂ. ਐੱਸ. ਏ.

# ਪੰਜਾਬ ਮੇਲ

Punjab Mail USA

Chief Editor: **Gurjatinder Singh Randhawa**



Vol. 19, Issue- 901, 09 to 15 Apr., 2026, Ph: 916-320-9444, E-mail: punjabmailusa@yahoo.com, Web: punjabmailusa.com

## ਅਮਰੀਕਾ-ਇਰਾਨ ਜੰਗ; ਅਮਰੀਕਾ ਵੱਲੋਂ 2 ਹਫ਼ਤਿਆਂ ਲਈ ਜੰਗ-ਵਿਰਾਮ ਦਾ ਐਲਾਨ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕਾ ਅਤੇ ਇਰਾਨ ਦੇ ਵਿਚਕਾਰ ਪਿਛਲੇ ਕੁਝ ਦਿਨਾਂ ਤੋਂ ਚੱਲ ਰਹੀ ਤਣਾਅਪੂਰਨ ਸਥਿਤੀ 'ਚ ਇੱਕ ਵੱਡਾ ਮੋੜ ਆਇਆ ਹੈ, ਜਿੱਥੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਇਰਾਨ 'ਤੇ ਵੱਡੇ ਸੈਨਿਕ ਹਮਲੇ ਨੂੰ ਅਚਾਨਕ ਰੋਕ ਦਿੱਤਾ ਗਿਆ ਹੈ ਅਤੇ ਇਸ ਦੀ ਥਾਂ ਦੋ ਹਫ਼ਤਿਆਂ ਲਈ ਜੰਗ-ਵਿਰਾਮ ਦਾ ਐਲਾਨ ਕਰ ਦਿੱਤਾ ਗਿਆ ਹੈ। ਇਹ ਫੈਸਲਾ ਉਸ ਸਮੇਂ ਆਇਆ, ਜਦੋਂ ਦੁਨੀਆਂ ਭਰ ਵਿਚ ਇਹ ਚਰਚਾ ਜ਼ੋਰਾਂ 'ਤੇ ਸੀ ਕਿ ਅਮਰੀਕਾ ਵੱਲੋਂ ਕਿਸੇ ਵੀ ਵੇਲੇ ਇਰਾਨ 'ਤੇ ਵੱਡੀ ਕਾਰਵਾਈ ਹੋ ਸਕਦੀ ਹੈ, ਖ਼ਾਸ ਕਰਕੇ ਰਾਤ ਦੇ ਅੱਠ ਵਜੇ ਅਮਰੀਕੀ ਈਸਟਰਨ ਸਮੇਂ ਦੀ ਮਿਆਦ ਨੂੰ ਲੈ ਕੇ ਕਾਫੀ ਤਣਾਅ ਬਣਿਆ ਹੋਇਆ ਸੀ।



ਇਹ ਜੰਗ-ਵਿਰਾਮ ਸਿਰਫ ਇੱਕ ਆਮ ਰੋਕ ਨਹੀਂ ਹੈ, ਸਗੋਂ ਇਸ ਦੇ ਪਿੱਛੇ ਕਈ ਰਣਨੀਤਿਕ ਅਤੇ ਕੂਟਨੀਤਿਕ ਕਾਰਣ ਹਨ। ਅਮਰੀਕਾ ਵੱਲੋਂ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਜੇਕਰ ਇਰਾਨ ਆਪਣੀ ਪਾਸੋਂ ਹਾਲਾਤ ਨੂੰ ਨਰਮ ਕਰਦਾ ਹੈ ਅਤੇ ਖ਼ਾਸ ਕਰਕੇ ਦੁਨੀਆਂ ਦੇ ਸਭ ਤੋਂ ਅਹਿਮ ਤੇਲ ਰਸਤੇ ਸਟਰੇਟ ਆਫ ਹੋਰਮੁਜ਼ ਨੂੰ ਖੁੱਲ੍ਹਾ ਅਤੇ ਸੁਰੱਖਿਅਤ ਰੱਖਦਾ ਹੈ, ਤਾਂ ਹੀ ਇਹ ਜੰਗ-ਵਿਰਾਮ ਪੂਰੀ ਤਰ੍ਹਾਂ ਕਾਇਮ ਰਹੇਗਾ। ਇਹ ਸਮੁੰਦਰੀ ਰਸਤਾ ਦੁਨੀਆਂ ਦੀ ਤੇਲ ਸਪਲਾਈ ਲਈ ਬਹੁਤ ਮਹੱਤਵਪੂਰਨ ਹੈ ਅਤੇ ਇਸ ਵਿਚ ਕਿਸੇ ਵੀ ਤਰ੍ਹਾਂ ਦੀ ਰੁਕਾਵਟ ਨਾਲ ਵਿਸ਼ਵ ਅਰਥਵਿਵਸਥਾ 'ਤੇ ਗੰਭੀਰ ਅਸਰ ਪੈ ਸਕਦਾ ਹੈ।

ਇਹ ਦੋ ਹਫ਼ਤਿਆਂ ਦਾ ਜੰਗ-ਵਿਰਾਮ ਕਈ ਵਿਸ਼ਲੇਸ਼ਕਾਂ ਵੱਲੋਂ ਇੱਕ ਸੋਨੇ ਵਰਗਾ ਮੌਕਾ ਮੰਨਿਆ ਜਾ ਰਿਹਾ ਹੈ, ਕਿਉਂਕਿ ਇਸ ਦੌਰਾਨ ਦੋਵੇਂ ਦੇਸ਼ਾਂ ਨੂੰ ਆਪਸੀ ਗੱਲਬਾਤ ਰਾਹੀਂ ਕਿਸੇ ਵੱਡੇ ਸਮਝੌਤੇ 'ਤੇ ਪਹੁੰਚਣ ਦਾ ਸਮਾਂ ਮਿਲੇਗਾ। ਇਹ ਵੀ ਸਾਹਮਣੇ ਆਇਆ ਹੈ ਕਿ ਇਸ ਮਾਮਲੇ ਵਿਚ ਸ਼ਹਿਬਾਜ਼ ਸ਼ਰੀਫ ਦੀ ਅਗਵਾਈ ਹੇਠ ਪਾਕਿਸਤਾਨ ਨੇ ਵਿਚੋਲਗੀ ਦੀ ਭੂਮਿਕਾ ਨਿਭਾਈ ਹੈ, ਜਿਸ ਨਾਲ ਇਹ ਜੰਗ-ਵਿਰਾਮ ਸੰਭਵ ਹੋ ਸਕਿਆ।

■ ਬਾਕੀ ਖਬਰ ਸਫਾ 23 'ਤੇ

## ਅਮਰੀਕੀ ਅਦਾਲਤ ਵੱਲੋਂ ਟਰੰਪ ਦੀ 'ਮੈਂਡੇਟਰੀ ਡਿਟੇਨਸ਼ਨ' ਦੀ ਨੀਤੀ ਰੱਦ

**ਨੇਵਾਡਾ, (ਪੰਜਾਬ ਮੇਲ)-** ਅਮਰੀਕਾ ਦੇ ਨੇਵਾਡਾ ਸੂਬੇ 'ਚ ਇਕ ਵੱਡਾ ਕਾਨੂੰਨੀ ਫੈਸਲਾ ਆਇਆ ਹੈ, ਜਿਸ ਨਾਲ ਇਮੀਗ੍ਰੇਸ਼ਨ ਦੇ ਕੇਸ ਲੜ ਰਹੇ ਕਈ ਲੋਕਾਂ ਨੂੰ ਵੱਡੀ ਰਾਹਤ ਮਿਲ ਸਕਦੀ ਹੈ। ਅਮਰੀਕੀ ਫੈਡਰਲ ਅਦਾਲਤ ਦੇ ਜੱਜ ਰਿਚਰਡ ਬੋਲਵੇਅਰ-2 ਨੇ ਟਰੰਪ ਸਰਕਾਰ ਦੀ ਉਸ ਨੀਤੀ ਨੂੰ ਰੱਦ ਕਰ ਦਿੱਤਾ ਹੈ, ਜਿਸ ਅਧੀਨ ਜ਼ਿਆਦਾਤਰ ਇਮੀਗ੍ਰੈਂਟਾਂ ਨੂੰ ਬਿਨਾਂ ਕਿਸੇ ਜ਼ਮਾਨਤ ਦੇ ਹਿਰਾਸਤ ਵਿਚ ਰੱਖਿਆ ਜਾਂਦਾ ਸੀ।

ਇਹ ਨੀਤੀ ਡੋਨਾਲਡ ਟਰੰਪ ਦੀ ਸਰਕਾਰ ਵੱਲੋਂ ਲਾਗੂ ਕੀਤੀ ਗਈ ਸੀ, ਜਿਸਨੂੰ "ਮੈਂਡੇਟਰੀ ਡਿਟੇਨਸ਼ਨ" ਕਿਹਾ ਜਾਂਦਾ ਸੀ। ਇਸ ਦੇ ਤਹਿਤ ਜਿਨ੍ਹਾਂ ਲੋਕਾਂ ਦੇ ਖ਼ਿਲਾਫ਼ ਡਿਪੋਰਟੇਸ਼ਨ ਦੇ ਕੇਸ ਚੱਲ ਰਹੇ ਸਨ, ਉਨ੍ਹਾਂ ਨੂੰ ਜੇਲ੍ਹ ਵਿਚ ਰੱਖਿਆ ਜਾਂਦਾ ਸੀ ਅਤੇ ਉਨ੍ਹਾਂ ਨੂੰ ਇਹ ਹੱਕ ਨਹੀਂ ਸੀ ਕਿ ਉਹ ਜੱਜ ਕੋਲ ਜਾ ਕੇ ਜ਼ਮਾਨਤ ਦੀ ਅਰਜ਼ੀ ਦੇ ਸਕਣ।

■ ਨੀਤੀ ਤਹਿਤ ਜ਼ਿਆਦਾਤਰ ਇਮੀਗ੍ਰੈਂਟਾਂ ਨੂੰ ਬਿਨਾਂ ਕਿਸੇ ਜ਼ਮਾਨਤ ਦੇ ਰੱਖਿਆ ਜਾਂਦਾ ਸੀ ਹਿਰਾਸਤ 'ਚ



ਜੱਜ ਨੇ ਆਪਣੇ ਫੈਸਲੇ ਵਿਚ ਕਿਹਾ ਕਿ ਇਹ ਨੀਤੀ ਕਾਨੂੰਨ ਦੇ ਖ਼ਿਲਾਫ਼ ਹੈ ਅਤੇ ਇਸ ਨਾਲ ਲੋਕਾਂ ਨੂੰ ਵੱਡਾ ਨੁਕਸਾਨ ਪੈਂਦਾ ਹੈ। ਇਸ ਕਰਕੇ ਹੁਣ ਅਜਿਹੇ ਲੋਕਾਂ ਨੂੰ ਇਹ ਹੱਕ ਮਿਲੇਗਾ ਕਿ ਉਹ ਅਦਾਲਤ ਵਿਚ ਜਾ ਕੇ ਜ਼ਮਾਨਤ ਦੀ ਮੰਗ ਕਰ ਸਕਣ।

ਇਸ ਫੈਸਲੇ ਨਾਲ ਅਮਰੀਕਨ ਸਿਵਲ ਲਿਬਰਟੀਜ਼ ਯੂਨੀਅਨ (ACLU) ਵਰਗੀਆਂ ਸੰਸਥਾਵਾਂ ਨੇ ਖ਼ੁਸ਼ੀ ਜਤਾਈ ਹੈ। ਉਨ੍ਹਾਂ ਦੇ ਅਨੁਸਾਰ ਹੁਣ ਹਰ ਹਫ਼ਤੇ ਕਰੀਬ 60 ਲੋਕ ਜ਼ਮਾਨਤ ਲਈ ਅਰਜ਼ੀ ਦੇ ਸਕਦੇ ਹਨ ਅਤੇ ਹਜ਼ਾਰਾਂ ਲੋਕਾਂ ਨੂੰ ਇਸ ਦਾ ਲਾਭ ਮਿਲ ਸਕਦਾ ਹੈ।

ਪਹਿਲਾਂ ਜਦੋਂ ਇਹ ਨੀਤੀ ਲਾਗੂ ਸੀ, ਤਾਂ ਕਈ ਅਜਿਹੇ ਲੋਕ ਵੀ ਜੇਲ੍ਹ ਵਿਚ ਰੱਖੇ ਜਾਂਦੇ ਸਨ, ਜਿਨ੍ਹਾਂ ਦਾ ਕੋਈ ਵੀ ਕ੍ਰਿਮੀਨਲ ਰਿਕਾਰਡ ਨਹੀਂ ਸੀ। ਹੁਣ ਉਨ੍ਹਾਂ ਨੂੰ ਮੌਕਾ ਮਿਲੇਗਾ ਕਿ ਉਹ ਆਪਣੇ ਪਰਿਵਾਰਾਂ ਕੋਲ ਵਾਪਸ ਜਾ ਸਕਣ ਅਤੇ ਆਪਣੇ ਕੇਸ ਦੀ ਤਿਆਰੀ ਬਾਹਰ ਰਹਿ ਕੇ ਕਰ ਸਕਣ।

■ ਬਾਕੀ ਖਬਰ ਸਫਾ 23 'ਤੇ

## ਯੂ.ਐੱਸ. ਏਅਰਪੋਰਟ ਡਾਟਾ ਨਾਲ ICE ਵੱਲੋਂ 800 ਤੋਂ ਵੱਧ ਗ੍ਰਿਫ਼ਤਾਰੀਆਂ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕਾ ਦੀ ਇਮੀਗ੍ਰੇਸ਼ਨ ਏਜੰਸੀ ਇਮੀਗ੍ਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ (ICE) ਨੇ ਹਵਾਈ ਯਾਤਰੀਆਂ ਦੇ ਡਾਟਾ ਦੀ ਵਰਤੋਂ ਕਰਕੇ 800 ਤੋਂ ਵੱਧ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਕਾਰਵਾਈ ਦੇਸ਼ ਭਰ ਵਿਚ ਵੱਖ-ਵੱਖ ਥਾਵਾਂ 'ਤੇ ਕੀਤੀ ਗਈ, ਜਿੱਥੇ ਯਾਤਰਾ ਸੰਬੰਧੀ ਜਾਣਕਾਰੀ ਨੂੰ ਟਰੈਕ ਕਰਕੇ ਲੋਕਾਂ ਤੱਕ ਪਹੁੰਚਿਆ ਗਿਆ।

■ ਅਮਰੀਕਾ 'ਚ ਇਮੀਗ੍ਰੇਸ਼ਨ ਨੀਤੀ 'ਤੇ ਨਵਾਂ ਵਿਵਾਦ




ਮਿਲੀ ਜਾਣਕਾਰੀ ਅਨੁਸਾਰ, ਇਹ ਡਾਟਾ ਅਮਰੀਕੀ ਏਅਰਪੋਰਟ ਸੁਰੱਖਿਆ ਪ੍ਰੋਗਰਾਮਾਂ ਰਾਹੀਂ ਇਕੱਠਾ ਕੀਤਾ ਗਿਆ ਸੀ, ਜੋ ਮੁੱਢਲੇ ਤੌਰ 'ਤੇ ਕੌਮੀ ਸੁਰੱਖਿਆ ਅਤੇ ਅੱਤਵਾਦੀ ਖ਼ਤਰਿਆਂ ਦੀ ਪਛਾਣ ਲਈ ਬਣਾਇਆ ਗਿਆ ਸੀ। ਪਰ ਹੁਣ ਇਸਨੂੰ ਇਮੀਗ੍ਰੇਸ਼ਨ ਨਿਗਰਾਨੀ ਅਤੇ ਕਾਰਵਾਈ ਲਈ ਵੀ ਵਰਤਿਆ ਜਾ ਰਿਹਾ ਹੈ, ਜਿਸ ਨਾਲ ਇਸਦੀ ਵਰਤੋਂ ਦੇ ਮਕਸਦ 'ਤੇ ਗੰਭੀਰ ਸਵਾਲ ਖੜ੍ਹੇ ਹੋ ਰਹੇ ਹਨ। ਰਿਪੋਰਟਾਂ ਮੁਤਾਬਕ, ਇਸ ਕਾਰਵਾਈ ਵਿਚ ਸਿਰਫ਼ ਸੰਦੇਹੀ ਅਪਰਾਧੀ ਹੀ ਨਹੀਂ, ਸਗੋਂ ਆਮ ਯਾਤਰੀ, ਵਿਦਿਆਰਥੀ, ਪਰਿਵਾਰ ਅਤੇ ਲੰਮੇ ਸਮੇਂ ਤੋਂ ਅਮਰੀਕਾ ਵਿਚ ਰਹਿ ਰਹੇ ਲੋਕ ਵੀ ਸ਼ਾਮਲ ਹਨ। ਇਸ ਨਾਲ ਇਹ ਚਿੰਤਾ ਵਧੀ ਹੈ ਕਿ ਕਿਤੇ ਵੱਡੇ ਪੱਧਰ 'ਤੇ ਇਮੀਗ੍ਰੈਂਟ ਕਮਿਊਨਿਟੀ ਨੂੰ ਨਿਸ਼ਾਨਾ ਤਾਂ ਨਹੀਂ ਬਣਾਇਆ ਜਾ ਰਿਹਾ। ਇਸ ਮਾਮਲੇ 'ਤੇ ਨਾਗਰਿਕ ਅਧਿਕਾਰ ਸੰਸਥਾਵਾਂ ਅਤੇ ਵਿਰੋਧੀ ਨੇਤਾਵਾਂ ਵੱਲੋਂ ਤਿੱਖੀ ਪ੍ਰਤੀਕਿਰਿਆ ਸਾਹਮਣੇ ਆਈ ਹੈ।

■ ਬਾਕੀ ਖਬਰ ਸਫਾ 23 'ਤੇ

## ਕੈਲੀਫੋਰਨੀਆ 'ਚ ਹਰਿਆਣਾ ਦੇ ਰਹਿਣ ਵਾਲੇ ਗੈਂਗਸਟਰ ਭਾਨੂ ਰਾਣਾ ਦਾ ਗੋਲੀਆਂ ਮਾਰ ਕੇ ਕਤਲ

**ਕੈਲੀਫੋਰਨੀਆ, (ਪੰਜਾਬ ਮੇਲ)-** ਭਾਰਤ ਦੇ ਸਭ ਤੋਂ ਖ਼ਤਰਨਾਕ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਗੈਂਗ ਨੇ ਹੁਣ ਸੱਤ ਸਮੁੰਦਰ ਪਾਰ ਅਮਰੀਕਾ ਦੀ ਧਰਤੀ 'ਤੇ ਵੀ ਆਪਣੀ ਦਹਿਸ਼ਤ ਦਾ ਸਬੂਤ ਦਿੱਤਾ ਹੈ। ਅਮਰੀਕਾ ਦੇ ਕੈਲੀਫੋਰਨੀਆ ਸਟੇਟ ਵਿਚ ਹਰਿਆਣਾ ਦੇ ਰਹਿਣ ਵਾਲੇ ਗੈਂਗਸਟਰ ਭਾਨੂ ਰਾਣਾ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਹੈ। ਬਿਸ਼ਨੋਈ ਗੈਂਗ ਨੇ ਸੋਸ਼ਲ ਮੀਡੀਆ ਰਾਹੀਂ ਇਸ ਕਤਲ ਦੀ ਜ਼ਿੰਮੇਵਾਰੀ ਲਈ ਹੈ।

■ ਬਿਸ਼ਨੋਈ ਗੈਂਗ ਨੇ ਸੋਸ਼ਲ ਮੀਡੀਆ ਰਾਹੀਂ ਕਤਲ ਦੀ ਜ਼ਿੰਮੇਵਾਰੀ ਲਈ




ਜਾਣਕਾਰੀ ਅਨੁਸਾਰ ਭਾਨੂ ਰਾਣਾ ਕੈਲੀਫੋਰਨੀਆ ਵਿਚ ਲੁਕਿਆ ਹੋਇਆ ਸੀ, ਜਿੱਥੇ ਅਣਪਛਾਤੇ ਹਮਲਾਵਰਾਂ ਨੇ ਉਸ 'ਤੇ ਅੰਨ੍ਹੇਵਾਹ ਫਾਈਰਿੰਗ ਕਰ ਦਿੱਤੀ ਤੇ ਭਾਨੂ ਰਾਣਾ ਦੀ ਮੌਕੇ 'ਤੇ ਹੀ ਮੌਤ ਹੋ ਗਈ। ਕਤਲ ਤੋਂ ਕੁਝ ਦੇਰ ਬਾਅਦ ਹੀ ਲਾਰੈਂਸ ਬਿਸ਼ਨੋਈ ਗੈਂਗ ਨਾਲ ਸਬੰਧਤ ਇੱਕ ਫੇਸਬੁੱਕ ਪੋਸਟ ਸਾਹਮਣੇ ਆਈ, ਜਿਸ 'ਚ ਲਿਖਿਆ ਸੀ ਕਿ ਭਾਨੂ ਰਾਣਾ ਉਨ੍ਹਾਂ ਦੇ ਦੁਸ਼ਮਣ ਗੈਂਗਾਂ (ਬੰਬੀਹਾ ਗੈਂਗ) ਦੀ ਮਦਦ ਕਰ ਰਿਹਾ ਸੀ ਅਤੇ ਉਨ੍ਹਾਂ ਦੇ ਰਾਹ ਵਿਚ ਰੋੜਾ ਬਣ ਰਿਹਾ ਸੀ, ਜਿਸ ਕਾਰਨ ਉਸ ਨੂੰ ਸਜ਼ਾ ਦਿੱਤੀ ਗਈ ਹੈ। ਪੋਸਟ ਵਿਚ ਇਹ ਵੀ ਚਿਤਾਵਨੀ ਦਿੱਤੀ ਗਈ ਹੈ ਕਿ "ਜੋ ਵੀ ਸਾਡੇ ਖ਼ਿਲਾਫ਼ ਜਾਵੇਗਾ, ਉਸ ਦਾ ਹਾਲ ਇਹੀ ਹੋਵੇਗਾ।"

ਜ਼ਿਕਰਯੋਗ ਹੈ ਕਿ ਭਾਨੂ ਰਾਣਾ ਹਰਿਆਣਾ ਦੇ ਕੈਥਲ ਜ਼ਿਲ੍ਹੇ ਦਾ ਰਹਿਣ ਵਾਲਾ ਸੀ ਅਤੇ ਭਾਰਤ ਵਿਚ ਕਤਲ, ਫਿਰੌਤੀਆਂ ਸਣੇ ਕਈ ਅਪਰਾਧਿਕ ਮਾਮਲਿਆਂ ਵਿਚ ਲੋੜੀਂਦਾ ਸੀ। ਉਹ ਫਰਜ਼ੀ ਪਾਸਪੋਰਟ ਰਾਹੀਂ ਅਮਰੀਕਾ ਫਰਾਰ ਹੋ ਗਿਆ ਸੀ। ਇਹ ਵਾਰਦਾਤ ਅਜਿਹੇ ਸਮੇਂ ਵਾਪਰੀ ਹੈ, ਜਦੋਂ ਭਾਰਤ ਪਹਿਲਾਂ ਹੀ ਲਾਰੈਂਸ ਬਿਸ਼ਨੋਈ ਗੈਂਗ ਦੇ ਵਿਦੇਸ਼ਾਂ ਵਿਚ ਫੈਲੇ ਨੈੱਟਵਰਕ ਨੂੰ ਤੋੜਨ ਲਈ ਅਮਰੀਕੀ ਅਤੇ ਕੈਨੇਡੀਅਨ ਏਜੰਸੀਆਂ ਨਾਲ ਤਾਲਮੇਲ ਕਰ ਰਿਹਾ ਹੈ।

■ ਬਾਕੀ ਖਬਰ ਸਫਾ 23 'ਤੇ

## ਦੁਬਈ ਦਾ ਪ੍ਰਸਿੱਧ ਗੁਰਦੁਆਰਾ ਸਾਹਿਬ ਗੁਰੂ ਨਾਨਕ ਦਰਬਾਰ ਅਸਥਾਈ ਤੌਰ 'ਤੇ ਬੰਦ!

**ਦੁਬਈ, (ਪੰਜਾਬ ਮੇਲ)-** ਦੁਬਈ ਵਿਖੇ ਸਥਿਤ ਗੁਰੂ ਨਾਨਕ ਦਰਬਾਰ ਗੁਰਦੁਆਰਾ ਸਾਹਿਬ ਨੂੰ ਸੁਰੱਖਿਆ ਚਿੰਤਾਵਾਂ ਦੇ ਮੱਦੇਨਜ਼ਰ, ਸਰਕਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਅਗਲੇ ਹੁਕਮਾਂ ਤੱਕ ਬੰਦ ਕਰ ਦਿੱਤਾ ਗਿਆ ਹੈ।



ਗੁਰੂ ਨਾਨਕ ਦਰਬਾਰ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਜਾਰੀ ਕੀਤੇ ਇੱਕ ਅਧਿਕਾਰਤ ਬਿਆਨ ਵਿਚ ਦੱਸਿਆ ਗਿਆ ਹੈ ਕਿ ਇਹ ਫੈਸਲਾ ਸਥਾਨਕ ਅਧਿਕਾਰੀਆਂ ਦੇ ਨਿਰਦੇਸ਼ਾਂ ਅਨੁਸਾਰ ਲਿਆ ਗਿਆ ਹੈ, ਜਿਸ ਵਿਚ ਸੰਗਤ ਅਤੇ ਸਟਾਫ ਦੀ ਸੁਰੱਖਿਆ ਨੂੰ ਮੁੱਖ ਰੱਖਿਆ ਗਿਆ ਹੈ। ਪ੍ਰਬੰਧਕਾਂ ਨੇ ਸਮੂਹ ਸੰਗਤ ਨੂੰ ਇਸ ਔਖੇ ਸਮੇਂ ਦੌਰਾਨ ਸਹਿਯੋਗ ਦੇਣ ਅਤੇ ਸਥਿਤੀ ਨੂੰ ਸਮਝਣ ਦੀ ਅਪੀਲ ਕੀਤੀ ਹੈ।

ਗੁਰਦੁਆਰਾ ਸਾਹਿਬ ਦੇ ਇਸ ਤਰ੍ਹਾਂ ਅਚਾਨਕ ਬੰਦ ਹੋਣ ਕਾਰਨ ਸੰਗਤ ਕਾਫੀ ਪ੍ਰੇਸ਼ਾਨ ਹੈ। ਗੁਰਦੁਆਰਾ ਸਾਹਿਬ ਵਿਖੇ ਹੋਣ ਵਾਲੇ ਰੋਜ਼ਾਨਾ ਦੇ ਧਾਰਮਿਕ ਸਮਾਗਮ ਅਤੇ ਇਕੱਠ ਪ੍ਰਭਾਵਿਤ ਹੋਏ ਹਨ। ਪ੍ਰਬੰਧਕਾਂ ਨੇ ਸੰਗਤ ਨੂੰ ਅਪੀਲ ਕੀਤੀ ਹੈ ਕਿ ਅਗਲੇਰੀ ਜਾਣਕਾਰੀ ਅਤੇ ਅਪਡੇਟਸ ਸੰਗਤ ਨਾਲ ਸਾਂਝੀ ਕੀਤੀ ਜਾਵੇਗੀ, ਤਦ ਤੱਕ ਪ੍ਰਬੰਧ ਦਾ ਸਹਿਯੋਗ ਕੀਤਾ ਜਾਵੇ।

## ਪਾਕਿਸਤਾਨ ਵੱਲੋਂ ਗੁਰਧਾਮਾਂ ਦੇ ਦਰਸ਼ਨਾਂ ਲਈ 2800 ਤੋਂ ਵੱਧ ਸ਼ਰਧਾਲੂਆਂ ਨੂੰ ਵੀਜ਼ੇ ਜਾਰੀ

**ਅੰਮ੍ਰਿਤਸਰ, (ਪੰਜਾਬ ਮੇਲ)-** ਖਾਲਸਾ ਸਾਜਨਾ ਦਿਵਸ (ਵਿਸਾਖੀ) ਮੌਕੇ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਜਾਣ ਵਾਸਤੇ ਪਾਕਿਸਤਾਨੀ ਹਾਈ ਕਮਿਸ਼ਨ ਵੱਲੋਂ 2800 ਤੋਂ ਵੱਧ ਸ਼ਰਧਾਲੂਆਂ ਨੂੰ ਵੀਜ਼ੇ ਜਾਰੀ ਕੀਤੇ ਗਏ ਹਨ, ਜਿਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭੇਜੇ ਜਾਣ ਵਾਲੇ ਜਥੇ ਲਈ 1763 ਸ਼ਰਧਾਲੂਆਂ ਨੂੰ ਵੀਜ਼ੇ ਪ੍ਰਾਪਤ ਹੋਏ ਹਨ। ਇਹ ਜੱਥਾ 10 ਅਪ੍ਰੈਲ ਨੂੰ ਅਟਾਰੀ-ਵਾਹਗਾ ਸਰਹੱਦ ਰਸਤੇ ਪਾਕਿਸਤਾਨ ਜਾਵੇਗਾ।



ਸ਼੍ਰੋਮਣੀ ਕਮੇਟੀ ਦੇ ਸਕੱਤਰ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ 1795 ਸ਼ਰਧਾਲੂਆਂ ਦੇ ਪਾਸਪੋਰਟ ਦਿੱਲੀ ਸਥਿਤ ਪਾਕਿਸਤਾਨ ਹਾਈ ਕਮਿਸ਼ਨ ਨੂੰ ਭੇਜੇ ਗਏ ਸਨ, ਜਿਨ੍ਹਾਂ ਵਿਚੋਂ 1763 ਸ਼ਰਧਾਲੂਆਂ ਨੂੰ ਵੀਜ਼ਾ ਜਾਰੀ ਕੀਤਾ ਗਿਆ, ਜਦਕਿ 32 ਸ਼ਰਧਾਲੂਆਂ ਨੂੰ ਵੀਜ਼ਾ ਨਹੀਂ ਮਿਲ ਸਕਿਆ। 10 ਅਪ੍ਰੈਲ ਨੂੰ ਪਾਕਿਸਤਾਨ ਜਾਣ ਵਾਲਾ ਜਥਾ ਵੱਖ-ਵੱਖ ਗੁਰਧਾਮਾਂ ਦੇ ਦਰਸ਼ਨ ਕਰਕੇ 19 ਅਪ੍ਰੈਲ ਨੂੰ ਪਰਤੇਗਾ। ਸਕੱਤਰ ਨੇ ਕਿਹਾ ਕਿ ਜਿਨ੍ਹਾਂ ਸ਼ਰਧਾਲੂਆਂ ਦੇ ਵੀਜ਼ੇ ਲੱਗੇ ਹਨ, ਉਹ ਆਪਣੇ ਪਾਸਪੋਰਟ 9 ਅਪ੍ਰੈਲ ਨੂੰ ਦਫ਼ਤਰੀ ਸਮੇਂ ਦੌਰਾਨ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਤੋਂ ਪ੍ਰਾਪਤ ਕਰ ਸਕਣਗੇ। ਪਾਕਿਸਤਾਨ ਵੱਲੋਂ ਲਗਪਗ 2800 ਤੋਂ ਵੱਧ ਸਿੱਖ ਸ਼ਰਧਾਲੂਆਂ ਨੂੰ ਵੀਜ਼ੇ ਜਾਰੀ ਕੀਤੇ ਗਏ ਹਨ, ਜਿਨ੍ਹਾਂ ਵਿਚ ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ, ਹਰਿਆਣਾ ਕਮੇਟੀ ਤੇ ਹੋਰ ਸਿੱਖ ਸੰਸਥਾਵਾਂ ਦੇ ਸ਼ਰਧਾਲੂ ਸ਼ਾਮਲ ਹਨ। ਖਾਲਸਾ ਸਾਜਨਾ ਦਿਵਸ ਅਤੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਹਰ ਸਾਲ 3000 ਤੋਂ ਵੱਧ ਸ਼ਰਧਾਲੂ ਗੁਰੂਧਾਮਾਂ ਦੇ ਦਰਸ਼ਨ ਲਈ ਪਾਕਿਸਤਾਨ ਜਾਂਦੇ ਹਨ।

# APCA
AMERICAN PETROLEUM AND CONVENIENCE STORE ASSOCIATION

*APCA is a non-profit grassroots, membership based community organization providing representation for small to medium sized enterprises.*

# 12th Annual Trade Show

## Thursday April 9, 2026, 12:30 pm- 5:30 pm

at Sunrise Banquet Halls & Event Center
620 Orange Dr, Vacaville, CA 95687







ਟਰੇਡ ਸ਼ੋਅ ਵਿਚ ਹਿੱਸਾ ਲੈਣ ਲਈ ਲਿੰਕ 'ਤੇ ਕਲਿਕ ਕਰੋ।

To register as Attendee for Trade Show please type and click below link in your browser."


https://go.regform.com/#!/registration/32bpK5e/info

ਜੇ ਆਪਣੇ ਬਿਜ਼ਨੈਸ ਦਾ ਫਾਇਦਾ ਕਰਨਾ ਚਾਹੁੰਦੇ ਹੋ ਤਾਂ

ਇਸ ਟਰੇਡ ਸ਼ੋਅ ਵਿਚ ਹਿੱਸਾ ਲਵੋ।

Copyright @ Punjab Mail USA

*AMERICAN PETROLEUM AND CONVENIENCE STORE ASSOCIATION Presents*



# *Golf Tournament 2026*

*Supporting non- Profits*

## Children's Miracle Network

### Wednesday, April 8th, 2026

*Chardonnay Golf Course, Napa County, CA 94503*

*This is a popular event, sells out quickly, please RSVP ASAP*





*For More Information*

KEWAL KRISHAN: 510-290-7144 | kewal@apca.us

ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਪ੍ਰਗਟ ਕੀਤੇ

ਖਾਲਸਾ ਦੇ ਜਨਮ ਦਿਹਾੜੇ ਵਿਸਾਖੀ

ਦੀਆਂ ਲੱਖ-ਲੱਖ ਮੁਬਾਰਕਾਂ



RE/MAX

RE/MAX Outstanding Agents Outstanding Results DRE Lic. # 01215931 (Broker)



ਕੈਲੀਫੋਰਨੀਆ ਵਿਚ ਘਰ ਖਰੀਦਣ

ਜਾਂ ਵੇਚਣ ਲਈ ਸੰਪਰਕ ਕਰੋ।

Designed By Punjab Mail USA

Gurjatinder S. Randhawa

web: www.RealtorRandhawa.com

916-320-9444

garysingh123@yahoo.com

Gurjatinder S. Randhawa

REALTOR CA DRE licence # 01490567



# ਸਮੂਹ ਸਿੱਖ ਜਗਤ ਨੂੰ ਖਾਲਸਾ ਜੀ ਦੇ ਸਿਰਜਣਾ ਦਿਵਸ ਅਤੇ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ





Amolak Singh Gakhal, Iqbal Singh Gakhal, Palwinder Singh Gakhal

# A & I TRUCKING

COMMITMENT TO SERVICE

## ਅਮੋਲਕ ਸਿੰਘ ਗਾਖਲ (ਕਬੱਡੀ ਪ੍ਰਮੋਟਰ)

## ਇਕਬਾਲ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ




Gurvinder Singh Gakhal
Paramvir Singh Gakhal
Jaskaran Singh Gakhal
Karamvir Singh Gakhal
Amarvir Singh Gakhal

Amolak Singh Ghakhal
Iqbal Singh Ghakhal
Palwinder Singh Ghakhal

A & I Watsonville, CA
GAKHAL GROUP
GB Entertainment

123, E LEE ROAD WATSONVILLE, CA 95076

Designed By Punjab Mail USA




ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਿਹ

# ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ

## ਸੈਕਰਾਮੈਂਟੋ ਵੱਲੋਂ ਸਮੂਹ ਸਿੱਖ ਸੰਗਤ ਨੂੰ ਖਾਲਸਾ ਸਾਜਨਾ ਦਿਵਸ ਅਤੇ ਖੁਸ਼ੀਆਂ-ਖੇੜਿਆਂ ਦੇ ਤਿਉਹਾਰ ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾਂ।








**Randhir Singh Nijjar**

**Lakhy Singh | Sajjad Anwar**

# CAMP LOGISTICS

**TRANSPORATATION & BROKERAGE INC**

9365, Miko Circle, Elk Grove, CA 95624




## ਧੀਰਾ ਨਿੱਝਰ (ਖੇਡ ਪ੍ਰਮੋਟਰ)



ਸੱਚੇ ਪਾਤਸ਼ਾਹ ਸਾਹਿਬ

# ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਵਲੋਂ ਪ੍ਰਗਟ ਕੀਤੇ ਖਾਲਸਾ ਦੇ ਜਨਮ ਦਿਹਾੜੇ

**ਵਿਸਾਖੀ** ਦੀਆਂ ਲੱਖ-ਲੱਖ ਵਧਾਈਆਂ



JASSI SHERGILL



PARAMJIT S. KHAIRA



SAM BATH



PALWINDER SHERGILL

Designed By Punjab Mail USA

## ਸੈਮ ਬਾਠ, ਜਸਵਿੰਦਰ ਜੱਸੀ ਸ਼ੇਰਗਿੱਲ, ਪਰਮਜੀਤ ਸਿੰਘ ਖਹਿਰਾ,ਪਲਵਿੰਦਰ ਸ਼ੇਰਗਿੱਲ

- SAM BATH
- JASSI SHERGILL
- PARAMJIT SINGH KHAIRA
- PALWINDER SHERGILL

ਪੰਜਾਬੀ ਭਰਾਵਾਂ ਦਾ ਸੈਕਰਾਮੈਂਟ ਵਿਚ ਆਪਣੇ ਟਰੱਕ ਸਟਾਪ

**SAC VALLEY VELLERO**


7891, Stockton Blvd, Sacramento, CA 95823

ਟਰੱਕਾਂ ਵਾਲੇ ਭਰਾਵਾਂ ਲਈ ਹਰ ਸਹੂਲਤਾਂ ਨਾਲ ਲੈਸ ਟਰੱਕ ਸਟਾਪ

**WEST SAC AM PM TRUCK STOP**

4790, West Captial Avenue, West Sacramento, CA 95691

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਿਹ



# ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਪ੍ਰਗਟ ਕੀਤੇ ਖਾਲਸਾ ਦੇ ਜਨਮ ਦਿਹਾੜੇ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ




Designed By Punjab Mail USA

## ਪਰਗਟ ਸਿੰਘ ਸੰਧੂ

ਮੇਅਰ, ਗਾਲਟ ਸਿਟੀ

## PARGAT SINGH SANDHU

Mayor City of GALT, CALIFORNIA



ਦਸਮ ਪਿਤਾ

ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਵਲੋਂ ਪ੍ਰਗਟ ਕੀਤੇ ਖਾਲਸਾ ਦੇ ਜਨਮ ਦਿਹਾੜੇ

ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

# ਪਾਲ ਸਿਹੋਤਾ

ਪ੍ਰਧਾਨ, ਵੈਸਟ ਕੋਸਟ ਇੰਡੀਅਨ ਓਵਰਸੀਜ਼ ਕਾਂਗਰਸ

# Paul Sihota

Chairman, Indian Overseas Congress (California)

Royal Express, INC,

Smartway Express INC,

Smartway Logestic INC

www.royalexp.com

3545, East Date Ave. Fresno CA



ਪਾਲ ਸਿਹੋਤਾ

ਪ੍ਰਧਾਨ, ਐੱਨਆਰਆਈ ਸਭਾ, ਪੰਜਾਬ

ਪ੍ਰਧਾਨ,ਵੈਸਟ ਕੋਸਟ ਇੰਡੀਅਨ ਓਵਰਸੀਜ਼ ਕਾਂਗਰਸ

Designed By Punjab Mail USA




ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਪ੍ਰਗਟ ਕੀਤੇ
ਖਾਲਸਾ ਦੇ ਜਨਮ ਦਿਹਾੜੇ ਵਿਸਾਖੀ
ਦੀਆਂ ਲੱਖ-ਲੱਖ ਮੁਬਾਰਕਾਂ






Daljit Singh Basanti & Avtar Singh Basanti

Designed By Punjab Mail USA

Basanti Brothers, Reno




ਸੱਚੇ ਪਾਤਸ਼ਾਹ ਸਾਹਿਬ
ਸ੍ਰੀ ਗੁਰੂ ਗੋਬਿੰਦ ਸਿੰਘ ਜੀ
ਵਲੋਂ ਪ੍ਰਗਟ ਕੀਤੇ
ਖਾਲਸਾ ਦੇ ਜਨਮ ਦਿਹਾੜੇ
ਵਿਸਾਖੀ ਦੀਆਂ
ਲੱਖ-ਲੱਖ ਵਧਾਈਆਂ



CHARANJIT SINGH BATTH
RAISIN, GRAPE AND ALMOND GROWER

ਚਰਨਜੀਤ ਸਿੰਘ ਬਾਠ
ਸੋਗੀ ਦੇ ਬਾਦਸ਼ਾਹ

5434 W. KAMM AVENUE, CARUTHERS, CALIFORNIA 93609



# ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਪ੍ਰਗਟ ਕੀਤੇ ਖਾਲਸਾ ਦੇ ਜਨਮ ਦਿਹਾੜੇ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ




## ਡਾ. ਮਨਬੀਰ ਸਿੰਘ ਅਤੇ ਪਰਿਵਾਰ

Now Seeing Children and Providing Vaccines

- **Specialty (Apparent):** General Practice, Family Medicine, DOT/FMCSA Medical Exams.
- **Services:** Immigration exams, potential general surgical care.
- **Clinic:** Singh Manbir MD DOT FMCSA (Walk-ins welcome, appointments recommended).
- **Location Mentioned:** Commerce Center Dr., Bakersfield.
- Affiliation: Central Valley Surgical Specialists (CVSS) (suggests surgical capability).



**Dr Manbir Singh**

**SINGH MEDICAL**

**Bakersfield**

*PARALEGAL RELATED SERVICE*

3905 Hughes Lane, Suite E-1, Bakersfield, CA 93304, Phone: 661-827-1033 admin@singhmeds.com


PUNJAB MAIL USA
TV Channel, Newspaper, Radio
ਦੇਸ਼-ਵਿਦੇਸ਼ 'ਚ ਬੈਠੇ ਪੰਜਾਬ ਮੇਲ USA ਦੇ ਪਾਠਕਾਂ ਅਤੇ ਦਰਸ਼ਕਾਂ ਨੂੰ ਖਾਲਸਾ ਪੰਥ ਦੇ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ।
Punjab Mail USA
ਪੰਜਾਬ ਮੇਲ ਯੂ.ਐੱਸ.ਏ
TV Channel, Newspaper, Radio
24 Hours 7 Days
All over America, Canada, Australia & Europe
Gold # 2867, Gem # 375, TV Zon # 6888, Glow TV # 1828, Tashan # 131, Real TV etc.
For any Information & Advertisement Call at
+1-916-320-9444
Gurjatinder S. Randhawa
CEO & Chief Editor
Punjab Mail USA TV Channel & Newspaper
E-mail: punjabmailtv@gmail.com
Web: punjabmailusa.com
Iphone/Andriod App : Punjab Mail USA
Facebook Page : Punjab Mail USA

# ਭਾਰਤੀ ਹਵਾਈ ਸੈਨਾ ਦੇ ਮੁਖੀ ਏਅਰ ਚੀਫ ਮਾਰਸ਼ਲ ਏ.ਪੀ. ਸਿੰਘ ਅਮਰੀਕਾ ਦੇ ਦੌਰੇ 'ਤੇ ਪਹੁੰਚੇ

**ਵਾਸ਼ਿੰਗਟਨ, (ਰਾਜ ਗੋਗਨਾ/ ਪੰਜਾਬ ਮੇਲ)-** ਭਾਰਤੀ ਹਵਾਈ ਸੈਨਾ ਦੇ ਮੁਖੀ ਏਅਰ ਮਾਰਸ਼ਲ ਏ.ਪੀ. ਸਿੰਘ ਅਮਰੀਕਾ ਦੇ ਦੌਰੇ 'ਤੇ ਪਹੁੰਚੇ। ਇਸ ਦੌਰੇ ਦਾ ਮੁੱਖ ਉਦੇਸ਼ ਭਾਰਤ-ਅਮਰੀਕਾ ਰੱਖਿਆ ਸਾਂਝੇਦਾਰੀ ਨੂੰ ਹੋਰ ਮਜ਼ਬੂਤ ਕਰਨਾ ਹੈ। ਹਵਾਈ ਸੈਨਾ ਵਿਚ ਘਟਦੇ ਸਕੁਐਡਰਨ ਅਤੇ 114 ਰਾਫੇਲ ਜੈੱਟਾਂ ਦੇ ਸੌਦੇ ਨੂੰ ਪ੍ਰਵਾਨਗੀ ਦੇ ਵਿਚਕਾਰ ਇਹ ਦੌਰਾ ਰਣਨੀਤਕ ਤੌਰ 'ਤੇ ਬਹੁਤ ਮਹੱਤਵਪੂਰਨ ਹੈ, ਜਿਸ ਨਾਲ ਦੋਵਾਂ ਦੇਸ਼ਾਂ ਵਿਚਕਾਰ ਫੌਜੀ ਸਹਿਯੋਗ ਹੋਰ ਮਜ਼ਬੂਤ ਹੋਣਗੇ। ਅਮਰੀਕਾ ਵਿਚ ਭਾਰਤੀ ਰਾਜਦੂਤ ਵਿਨੈ ਕਵਾਤਰਾ ਨੇ ਇਹ ਜਾਣਕਾਰੀ ਦਿੱਤੀ ਹੈ। ਏਅਰ ਚੀਫ ਭਾਰਤ ਅਤੇ ਅਮਰੀਕਾ ਵਿਚਕਾਰ ਰੱਖਿਆ ਸਾਂਝੇਦਾਰੀ ਨੂੰ ਹੋਰ ਮਜ਼ਬੂਤ ਕਰਨ ਨਾਲ ਸਬੰਧਤ ਮੀਟਿੰਗਾਂ ਵਿਚ ਹਿੱਸਾ ਲੈਣਗੇ। ਮੰਨਿਆ ਜਾ ਰਿਹਾ ਹੈ ਕਿ ਇਸ ਨਾਲ ਅਮਰੀਕਾ ਅਤੇ ਭਾਰਤੀ ਹਵਾਈ ਸੈਨਾਵਾਂ ਦੇ ਸਬੰਧ ਹੋਰ ਮਜ਼ਬੂਤ ਹੋਣਗੇ। ਅਮਰੀਕਾ ਵਿਚ ਭਾਰਤ ਦੇ ਰਾਜਦੂਤ ਵਿਨੈ ਕਵਾਤਰਾ ਨੇ ਟਵਿੱਟਰ 'ਤੇ ਇੱਕ ਫੋਟੋ ਸਾਂਝੀ ਅਤੇ ਪੋਸਟ ਕੀਤੀ, ਜਿਸ ਵਿਚ ਉਨ੍ਹਾਂ ਕਿਹਾ ਕਿ ਹਵਾਈ ਸੈਨਾ ਦੇ ਮੁਖੀ ਏਅਰ ਚੀਫ ਮਾਰਸ਼ਲ ਅਮਰਪ੍ਰੀਤ ਸਿੰਘ ਦੀ ਮੇਜ਼ਬਾਨੀ ਅਤੇ ਸਵਾਗਤ ਕਰਨਾ ਉਨ੍ਹਾਂ ਲਈ ਖੁਸ਼ੀ ਦੀ ਗੱਲ ਹੈ, ਜੋ ਭਾਰਤ-ਅਮਰੀਕਾ ਦੀ ਰੱਖਿਆ ਸਾਂਝੇਦਾਰੀ ਨੂੰ ਹੋਰ ਮਜ਼ਬੂਤ ਕਰਨ ਅਤੇ ਦੋਵਾਂ ਹਵਾਈ ਸੈਨਾਵਾਂ ਵਿਚਕਾਰ ਮਜ਼ਬੂਤ ਅਤੇ ਵਧਦੇ ਸਬੰਧਾਂ ਨੂੰ ਬਣਾਈ ਰੱਖਣ ਲਈ ਅਮਰੀਕਾ ਦੇ ਆਪਣੇ ਦੌਰੇ 'ਤੇ ਆਏ ਹਨ।



# ਟਰੰਪ ਨੇ ਕੈਲੀਫੋਰਨੀਆ ਗਵਰਨਰ ਦੀ ਚੋਣ ਲਈ ਸਟੀਵ ਹਿਲਟਨ ਨੂੰ ਦਿੱਤਾ ਸਮਰਥਨ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ 6 ਅਪ੍ਰੈਲ ਨੂੰ ਕੈਲੀਫੋਰਨੀਆ ਦੇ ਗਵਰਨਰ ਦੀ ਹੋਣ ਵਾਲੀ ਚੋਣ ਲਈ ਬ੍ਰਿਟਿਸ਼ ਸਰਕਾਰ ਦੇ ਸਾਬਕਾ ਸਲਾਹਕਾਰ ਅਤੇ ਫਾਕਸ ਨਿਊਜ਼ ਦੇ ਹੋਸਟ ਸਟੀਵ ਹਿਲਟਨ ਦਾ ਸਮਰਥਨ ਕਰਨ ਦਾ ਐਲਾਨ ਕੀਤਾ ਹੈ।



ਦੋਹਰੀ ਨਾਗਰਿਕਤਾ ਰੱਖਣ ਵਾਲੇ ਸਟੀਵ ਹਿਲਟਨ ਨੇ ਬ੍ਰਿਟੇਨ ਦੇ ਸਾਬਕਾ ਪ੍ਰਧਾਨ ਮੰਤਰੀ ਡੇਵਿਡ ਕੈਮਰਨ ਦੇ ਰਣਨੀਤੀ ਨਿਰਦੇਸ਼ਕ ਵਜੋਂ ਸੇਵਾ ਨਿਭਾਈ ਸੀ। ਉਹ 2012 ਵਿਚ ਡਾਊਨਿੰਗ ਸਟ੍ਰੀਟ ਛੱਡ ਕੇ ਕੈਲੀਫੋਰਨੀਆ ਆ ਗਏ ਸਨ।

ਟਰੰਪ ਨੇ 'ਟਰੂਥ ਸੋਸ਼ਲ' 'ਤੇ ਲਿਖਿਆ, "ਮੈਂ ਸਟੀਵ ਹਿਲਟਨ ਨੂੰ ਕਈ ਸਾਲਾਂ ਤੋਂ ਜਾਣਦਾ ਹਾਂ ਅਤੇ ਉਨ੍ਹਾਂ ਦਾ ਸਤਿਕਾਰ ਕਰਦਾ ਹਾਂ... ਸੰਘੀ ਮਦਦ ਅਤੇ ਸਟੀਵ ਹਿਲਟਨ ਵਰਗੇ ਮਹਾਨ ਗਵਰਨਰ ਨਾਲ ਕੈਲੀਫੋਰਨੀਆ ਪਹਿਲਾਂ ਨਾਲੋਂ ਕਿਤੇ ਬਿਹਤਰ ਹੋ ਸਕਦਾ ਹੈ! ਸਟੀਵ ਹਿਲਟਨ ਨੂੰ ਮੇਰਾ ਪੂਰਨ ਅਤੇ ਕੁੱਲ ਸਮਰਥਨ ਹੈ।"

ਕੈਲੀਫੋਰਨੀਆ ਦੇ ਕਾਨੂੰਨ ਅਨੁਸਾਰ, 2 ਜੂਨ ਨੂੰ ਹੋਣ ਵਾਲੀ ਪ੍ਰਾਇਮਰੀ ਚੋਣ ਵਿਚ ਸਿਖਰਲੇ ਦੋ ਸਥਾਨਾਂ 'ਤੇ ਰਹਿਣ ਵਾਲੇ ਉਮੀਦਵਾਰ ਨਵੰਬਰ ਦੀ ਮੁੱਖ ਚੋਣ ਵਿਚ ਜਾਣਗੇ, ਚਾਹੇ ਉਹ ਕਿਸੇ ਵੀ ਪਾਰਟੀ ਨਾਲ ਸਬੰਧਤ ਹੋਣ। ਸਟੀਵ ਹਿਲਟਨ ਅਤੇ ਰਿਵਰਸਾਈਡ ਕਾਉਂਟੀ ਦੇ ਸ਼ੈਰਿਫ ਚੈਡ ਬਿਆਂਕੋ ਦੋਵੇਂ ਹੀ ਟਰੰਪ ਦੇ ਸਮਰਥਕ ਹਨ। ਉਨ੍ਹਾਂ ਦੀ ਮੁਹਿੰਮ ਮੁੱਖ ਤੌਰ 'ਤੇ ਰਾਜ ਦੇ ਮੁੱਦਿਆਂ ਜਿਵੇਂ ਕਿ ਅਪਰਾਧ ਅਤੇ ਉੱਚ ਟੈਕਸਾਂ 'ਤੇ ਕੇਂਦਰਿਤ ਹੈ। ਚੋਣ ਸਰਵੇਖਣਾਂ ਅਨੁਸਾਰ ਰਿਪਬਲਿਕਨ ਉਮੀਦਵਾਰਾਂ ਦਾ ਮੁਕਾਬਲਾ ਤਿੰਨ ਪ੍ਰਮੁੱਖ ਡੈਮੋਕ੍ਰੇਟਸ-ਅਮਰੀਕੀ ਪ੍ਰਤੀਨਿਧੀ ਐਰਿਕ ਸਵਾਲਵੈਲ, ਸਾਬਕਾ ਪ੍ਰਤੀਨਿਧੀ ਕੇਟੀ ਪੋਰਟਰ ਅਤੇ ਅਰਬਪਤੀ ਕਾਰਕੁਨ ਟੌਮ ਸਟੀਅਰ ਨਾਲ ਹੈ।

# ਅਮਰੀਕਾ ਦੇ ਇੰਡੀਆਨਾ ਸੂਬੇ 'ਚ 1790 ਤੋਂ ਵੱਧ ਕਮਰਸ਼ੀਅਲ ਡਰਾਈਵਰ ਲਾਇਸੰਸ ਰੱਦ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਟਰੰਪ ਪ੍ਰਸ਼ਾਸਨ ਵੱਲੋਂ ਪ੍ਰਵਾਸੀਆਂ ਖ਼ਿਲਾਫ਼ ਛੇੜੀ ਗਈ ਸਖ਼ਤ ਕਾਰਵਾਈ ਲਗਾਤਾਰ ਜਾਰੀ ਹੈ। ਅਮਰੀਕਾ ਤੇ ਇਰਾਨ ਨਾਲ ਚੱਲ ਰਹੀ ਜੰਗ ਵਿਚਾਲੇ ਕੈਲੀਫੋਰਨੀਆ ਤੋਂ ਬਾਅਦ ਹੁਣ ਇੰਡੀਆਨਾ ਸੂਬੇ ਨੇ ਵੀ ਪ੍ਰਵਾਸੀ ਡਰਾਈਵਰਾਂ 'ਤੇ ਸ਼ਿਕੰਜਾ ਕੱਸਦਿਆਂ 1,790 ਨਾਨ-ਡੋਮੀਸਾਈਲ ਕਮਰਸ਼ੀਅਲ ਡਰਾਈਵਰ ਲਾਇਸੰਸ (ਸੀ.ਡੀ.ਐੱਲਜ਼) ਰੱਦ ਕਰ ਦਿੱਤੇ ਹਨ। ਇਸ ਫੈਸਲੇ ਨੇ ਅਮਰੀਕਾ ਵਿਚ ਟਰੱਕ ਚਲਾ ਕੇ ਆਪਣੀ ਰੋਜ਼ੀ-ਰੋਟੀ ਕਮਾ ਰਹੇ ਹਜ਼ਾਰਾਂ ਪੰਜਾਬੀ ਨੌਜਵਾਨਾਂ ਨੂੰ ਫਿਕਰਾਂ 'ਚ ਪਾ ਦਿੱਤਾ ਹੈ। ਇੰਡੀਆਨਾ ਦੇ ਲੈਫਟੀਨੈਂਟ ਗਵਰਨਰ ਮਾਈਕਾ ਬੈਕਵਿਥ ਅਨੁਸਾਰ, ਹੁਣ ਡਰਾਈਵਰਾਂ ਕੋਲ ਤਿੰਨ ਮਨਜ਼ੂਰਸ਼ੁਦਾ ਵਰਕ ਵੀਜ਼ਾ (ਐੱਚ-2ਏ, ਐੱਚ-2ਬੀ ਜਾਂ ਈ-2) 'ਚੋਂ ਇੱਕ ਦਾ ਹੋਣਾ ਲਾਜ਼ਮੀ ਹੈ। ਨਵੇਂ ਨਿਯਮਾਂ ਤਹਿਤ ਹੁਣ ਡਰਾਈਵਰਾਂ ਲਈ ਅੰਗਰੇਜ਼ੀ ਭਾਸ਼ਾ ਵਿਚ ਮੁਹਾਰਤ ਸਾਬਤ ਕਰਨਾ ਵੀ ਜ਼ਰੂਰੀ ਹੋਵੇਗਾ।

ਇਨ੍ਹਾਂ ਨਿਯਮਾਂ ਦੀ ਉਲੰਘਣਾ ਕਰਦੇ ਹੋਏ ਜੇਕਰ ਕੋਈ ਮਾਲਕ ਬਿਨਾਂ ਵੈਲਿਡ ਲਾਇਸੰਸ ਵਾਲੇ ਗੈਰ-ਕਾਨੂੰਨੀ ਡਰਾਈਵਰ ਨੂੰ ਕੰਮ 'ਤੇ ਰੱਖਦਾ ਹੈ, ਤਾਂ ਉਸ ਨੂੰ 50,000 ਡਾਲਰ ਤੱਕ ਦਾ ਜੁਰਮਾਨਾ ਭਰਨਾ ਪਵੇਗਾ। ਇਹ ਕਾਰਵਾਈ ਪ੍ਰਵਾਸੀਆਂ ਦੇ ਟਰੱਕਾਂ ਨਾਲ ਵਾਪਰੇ ਭਿਆਨਕ ਹਾਦਸਿਆਂ ਤੋਂ ਬਾਅਦ ਕੀਤੀ ਗਈ ਹੈ, ਜਿਸ ਵਿਚ ਫਰਵਰੀ 2026 ਵਿਚ ਇੱਕ ਪੰਜਾਬੀ ਡਰਾਈਵਰ ਸੁਖਦੇਵ ਸਿੰਘ ਤੇ ਬੀਤੇ ਸਾਲ ਹਰਜਿੰਦਰ ਸਿੰਘ ਵੱਲੋਂ ਯੂ-ਟਰਨ ਦੌਰਾਨ ਵਾਪਰਿਆ ਭਿਆਨਕ ਹਾਦਸਾ ਸ਼ਾਮਲ ਹੈ, ਜਿਸ ਦੌਰਾਨ 4 ਅਮਰੀਕੀ ਨਾਗਰਿਕਾਂ ਦੀ ਜਾਨ ਚਲੀ ਗਈ ਸੀ।

# 2030 ਤੱਕ ਚੰਦਰਮਾ 'ਤੇ ਪਹਿਲਾ ਸਥਾਈ ਕੇਂਦਰ ਸਥਾਪਤ ਕਰੇਗਾ ਅਮਰੀਕਾ! ਬਿੱਲ ਪੇਸ਼

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਕਾਂਗਰਸਮੈਨ ਕੀਥ ਸੈਲਫ ਨੇ ਇੱਕ ਨਵਾਂ ਬਿੱਲ ਪੇਸ਼ ਕੀਤਾ ਹੈ, ਜਿਸ ਵਿਚ ਨਾਸਾ ਨੂੰ 2030 ਤੱਕ ਚੰਦਰਮਾ 'ਤੇ ਪਹਿਲਾ ਸਥਾਈ ਕੇਂਦਰ (ਆਊਟਪੋਸਟ) ਸਥਾਪਤ ਕਰਨ ਦਾ ਨਿਰਦੇਸ਼ ਦਿੱਤਾ ਗਿਆ ਹੈ। ਇਹ ਕਦਮ ਪੁਲਾੜ ਦੇ ਖੇਤਰ ਵਿਚ ਚੀਨ ਵੱਲੋਂ ਵਧਦੀ ਚੁਣੌਤੀ ਦੇ ਦਰਮਿਆਨ ਅਮਰੀਕੀ ਲੀਡਰਸ਼ਿਪ ਨੂੰ ਬਰਕਰਾਰ ਰੱਖਣ ਲਈ ਬਹੁਤ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ।



ਅਮਰੀਕੀ ਕਾਂਗਰਸਮੈਨ ਕੀਥ ਸੈਲਫ

ਕਾਂਗਰਸਮੈਨ ਸੈਲਫ ਨੇ ਇਹ ਬਿੱਲ ਆਰਟੇਮਿਸ-2 (Artemis II) ਮਿਸ਼ਨ ਦੇ ਲਾਂਚ ਹੋਣ ਤੋਂ ਅਗਲੇ ਦਿਨ ਪੇਸ਼ ਕੀਤਾ। ਇਸ ਬਿੱਲ ਵਿਚ ਚੰਦਰਮਾ 'ਤੇ ਪਹਿਲੇ ਸਥਾਈ ਬੁਨਿਆਦੀ ਢਾਂਚੇ ਲਈ 31 ਦਸੰਬਰ, 2030 ਦੀ ਸਮਾਂ-ਸੀਮਾ ਤੈਅ ਕੀਤੀ ਗਈ ਹੈ। ਸੈਲਫ ਅਨੁਸਾਰ, ਸਿਰਫ਼ ਚੰਦਰਮਾ ਦੇ ਚੱਕਰ ਲਗਾਉਣਾ ਹੀ ਕਾਫ਼ੀ ਨਹੀਂ ਹੈ, ਸਗੋਂ ਉੱਥੇ ਸਥਾਈ ਤੌਰ 'ਤੇ ਮੌਜੂਦਗੀ ਦਰਜ ਕਰਵਾਉਣਾ ਰਣਨੀਤਕ ਤੌਰ 'ਤੇ ਜ਼ਰੂਰੀ ਹੈ।

ਬਿੱਲ ਵਿਚ ਨਾਸਾ ਨੂੰ ਚੰਦਰਮਾ ਦੇ ਦੱਖਣੀ ਧਰੁਵ 'ਤੇ ਕੇਂਦਰ ਸਥਾਪਤ ਕਰਨ ਲਈ ਕਿਹਾ ਗਿਆ ਹੈ। ਇਹ ਖੇਤਰ 'ਵਾਟਰ ਆਈਸ' (ਜਿਸ ਤੋਂ ਰਾਕੇਟ ਬਾਲਣ ਬਣ ਸਕਦਾ ਹੈ), ਹੀਲੀਅਮ-3 ਅਤੇ ਹੋਰ ਦੁਰਲੱਭ ਤੱਤਾਂ ਦੀ ਮੌਜੂਦਗੀ ਕਾਰਨ ਬਹੁਤ ਅਹਿਮ ਹੈ। ਚੰਦਰਮਾ ਦੇ ਸਰੋਤਾਂ ਦੀ ਵਰਤੋਂ ਪੁਲਾੜ ਵਿਚ ਨਿਰਮਾਣ, ਮਾਈਨਿੰਗ (ਖਣਨ) ਅਤੇ ਉਸਾਰੀ ਦੇ ਨਵੇਂ ਦੌਰ ਦੀ ਸ਼ੁਰੂਆਤ ਕਰੇਗੀ।

ਕਈ ਨਿੱਜੀ ਕੰਪਨੀਆਂ ਪਹਿਲਾਂ ਹੀ ਇਸ ਤਕਨਾਲੋਜੀ 'ਤੇ ਕੰਮ ਕਰ ਰਹੀਆਂ ਹਨ, ਪਰ ਉਨ੍ਹਾਂ ਨੂੰ ਸਰਕਾਰੀ ਸਹਿਯੋਗ ਅਤੇ ਸਥਾਈ ਮੌਜੂਦਗੀ ਦੀ ਲੋੜ ਹੈ। ਕਾਂਗਰਸਮੈਨ ਨੇ ਚੀਨ ਦੀ ਪੁਲਾੜ ਏਜੰਸੀ (ਸੀ.ਐੱਨ.ਐੱਸ.ਏ.) ਨਾਲ ਵਧਦੀ ਮੁਕਾਬਲੇਬਾਜ਼ੀ 'ਤੇ ਜ਼ੋਰ ਦਿੱਤਾ ਹੈ। ਚੀਨ ਨੇ ਵੀ ਇਸੇ ਦਹਾਕੇ ਦੇ ਅੰਤ ਤੱਕ ਚੰਦਰਮਾ 'ਤੇ ਖੋਜ ਕੇਂਦਰ ਸਥਾਪਤ ਕਰਨ ਦੀ ਯੋਜਨਾ ਬਣਾਈ ਹੈ। ਸੈਲਫ ਨੇ ਕਿਹਾ, "ਜਿਹੜਾ ਦੇਸ਼ ਚੰਦਰਮਾ ਦੀ ਸਤ੍ਹਾ 'ਤੇ ਸਰੀਰਕ ਤੌਰ 'ਤੇ ਮੌਜੂਦਗੀ ਸਥਾਪਤ ਕਰੇਗਾ, ਉਹੀ ਸਾਰਿਆਂ ਲਈ ਨਿਯਮ ਤੈਅ ਕਰੇਗਾ।"

ਵਰਤਮਾਨ 'ਚ ਚੱਲ ਰਿਹਾ ਆਰਟੇਮਿਸ-2 ਮਿਸ਼ਨ 1972 ਤੋਂ ਬਾਅਦ ਪਹਿਲੀ ਵਾਰ ਚਾਰ ਪੁਲਾੜ ਯਾਤਰੀਆਂ ਨੂੰ ਚੰਦਰਮਾ ਦੇ ਨੇੜੇ ਲੈ ਕੇ ਜਾ ਰਿਹਾ ਹੈ। ਸੈਲਫ ਦਾ ਤਰਕ ਹੈ ਕਿ ਸਥਾਈ ਚੰਦਰਮਾ ਕੇਂਦਰ ਦਾ ਮਤਲਬ ਹੈ-ਅਮਰੀਕੀ ਨੌਕਰੀਆਂ, ਅਮਰੀਕੀ ਕਾਢਾਂ ਅਤੇ ਚੰਦਰਮਾ ਦੀ ਮਿੱਟੀ 'ਚ ਮਜ਼ਬੂਤੀ ਨਾਲ ਗੱਡੇ ਹੋਏ ਅਮਰੀਕੀ ਝੰਡੇ। ਇਹ ਬਿੱਲ ਪਹਿਲਾਂ 'ਨਾਸਾ ਰੀ-ਆਥੋਰਾਈਜ਼ੇਸ਼ਨ ਐਕਟ' ਦਾ ਹਿੱਸਾ ਸੀ, ਪਰ ਹੁਣ ਇਸ ਨੂੰ ਸੁਤੰਤਰ ਬਿੱਲ ਵਜੋਂ ਮੁੜ ਪੇਸ਼ ਕੀਤਾ ਗਿਆ ਹੈ, ਤਾਂ ਜੋ ਇਸ 'ਤੇ ਤੇਜ਼ੀ ਨਾਲ ਕਾਰਵਾਈ ਹੋ ਸਕੇ।




ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਪ੍ਰਗਟ ਕੀਤੇ ਖਾਲਸਾ ਦੇ ਜਨਮ ਦਿਹਾੜੇ ਅਤੇ ਖੁਸ਼ੀਆਂ-ਖੇੜੇ ਦੇ ਤਿਉਹਾਰ ਵਿਸਾਖੀ ਦੀਆਂ ਸਮੂਹ ਸਿੱਖ ਸੰਗਤ ਨੂੰ ਲੱਖ-ਲੱਖ ਮੁਬਾਰਕਾਂ

Jaspreet Singh
Attorney at Law



ਅਮਰੀਕਾ ਦੀ ਇਮੀਗ੍ਰੇਸ਼ਨ
ਰਿਫਿਊਜ਼ੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ ਵਿਆਹ,
ਐਚ.1 ਵੀਜ਼ਾ, ਲੇਬਰ ਸਰਟੀਫਿਕੇਟ ਦੇ ਕੇਸਾਂ ਲਈ
ਅਟਾਰਨੀ ਐਟ ਲਾਅ, ਨਿਊਯਾਰਕ ਅਤੇ ਕੈਲੀਫੋਰਨੀਆ

ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ

Designed By Punjab Mail USA

SACRAMENTO
5855 Auburn Blvd,
Sacramento, CA 95841,
+1-916-307-4620

FRESNO
1625 E Shaw Ave
#122, Fresno,
CA 93726
559-271-5511

FREMONT
3155 KEARNEY ST,
SUITE #248,
FREMONT, CA 94538.
+1-510-657-6444

NEWYORK
108-14 Jamaica Ave,
Richmond Hill,
NY 11418
Phone: 718-533-8444

# ਟਰੰਪ ਪ੍ਰਸ਼ਾਸਨ ’ਚ ਵੱਡੇ ਫੇਰਬਦਲ ਦੇ ਆਸਾਰ

- ਟਰੰਪ ਦੀ ਮਕਬੂਲੀਅਤ ’ਚ ਆਈ ਗਿਰਾਵਟ
- ਤੁਲਸੀ ਗਬਾਰਡ ਅਤੇ ਲੁਟਨਿਕ ’ਤੇ ਤਲਵਾਰ ਲਟਕੀ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਜ਼ਰਾਈਲ ਨਾਲ ਮਿਲ ਕੇ ਇਰਾਨ ’ਤੇ ਹਮਲਾ ਤਾਂ ਕਰ ਦਿੱਤਾ ਪਰ ਮੁਲਕ ’ਚ ਉਨ੍ਹਾਂ ਨੂੰ ਜੰਗ ਲਈ ਢੁੱਕਵੀਂ ਹਮਾਇਤ ਨਹੀਂ ਮਿਲ ਰਹੀ। ਇਸ ਤੋਂ ਖਿਝ ਕੇ ਟਰੰਪ ਆਪਣੇ ਨੇੜਲੇ ਸਹਿਯੋਗੀਆਂ ਨੂੰ ਅਹੁਦਿਆਂ ਤੋਂ ਹਟਾ ਰਹੇ ਹਨ। ਹਾਲਾਤ ਇਹ ਬਣ ਗਏ ਹਨ ਕਿ ਲੋਕਾਂ ’ਚ ਵੀ ਉਨ੍ਹਾਂ ਦੀ ਮਕਬੂਲੀਅਤ ਲਗਾਤਾਰ ਘੱਟ ਰਹੀ ਹੈ। ਅਟਾਰਨੀ ਜਨਰਲ ਪੈਮ ਬੋਂਡੀ ਨੂੰ ਹਟਾਉਣ ਮਗਰੋਂ ਕੌਮੀ ਇੰਟੈਲੀਜੈਂਸ ਦੀ ਡਾਇਰੈਕਟਰ ਤੁਲਸੀ ਗਬਾਰਡ ਅਤੇ ਵਣਜ ਮਾਮਲਿਆਂ ਬਾਰੇ ਮੰਤਰੀ ਹਾਵਰਡ ਲੁਟਨਿਕ ਦੇ ਅਹੁਦਿਆਂ ’ਤੇ ਵੀ ਤਲਵਾਰ ਲਟਕ ਗਈ ਹੈ। ਟਰੰਪ ਦੀ ਰੇਟਿੰਗ ’ਚ ਲਗਾਤਾਰ ਗਿਰਾਵਟ ਦਰਜ ਹੋ ਰਹੀ ਹੈ ਅਤੇ ਨਵੰਬਰ ’ਚ ਹੋਣ ਵਾਲੀਆਂ ਚੋਣਾਂ ਦਾ ਦਬਾਅ ਰਿਪਬਲਿਕਨ ਆਗੂਆਂ ’ਤੇ ਪੈ ਰਿਹਾ ਹੈ। ਕੁਝ ਭਾਈਵਾਲਾਂ ਨੇ ਕਿਹਾ ਕਿ ਟਰੰਪ ਵੱਲੋਂ ਰਾਸ਼ਟਰ ਦੇ ਨਾਮ ਦਿੱਤੇ ਸੁਨੇਹੇ ’ਚ ਇਰਾਨ ਜੰਗ ’ਤੇ ਕੰਟਰੋਲ ਹੋਣ ਦਾ ਦਾਅਵਾ ਕੀਤਾ ਗਿਆ ਪਰ ਉਨ੍ਹਾਂ ਦੀ ਇਸ ਕੋਸ਼ਿਸ਼ ਨੂੰ ਬੂਰ ਨਹੀਂ ਪਿਆ। ਤਾਜ਼ਾ ਸਰਵੇਖਣ ’ਚ ਸਿਰਫ਼



36 ਫ਼ੀਸਦੀ ਅਮਰੀਕੀਆਂ ਨੇ ਟਰੰਪ ਦੀ ਕਾਰਗੁਜ਼ਾਰੀ ਨੂੰ ਵਧੀਆ ਦੱਸਿਆ, ਜੋ ਉਨ੍ਹਾਂ ਦੇ ਮੌਜੂਦਾ ਕਾਰਜਕਾਲ ’ਚ ਸਭ ਤੋਂ ਘੱਟ ਹੈ। ਅਮਰੀਕਾ ਅਤੇ ਇਜ਼ਰਾਈਲ ਵੱਲੋਂ ਇਰਾਨ ਨਾਲ ਜੰਗ ਛੇੜਨ ਦੇ ਫ਼ੈਸਲੇ ਨੂੰ 60 ਫ਼ੀਸਦੀ ਲੋਕਾਂ ਨੇ ਨਕਾਰ ਦਿੱਤਾ, ਜੋ ਟਰੰਪ ਲਈ ਵੱਡਾ ਝਟਕਾ ਹੈ। ਟਰੰਪ ਇਸ ਗੱਲੋਂ ਵੀ ਨਾਰਾਜ਼ ਹਨ ਕਿ ਮੀਡੀਆ ਇਰਾਨ ਜੰਗ ਦੀ ਢੁੱਕਵੀਂ ਕਵਰੇਜ ਨਹੀਂ ਕਰ ਰਿਹਾ।

ਤੁਲਸੀ ਗਬਾਰਡ ਵਿਦੇਸ਼ ’ਚ ਅਮਰੀਕੀ ਫ਼ੌਜੀ ਕਾਰਵਾਈਆਂ ਦੀ ਆਲੋਚਨਾ ਕਰਦੀ ਆ ਰਹੀ ਹੈ। ਉਨ੍ਹਾਂ ਬੀਤੇ ਸਾਲ ਜੂਨ ’ਚ ਵੀਡੀਓ ਜਾਰੀ ਕਰਕੇ ਜੰਗ ਦੀ ਵਕਾਲਤ ਕਰਨ ਵਾਲੇ ਸਿਆਸੀ ਆਗੂਆਂ ਦੀ ਲਾਹ-ਪਾਹ ਕੀਤੀ ਸੀ, ਜਿਸ ਕਾਰਨ ਵ੍ਹਾਈਟ ਹਾਊਸ ਖ਼ਫ਼ਾ ਹੋ ਗਿਆ ਸੀ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :
www.punjabmailusa.com

## ਵਾਸ਼ਿੰਗਟਨ ਡੀ.ਸੀ ਦੇ ਮੇਅਰ ਦੀ ਦੌੜ ’ਚ ਭਾਰਤੀ ਮੂਲ ਦੀ ਰਿਨੀ ਸੰਪਤ

ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)- ਤਾਮਿਲਨਾਡੂ ’ਚ ਪੈਦਾ ਹੋਈ ਰਿਨੀ ਸੰਪਤ



ਵਾਸ਼ਿੰਗਟਨ ਡੀ.ਸੀ. ਦੇ ਮੇਅਰ ਅਹੁਦੇ ਦੀ ਚੋਣ ਵਿਚ ਹਿੱਸਾ ਲੈਣ ਵਾਲੀ ਪਹਿਲੀ ਦੱਖਣੀ ਏਸ਼ੀਆਈ ਉਮੀਦਵਾਰ ਬਣ ਗਈ ਹੈ। ਡੈਮੋਕ੍ਰੇਟਿਕ ਪਾਰਟੀ ਦੀ 31 ਸਾਲਾ ਸਰਕਾਰੀ ਕੰਟਰੈਕਟਰ ਦੀ ਚੋਣ ਮੁਹਿੰਮ ‘ਬੁਨਿਆਦੀ ਚੀਜ਼ਾਂ ਨੂੰ ਠੀਕ ਕਰੋ’ ਦੇ ਵਿਸ਼ੇ ਅਤੇ ‘ਇੱਕ ਨਵੇਂ ਡੀ.ਸੀ.’ ਦੇ ਵਾਅਦੇ ’ਤੇ ਆਧਾਰਿਤ ਹੈ। ਸੰਪਤ ਨੇ ਆਪਣੀ ਚੋਣ ਵੈੱਬਸਾਈਟ ’ਤੇ ਕਿਹਾ ਹੈ ਕਿ ਉਹ ਕੋਈ ਰਵਾਇਤੀ ਸਿਆਸਤਦਾਨ ਨਹੀਂ ਹੈ ਅਤੇ ਕਿਸੇ ਵਿਸ਼ੇਸ਼ ਹਿੱਤ ਸਮੂਹ ਨਾਲ ਉਸਦਾ ਕੋਈ ਸਬੰਧ ਨਹੀਂ ਹੈ, ਸਗੋਂ ਹੁਣ ਸਮਾਂ ਆ ਗਿਆ ਹੈ ਕਿ ਕੋਈ ਬਾਹਰੀ ਵਿਅਕਤੀ ਸ਼ਹਿਰ ਦੀਆਂ ਬੁਨਿਆਦੀ ਸੇਵਾਵਾਂ ਨੂੰ ਸੁਧਾਰਨ ’ਤੇ ਪੂਰੀ ਤਰ੍ਹਾਂ ਧਿਆਨ ਕੇਂਦਰਿਤ ਕਰੇ। ਤਾਮਿਲਨਾਡੂ ਦੇ ਥੇਨੀ ਵਿਚ ਜੰਮੀ ਸੰਪਤ ਸੱਤ ਸਾਲ ਦੀ ਉਮਰ ਵਿਚ ਅਮਰੀਕਾ ਆ ਗਈ ਸੀ ਅਤੇ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਵਾਸ਼ਿੰਗਟਨ ਡੀ.ਸੀ. ਵਿਚ ਰਹਿ ਰਹੀ ਹੈ। ਉਸ ਨੇ ਭਰੋਸਾ ਜਤਾਇਆ ਕਿ ਮਹਿਜ਼ ਚਾਰ ਹਫ਼ਤਿਆਂ ਵਿਚ ਹੀ ਉਸ ਨੇ ਇਤਿਹਾਸ ਰਚ ਦਿੱਤਾ ਹੈ ਅਤੇ ਉਸ ਕੋਲ ਜਿੱਤ ਦਾ ਅਸਲ ਰਾਹ ਮੌਜੂਦ ਹੈ।

## ਵ੍ਹਾਈਟ ਹਾਊਸ ਨੇੜੇ ਫਾਇਰਿੰਗ ਤੋਂ ਬਾਅਦ ਸੁਰੱਖਿਆ ਏਜੰਸੀਆਂ ਹਾਈ ਅਲਰਟ ’ਤੇ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀ.ਸੀ. ਵਿਚ ਉਸ ਸਮੇਂ ਹੜਕੰਪ ਮਚ ਗਿਆ, ਜਦੋਂ ਵ੍ਹਾਈਟ ਹਾਊਸ ਦੇ ਬਿਲਕੁਲ ਨੇੜੇ ਸਥਿਤ ਲਾਫਾਇਟ ਪਾਰਕ ਵਿਚ ਫਾਇਰਿੰਗ ਹੋਣ ਦੀ ਖ਼ਬਰ ਸਾਹਮਣੇ ਆਈ। ਇਹ ਘਟਨਾ ਐਤਵਾਰ ਰਾਤ ਕਰੀਬ 1 ਵਜੇ ਵਾਪਰੀ, ਜੋ ਕਿ ਵ੍ਹਾਈਟ ਹਾਊਸ ਦੇ ਉੱਤਰੀ ਪਾਸੇ ਸਥਿਤ ਹੈ। ਹਾਲਾਂਕਿ, ਇਸ ਘਟਨਾ ਵਿਚ ਕਿਸੇ ਦੇ ਜ਼ਖਮੀ ਹੋਣ ਦੀ ਕੋਈ ਸੂਚਨਾ ਨਹੀਂ ਮਿਲੀ ਹੈ।

ਗੋਲੀਬਾਰੀ ਦੀ ਸੂਚਨਾ ਮਿਲਦੇ ਹੀ ਯੂਨਾਈਟਿਡ ਸਟੇਟਸ ਸੀਕਰੇਟ ਸਰਵਿਸ, ਮੈਟਰੋਪੋਲੀਟਨ ਪੁਲਿਸ ਵਿਭਾਗ ਅਤੇ ਯੂਨਾਈਟਿਡ ਸਟੇਟਸ ਪਾਰਕ ਪੁਲਿਸ ਨੇ ਤੁਰੰਤ ਮੌਕੇ ’ਤੇ ਪਹੁੰਚ ਕੇ ਪੂਰੇ ਇਲਾਕੇ ਵਿਚ ਤਲਾਸ਼ੀ ਮੁਹਿੰਮ ਸ਼ੁਰੂ ਕਰ ਦਿੱਤੀ। ਸੁਰੱਖਿਆ ਦੇ ਮੱਦੇਨਜ਼ਰ ਵ੍ਹਾਈਟ ਹਾਊਸ ਦੇ ਆਲੇ-ਦੁਆਲੇ ਦੀਆਂ ਕਈ ਮੁੱਖ ਸੜਕਾਂ ਨੂੰ ਅਹਿਤਿਆਤ ਵਜੋਂ ਬੰਦ ਕਰ ਦਿੱਤਾ ਗਿਆ ਹੈ।

ਸੀਕਰੇਟ ਸਰਵਿਸ ਦੇ ਸੰਚਾਰ ਮੁਖੀ ਐਂਥਨੀ ਗੁਗਲੀਏਲਮੀ ਨੇ ਦੱਸਿਆ ਕਿ ਅਧਿਕਾਰੀ ਪਾਰਕ ਅਤੇ ਆਸ-ਪਾਸ ਦੇ ਇਲਾਕਿਆਂ ਦੀ ਬਾਰੀਕੀ ਨਾਲ ਜਾਂਚ ਕਰ ਰਹੇ ਹਨ। ਫਿਲਹਾਲ ਕਿਸੇ ਵੀ ਸ਼ੱਕੀ ਦੀ ਗ੍ਰਿਫਤਾਰੀ ਨਹੀਂ ਹੋਈ ਹੈ, ਪਰ ਪੁਲਿਸ ਇੱਕ ਸ਼ੱਕੀ ਵਾਹਨ ਅਤੇ ਇੱਕ ਵਿਅਕਤੀ ਦੀ ਭਾਲ ਕਰ ਰਹੀ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਕੋਲ ਵੀ ਇਸ ਘਟਨਾ ਨਾਲ ਸਬੰਧਤ ਕੋਈ ਜਾਣਕਾਰੀ ਜਾਂ ਵੀਡੀਓ ਫੁਟੇਜ ਹੋਵੇ, ਤਾਂ ਉਹ ਤੁਰੰਤ ਪੁਲਿਸ ਨਾਲ ਸੰਪਰਕ ਕਰਨ।

ਅਧਿਕਾਰੀਆਂ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਇਸ ਘਟਨਾ ਦਾ ਵ੍ਹਾਈਟ ਹਾਊਸ ਦੇ ਰੋਜ਼ਾਨਾ ਦੇ ਕੰਮਕਾਜ ’ਤੇ ਕੋਈ ਅਸਰ ਨਹੀਂ ਪਿਆ ਹੈ ਅਤੇ ਉੱਥੇ ਗਤੀਵਿਧੀਆਂ ਆਮ ਵਾਂਗ ਜਾਰੀ ਹਨ। ਪ੍ਰਤੱਖਦਰਸ਼ੀਆਂ ਮੁਤਾਬਕ ਇਲਾਕੇ ਵਿਚ ਭਾਰੀ ਪੁਲਿਸ ਬਲ ਤਾਇਨਾਤ ਹੈ ਅਤੇ ਅਧਿਕਾਰੀ ਹਰ ਸ਼ੱਕੀ ਹਰਕਤ ’ਤੇ ਨਜ਼ਰ ਰੱਖ ਰਹੇ ਹਨ। ਇਹ ਘਟਨਾ ਅਮਰੀਕਾ ਦੇ ਸਭ ਤੋਂ ਸੁਰੱਖਿਅਤ ਖੇਤਰ ਵਿਚ ਸੁਰੱਖਿਆ ਏਜੰਸੀਆਂ ਦੀ ਮੁਸਤੈਦੀ ਨੂੰ ਮੁੜ ਦਰਸਾਉਂਦੀ ਹੈ।




ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਪ੍ਰਗਟ ਕੀਤੇ ਖਾਲਸਾ ਦੇ ਜਨਮ ਦਿਹਾੜੇ ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾਂ।

Global Allianz
LAW FIRM LLP
ਕਾਨੂੰਨੀ ਸਲਾਹਾਂ

- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ ’ਤੇ ਸੱਟ ਲਗਣਾ

Asylum & Deportation Defense



Atul Kapoor
C.E.O



Neat Allen Sawyer
Attorney at law

Designed By Punjab Mail USA

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਪੱਛਮੀ ਏਸ਼ੀਆ ਤਣਾਅ ਦਾ ਅਸਰ: ਯੂਰਪ ਤੇ ਕੈਨੇਡਾ ਦੀਆਂ ਪ੍ਰਮੁੱਖ ਏਅਰਲਾਈਨਜ਼ ਵੱਲੋਂ ਭਾਰਤ ਲਈ ਉਡਾਣਾਂ 'ਚ ਵੱਡਾ ਵਾਧਾ

**ਨਵੀਂ ਦਿੱਲੀ, (ਪੰਜਾਬ ਮੇਲ)-** ਪੱਛਮੀ ਏਸ਼ੀਆ ਵਿਚ ਵਧਦੇ ਭੂ-ਸਿਆਸੀ ਤਣਾਅ ਦਾ ਅਸਰ ਹੁਣ ਵਿਸ਼ਵ ਪੱਧਰ 'ਤੇ ਹਵਾਬਾਜ਼ੀ ਸੈਕਟਰ 'ਤੇ ਸਪੱਸ਼ਟ ਨਜ਼ਰ ਆਉਣ ਲੱਗਾ ਹੈ। ਖਾੜੀ ਦੇਸ਼ਾਂ ਦੇ ਏਅਰਸਪੇਸ 'ਚ ਬੇਯਕੀਨੀ ਵਧਣ ਕਾਰਨ ਯਾਤਰੀਆਂ ਦਾ ਰੁਝਾਨ ਹੁਣ ਕਿਫਾਇਤੀ ਕਨੈਕਟਿੰਗ ਫਲਾਈਟਾਂ ਤੋਂ ਹਟ ਕੇ ਸਿੱਧੇ (ਨਾਨ-ਸਟਾਪ) ਸਫ਼ਰ ਵੱਲ ਵਧ ਰਿਹਾ ਹੈ। ਇਸੇ ਬਦਲਦੇ ਰੁਝਾਨ ਨੂੰ ਦੇਖਦੇ ਹੋਏ ਯੂਰਪ ਤੇ ਕੈਨੇਡਾ ਦੀਆਂ ਪ੍ਰਮੁੱਖ ਏਅਰਲਾਈਨਜ਼ ਨੇ ਭਾਰਤ ਲਈ ਆਪਣੀਆਂ ਫਲਾਈਟਾਂ ਵਿਚ ਵੱਡਾ ਵਾਧਾ ਕਰ ਦਿੱਤਾ ਹੈ।

ਜਰਮਨੀ ਦੀ ਪ੍ਰਮੁੱਖ ਏਅਰਲਾਈਨ ਲੁਫਥਾਂਸਾ ਗਰੁੱਪ ਨੇ ਭਾਰਤ ਦੇ 4 ਪ੍ਰਮੁੱਖ ਰੂਟਾਂ 'ਤੇ ਫਲਾਈਟਾਂ ਵਧਾਉਣ ਦਾ ਫੈਸਲਾ ਕੀਤਾ ਹੈ। ਫਰੈਂਕਫਰਟ-ਚੇਨਈ ਰੂਟ ਨੂੰ ਰੋਜ਼ਾਨਾ ਸੇਵਾ 'ਚ ਬਦਲਿਆ ਜਾ ਰਿਹਾ ਹੈ, ਜਦਕਿ ਫਰੈਂਕਫਰਟ-ਹੈਦਰਾਬਾਦ ਅਤੇ ਮਿਊਨਿਖ-ਬੈਂਗਲੁਰੂ ਰੂਟ 'ਤੇ ਵੀ ਹਫ਼ਤਾਵਾਰੀ ਫਲਾਈਟਾਂ ਵਿਚ ਵਾਧਾ ਕੀਤਾ ਗਿਆ ਹੈ। ਫਰੈਂਕਫਰਟ-ਦਿੱਲੀ ਰੂਟ ਜੂਨ ਮਹੀਨੇ ਵਿਚ ਪੂਰੀ ਤਰ੍ਹਾਂ ਡੇਲੀ ਆਪ੍ਰੇਸ਼ਨ ਵਿਚ ਰਹੇਗਾ। ਕੰਪਨੀ ਅਨੁਸਾਰ ਇਹ ਵਾਧੂ ਸਮਰੱਥਾ ਮਿਡਲ ਈਸਟ ਲਈ ਘਟਾਈਆਂ ਗਈਆਂ ਫਲਾਈਟਾਂ ਤੋਂ ਮਿਲੇ ਸਰੋਤਾਂ ਰਾਹੀਂ ਤਿਆਰ ਕੀਤੀ ਗਈ ਹੈ, ਤਾਂ ਜੋ ਬਦਲੇ ਹੋਏ ਟਰੈਵਲ ਪੈਟਰਨ ਅਨੁਸਾਰ ਤੇਜ਼ੀ ਨਾਲ ਪ੍ਰਤੀਕਿਰਿਆ ਦਿੱਤੀ ਜਾ ਸਕੇ।

ਲੁਫਥਾਂਸਾ ਦੀ ਸਹਿਯੋਗੀ ਸਵਿਸ ਇੰਟਰਨੈਸ਼ਨਲ ਏਅਰਲਾਈਨਜ਼ ਨੇ ਜ਼ਿਊਰਿਖ-ਦਿੱਲੀ ਰੂਟ 'ਤੇ ਦੂਜੀ ਰੋਜ਼ਾਨਾ ਫਲਾਈਟ ਸ਼ੁਰੂ ਕਰ ਦਿੱਤੀ ਹੈ। ਕੰਪਨੀ ਦਾ ਕਹਿਣਾ ਹੈ ਕਿ ਖਾੜੀ ਰੂਟ 'ਤੇ ਰੁਕਾਵਟਾਂ ਕਾਰਨ ਨਾਨ-ਸਟਾਪ ਫਲਾਈਟਾਂ ਦੀ ਮੰਗ ਤੇਜ਼ੀ ਨਾਲ ਵਧੀ ਹੈ। ਏਅਰ ਫਰਾਂਸ, ਕੇ.ਐੱਲ.ਐੱਮ. ਤੇ ਬ੍ਰਿਟਿਸ਼ ਏਅਰਵੇਜ਼ ਨੇ ਵੀ ਭਾਰਤ ਲਈ ਵਾਧੂ ਫਲਾਈਟਾਂ ਅਤੇ ਵੱਡੇ ਜਹਾਜ਼ ਤਾਇਨਾਤ ਕੀਤੇ ਹਨ। ਬ੍ਰਿਟਿਸ਼ ਏਅਰਵੇਜ਼ ਦਿੱਲੀ ਤੇ ਮੁੰਬਈ ਤੋਂ ਲੰਡਨ ਲਈ ਤੀਜੀ ਰੋਜ਼ਾਨਾ ਫਲਾਈਟ ਸ਼ੁਰੂ ਕਰਨ ਜਾ ਰਹੀ ਹੈ।

ਏਅਰ ਕੈਨੇਡਾ ਨੇ ਟੋਰਾਂਟੋ-ਦਿੱਲੀ ਰੂਟ 'ਤੇ ਅਪ੍ਰੈਲ ਵਿਚ 13 ਅਤੇ ਮਈ ਵਿਚ 7 ਵਾਧੂ ਫਲਾਈਟਾਂ ਜੋੜਨ ਦਾ ਐਲਾਨ ਕੀਤਾ ਹੈ। ਇਸੇ ਤਰ੍ਹਾਂ ਸਿੰਗਾਪੁਰ, ਬੈਂਕਾਕ, ਹਾਂਗਕਾਂਗ ਵਰਗੀਆਂ ਏਸ਼ੀਆਈ ਹੱਬਜ਼ 'ਤੇ ਵੀ ਸਮਰੱਥਾ ਵਧਾਈ ਗਈ ਹੈ ਪਰ ਸਭ ਤੋਂ ਵੱਧ ਫੋਕਸ ਭਾਰਤ 'ਤੇ ਹੀ ਰਿਹਾ ਹੈ। ਦੋਹਾ ਦੀ ਕਤਰ ਏਅਰਵੇਜ਼ ਜਿੱਥੇ ਭਾਰੀ ਰੁਕਾਵਟਾਂ ਦਾ ਸਾਹਮਣਾ ਕਰ ਰਹੀ ਹੈ, ਉੱਥੇ ਹੀ ਏਤਿਹਾਦ ਏਅਰਵੇਜ਼ ਨੇ ਅੰਸ਼ਕ ਤੌਰ 'ਤੇ ਸੇਵਾਵਾਂ ਬਹਾਲ ਕੀਤੀਆਂ ਹਨ। ਐਮੀਰੇਟਸ ਦੀਆਂ ਫਲਾਈਟਾਂ ਕਾਫੀ ਹੱਦ ਤੱਕ ਆਮ ਵਰਗੀਆਂ ਹੋ ਗਈਆਂ ਹਨ ਪਰ ਕੁਝ ਦੇ ਰੱਦ ਹੋਣ ਦਾ ਸਿਲਸਿਲਾ ਅਜੇ ਵੀ ਜਾਰੀ ਹੈ। ਏਅਰ ਅਰੇਬੀਆ ਤੇ ਓਮਾਨ ਏਅਰ ਦੇ ਯਾਤਰੀਆਂ ਨੂੰ ਵੀ ਫਲਾਈਟਾਂ ਰੱਦ ਹੋਣ ਅਤੇ ਰੀਸ਼ਡਿਊਲਿੰਗ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਨਾਨ-ਸਟਾਪ ਫਲਾਈਟਾਂ ਦੀ ਵਧਦੀ ਮੰਗ ਕਾਰਨ ਕਿਰਾਏ 'ਚ ਵੀ ਭਾਰੀ ਉਛਾਲ ਆਇਆ ਹੈ। ਦਿੱਲੀ ਤੋਂ ਫਰੈਂਕਫਰਟ ਦੀ ਟਿਕਟ 25 ਦਿਨ ਪਹਿਲਾਂ ਬੁੱਕ ਕਰਨ 'ਤੇ ਲਗਭਗ 62,000 ਰੁਪਏ ਤੱਕ ਪਹੁੰਚ ਗਈ ਹੈ, ਜੋ ਆਮ ਨਾਲੋਂ ਲੱਗਭਗ ਦੁੱਗਣੀ ਹੈ। ਏਅਰ ਇੰਡੀਆ ਨੇ ਪੱਛਮੀ ਏਸ਼ੀਆ 'ਚ ਤਣਾਅ ਵਧਣ ਤੋਂ ਬਾਅਦ 100 ਤੋਂ ਵੱਧ ਵਾਧੂ ਫਲਾਈਟਾਂ ਸ਼ੁਰੂ ਕੀਤੀਆਂ ਹਨ ਪਰ ਉਸ ਨੂੰ ਲੰਮਾ ਰੂਟ ਅਪਣਾਉਣਾ ਪੈ ਰਿਹਾ ਹੈ। ਈਰਾਨੀ ਏਅਰਸਪੇਸ ਤੋਂ ਬਚਣ ਅਤੇ ਪਾਕਿਸਤਾਨ ਦੀ ਪਾਬੰਦੀ ਕਾਰਨ ਯੂਰਪ ਦੀਆਂ ਫਲਾਈਟਾਂ ਵਿਚ 60-90 ਮਿੰਟ ਅਤੇ ਉੱਤਰੀ ਅਮਰੀਕਾ ਦੀਆਂ ਫਲਾਈਟਾਂ ਵਿਚ ਲਗਭਗ 5 ਘੰਟੇ ਤੱਕ ਦਾ ਵਾਧੂ ਸਮਾਂ ਲੱਗ ਰਿਹਾ ਹੈ। ਇਸ ਨਾਲ ਏਅਰਲਾਈਨਜ਼ ਦੀ ਲਾਗਤ ਵੀ ਕਾਫੀ ਵਧ ਗਈ ਹੈ।

## ਪੱਛਮੀ ਏਸ਼ੀਆ ਸੰਘਰਸ਼; 1,700 ਤੋਂ ਵੱਧ ਭਾਰਤੀਆਂ ਨੇ ਜ਼ਮੀਨੀ ਸਰਹੱਦਾਂ ਰਾਹੀਂ ਇਰਾਨ ਛੱਡਿਆ: ਵਿਦੇਸ਼ ਮੰਤਰਾਲਾ

**ਨਵੀਂ ਦਿੱਲੀ, (ਪੰਜਾਬ ਮੇਲ)-** ਵਿਦੇਸ਼ ਮੰਤਰਾਲਾ ਨੇ ਸੋਮਵਾਰ ਨੂੰ ਦੱਸਿਆ ਕਿ ਇੱਕ ਮਹੀਨਾ ਪਹਿਲਾਂ ਸ਼ੁਰੂ ਹੋਏ ਪੱਛਮੀ ਏਸ਼ੀਆ ਸੰਘਰਸ਼ ਤੋਂ ਬਾਅਦ ਹੁਣ ਤੱਕ 1700 ਤੋਂ ਵੱਧ ਭਾਰਤੀ ਨਾਗਰਿਕ ਅਰਮੀਨੀਆ ਅਤੇ ਅਜ਼ਰਬਾਈਜਾਨ ਦੇ ਜ਼ਮੀਨੀ ਸਰਹੱਦੀ ਰਸਤਿਆਂ ਰਾਹੀਂ ਇਰਾਨ ਤੋਂ ਬਾਹਰ ਆ ਚੁੱਕੇ ਹਨ।

ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਇੱਕ ਮੀਡੀਆ ਬ੍ਰੀਫਿੰਗ 'ਚ ਕਿਹਾ, "ਤਹਿਰਾਨ ਵਿਚ ਸਾਡੇ ਦੂਤਾਵਾਸ ਨੇ ਹੁਣ ਤੱਕ 1,777 ਭਾਰਤੀ ਨਾਗਰਿਕਾਂ ਨੂੰ ਅਰਮੀਨੀਆ ਅਤੇ ਅਜ਼ਰਬਾਈਜਾਨ ਰਾਹੀਂ ਇਰਾਨ ਤੋਂ ਬਾਹਰ ਕੱਢਣ ਵਿਚ ਸਹਾਇਤਾ ਕੀਤੀ ਹੈ।" ਇਹ ਭਾਰਤੀ ਨਾਗਰਿਕ ਅਰਮੀਨੀਆ ਅਤੇ ਅਜ਼ਰਬਾਈਜਾਨ ਤੋਂ ਜਹਾਜ਼ ਰਾਹੀਂ ਵਾਪਸ ਆਪਣੇ ਘਰ ਪਰਤ ਰਹੇ ਹਨ। ਜੈਸਵਾਲ ਨੇ ਦੱਸਿਆ ਕਿ ਘਰ ਪਰਤਣ ਵਾਲੇ ਭਾਰਤੀਆਂ ਵਿਚ 895 ਵਿਦਿਆਰਥੀ ਅਤੇ 345 ਮਛੇਰੇ ਸ਼ਾਮਲ ਹਨ। ਉਨ੍ਹਾਂ ਕਿਹਾ, "ਭਾਰਤੀ ਮਛੇਰੇ ਇਰਾਨ ਦੀਆਂ ਵੱਖ-ਵੱਖ ਕੰਪਨੀਆਂ ਵਿਚ ਕੰਮ ਕਰਦੇ ਸਨ ਅਤੇ ਉਹ 4 ਅਪ੍ਰੈਲ ਨੂੰ ਅਰਮੀਨੀਆ ਤੋਂ ਜਹਾਜ਼ ਰਾਹੀਂ ਘਰ ਪਰਤ ਆਏ ਸਨ।"

## ਈਰਾਨ ਜੰਗ ਦੌਰਾਨ ਏਅਰ ਇੰਡੀਆ ਵੱਲੋਂ 31 ਮਈ ਤੱਕ ਇਜ਼ਰਾਈਲ ਲਈ ਉਡਾਣਾਂ ਮੁਅੱਤਲ



**ਨਵੀਂ ਦਿੱਲੀ, (ਪੰਜਾਬ ਮੇਲ)-** ਪੱਛਮੀ ਏਸ਼ੀਆ ਵਿਚ ਚੱਲ ਰਹੇ ਭਾਰੀ ਤਣਾਅ ਅਤੇ ਈਰਾਨ ਨਾਲ ਵਧਦੇ ਟਕਰਾਅ ਦੇ ਮੱਦੇਨਜ਼ਰ ਏਅਰ ਇੰਡੀਆ ਨੇ ਇੱਕ ਅਹਿਮ ਫੈਸਲਾ ਲੈਂਦਿਆਂ ਇਜ਼ਰਾਈਲ ਲਈ ਆਪਣੀਆਂ ਸਾਰੀਆਂ ਉਡਾਣਾਂ 31 ਮਈ ਤੱਕ ਮੁਅੱਤਲ ਕਰ ਦਿੱਤੀਆਂ ਹਨ। ਏਅਰਲਾਈਨ ਦੇ ਇੱਕ ਅਧਿਕਾਰੀ ਨੇ ਪੁਸ਼ਟੀ ਕੀਤੀ ਹੈ ਕਿ ਨਵੀਂ ਦਿੱਲੀ-ਤੇਲ ਅਵੀਵ ਰੂਟ 'ਤੇ ਸੰਚਾਲਨ ਨੂੰ ਫਿਲਹਾਲ ਰੋਕ ਦਿੱਤਾ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਜ਼ਿਆਦਾਤਰ ਪ੍ਰਮੁੱਖ ਅੰਤਰਰਾਸ਼ਟਰੀ ਏਅਰਲਾਈਨਾਂ ਨੇ ਵੀ ਸੁਰੱਖਿਆ ਕਾਰਨਾਂ ਕਰਕੇ ਤੇਲ ਅਵੀਵ ਲਈ ਆਪਣੀਆਂ ਸੇਵਾਵਾਂ ਬੰਦ ਕਰ ਦਿੱਤੀਆਂ ਹਨ ਅਤੇ ਹੁਣ ਸਿਰਫ ਕੁਝ ਇਜ਼ਰਾਈਲੀ ਕੈਰੀਅਰ ਹੀ ਸਖ਼ਤ ਪਾਬੰਦੀਆਂ ਹੇਠ ਕੰਮ ਕਰ ਰਹੇ ਹਨ।

ਉਡਾਣਾਂ ਦੇ ਇਸ ਅਚਾਨਕ ਫੈਸਲੇ ਨੇ ਇਜ਼ਰਾਈਲ ਵਿਚ ਰਹਿ ਰਹੇ 40,000 ਤੋਂ ਵੱਧ ਭਾਰਤੀਆਂ ਲਈ ਵੱਡੀ ਮੁਸੀਬਤ ਖੜ੍ਹੀ ਕਰ ਦਿੱਤੀ ਹੈ। ਇਨ੍ਹਾਂ ਵਿਚੋਂ ਬਹੁਤ ਸਾਰੇ ਲੋਕ ਨਿੱਜੀ ਜਾਂ ਪੇਸ਼ੇਵਰ ਕਾਰਨਾਂ ਕਰਕੇ ਭਾਰਤ ਪਰਤਣਾ ਚਾਹੁੰਦੇ ਹਨ, ਪਰ ਉਡਾਣਾਂ ਨਾ ਹੋਣ ਕਾਰਨ ਉਹ ਹੁਣ ਜਾਰਡਨ ਜਾਂ ਮਿਸਰ ਰਾਹੀਂ ਜ਼ਮੀਨੀ ਸਰਹੱਦਾਂ ਰਾਹੀਂ ਸਫਰ ਕਰਨ ਲਈ ਮਜਬੂਰ ਹਨ।

ਤੇਲ ਅਵੀਵ ਵਿਚ ਸਥਿਤ ਭਾਰਤੀ ਮਿਸ਼ਨ ਇਸ ਸੰਕਟ ਦੀ ਘੜੀ ਵਿਚ ਭਾਰਤੀ ਨਾਗਰਿਕਾਂ ਦੀ ਸਰਗਰਮੀ ਨਾਲ ਸਹਾਇਤਾ ਕਰ ਰਿਹਾ ਹੈ। ਦੂਤਾਵਾਸ ਵੱਲੋਂ 24 ਘੰਟੇ ਐਮਰਜੈਂਸੀ ਹੈਲਪਲਾਈਨ ਸ਼ੁਰੂ ਕੀਤੀ ਗਈ ਹੈ ਅਤੇ ਭਾਰਤੀ ਭਾਈਚਾਰੇ ਨਾਲ ਲਗਾਤਾਰ ਸੰਪਰਕ ਬਣਾਇਆ ਜਾ ਰਿਹਾ ਹੈ। ਰਾਜਦੂਤ ਜੇ.ਪੀ. ਸਿੰਘ ਅਤੇ ਉਨ੍ਹਾਂ ਦੀ ਟੀਮ ਨੇ ਹਾਲ ਹੀ ਵਿਚ ਇਜ਼ਰਾਈਲ ਭਰ ਦੇ ਭਾਰਤੀ ਕਾਮਿਆਂ ਅਤੇ ਵਿਦਿਆਰਥੀਆਂ ਨਾਲ ਵਰਚੁਅਲ ਗੱਲਬਾਤ ਕਰਕੇ ਉਨ੍ਹਾਂ ਨੂੰ ਹਰ ਸੰਭਵ ਸਹਾਇਤਾ ਦਾ ਭਰੋਸਾ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਨਵੀਂ ਦਿੱਲੀ ਅਤੇ ਤੇਲ ਅਵੀਵ ਵਿਚਕਾਰ ਸਿੱਧੀਆਂ ਉਡਾਣਾਂ ਇਸੇ ਸਾਲ 1 ਜਨਵਰੀ ਨੂੰ ਬੋਇੰਗ 787 ਡ੍ਰੀਮਲਾਈਨਰ ਜਹਾਜ਼ਾਂ ਨਾਲ ਮੁੜ ਸ਼ੁਰੂ ਹੋਈਆਂ ਸਨ।



# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਲਗਾਏ ਆਰ.ਓ. ਸਿਸਟਮ ਦਾ ਸਿਵਲ ਸਰਜਨ ਸ੍ਰੀ ਮੁਕਤਸਰ ਸਾਹਿਬ ਵੱਲੋਂ ਉਦਘਾਟਨ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਲੋਕਾਂ ਦੀ ਸਿਹਤ ਦੇ ਮੱਦੇਨਜ਼ਰ, ਪੀਣ ਲਈ ਸਾਫ਼ ਪਾਣੀ ਦੇਣ ਲਈ ਵੱਡੀ ਪੱਧਰ 'ਤੇ ਸਕੂਲਾਂ, ਕਾਲਜਾਂ ਅਤੇ ਹੋਰ ਜਨਤਕ ਥਾਵਾਂ 'ਤੇ ਮੁਫ਼ਤ ਆਰ.ਓ. ਸਿਸਟਮ ਲਗਾਏ ਜਾ ਰਹੇ ਹਨ।

ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਸ ਲੜੀ ਹੇਠ ਸਿਵਲ ਸਰਜਨ ਦਫ਼ਤਰ (ਪੁਰਾਣਾ ਹਸਪਤਾਲ) ਸ੍ਰੀ ਮੁਕਤਸਰ ਸਾਹਿਬ ਵਿਖੇ ਆਮ ਲੋਕਾਂ ਅਤੇ ਸਟਾਫ ਲਈ ਸਾਫ਼ ਪਾਣੀ ਪੀਣ ਲਈ ਆਰ.ਓ. ਸਿਸਟਮ ਲਗਾਇਆ ਗਿਆ ਹੈ, ਜਿਸ ਦਾ ਉਦਘਾਟਨ ਡਾਕਟਰ ਸੁਨੀਲ ਬਾਂਸਲ (ਸਟੇਟ ਐਵਾਰਡੀ) ਸਿਵਲ ਸਰਜਨ ਸ੍ਰੀ ਮੁਕਤਸਰ ਸਾਹਿਬ ਵੱਲੋਂ ਆਪਣੇ ਕਰ-ਕਮਲਾਂ ਨਾਲ ਕੀਤਾ ਗਿਆ ਅਤੇ ਡਾਕਟਰ ਐੱਸ.ਪੀ. ਸਿੰਘ ਓਬਰਾਏ ਦੇ ਇਸ ਉਪਰਾਲੇ ਦੀ



*ਡਾ. ਐੱਸ.ਪੀ. ਸਿੰਘ ਓਬਰਾਏ।*

ਸ਼ਲਾਘਾ ਕੀਤੀ ਗਈ ਅਤੇ ਟਰੱਸਟ ਵੱਲੋਂ ਦੁਨੀਆਂ ਭਰ ਵਿਚ ਲੋਕ ਭਲਾਈ ਦੇ ਕੰਮਾਂ ਬਾਰੇ ਵੀ ਚਰਚਾ ਕੀਤੀ। ਆਮ ਲੋਕਾਂ ਅਤੇ ਸਟਾਫ ਵੱਲੋਂ ਡਾਕਟਰ ਐੱਸ.ਪੀ. ਸਿੰਘ ਓਬਰਾਏ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਸਹਾਇਕ ਸਿਵਲ ਸਰਜਨ ਡਾਕਟਰ ਸਰਬਜੀਤ ਸਿੰਘ, ਭੁਪਿੰਦਰ ਸਿੰਘ ਸੀਨੀਅਰ ਸਹਾਇਕ, ਵਿਨੋਦ ਕੁਮਾਰ ਏ.ਐੱਮ.ਓ., ਭਗਵਾਨ ਦਾਸ ਹੈਲਥ ਇੰਸਪੈਕਟਰ, ਹਰਮੀਤ ਕੌਰ ਸੀਨੀਅਰ ਸਹਾਇਕ, ਪਵਿੱਤਰ ਸਿੰਘ ਐੱਮ.ਐੱਲ.ਟੀ., ਗੁਰਪ੍ਰੀਤ ਸਿੰਘ ਪੀ.ਏ., ਸ਼ਾਲੂ, ਲਾਲ ਚੰਦ ਮਾਸ ਮੀਡੀਆ ਅਫ਼ਸਰ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਟੀਮ ਦੇ ਸੇਵਾਦਾਰ ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ, ਬਰਨੇਕ ਸਿੰਘ ਰਿਟਾ. ਲੈਕਚਰਾਰ, ਸੋਮ ਨਾਥ, ਅਸ਼ੋਕ ਕੁਮਾਰ, ਜਸਬੀਰ ਸਿੰਘ ਰਿਟਾ. ਏ.ਐੱਸ.ਆਈ., ਸੁਖਬੀਰ ਸਿੰਘ ਜੈਲਦਾਰ ਆਦਿ ਹਾਜ਼ਰ ਸਨ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ 110 ਅੰਗਹੀਣ ਵਿਅਕਤੀਆਂ ਨੂੰ ਦਿੱਤੀ ਵਿੱਤੀ ਸਹਾਇਤਾ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਸ੍ਰੀ ਮੁਕਤਸਰ ਸਾਹਿਬ ਵਿਖੇ 110 ਅੰਗਹੀਣ ਵਿਅਕਤੀਆਂ ਨੂੰ ਇੱਕ ਲੱਖ ਦਸ ਹਜ਼ਾਰ ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਗਈ।

ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਹ ਅੰਗਹੀਣ ਵਿਅਕਤੀ ਕੰਮ ਕਰਨ ਤੋਂ ਅਸਮਰਥ ਹਨ ਅਤੇ ਕਈ ਲੰਮੇ ਸਮੇਂ ਤੋਂ ਵੱਖ-ਵੱਖ ਬੀਮਾਰੀਆਂ ਤੋਂ ਪੀੜ੍ਹਤ ਹਨ। ਇਨ੍ਹਾਂ ਅੰਗਹੀਣ ਵਿਅਕਤੀਆਂ ਨੂੰ ਹਰ ਮਹੀਨੇ ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਸਹਾਇਤਾ ਰਾਸ਼ੀ ਦਿੱਤੀ ਜਾਂਦੀ ਹੈ, ਤਾਂ ਜੋ ਇਹ ਲੋਕ ਆਪਣੀਆਂ ਰੋਜ਼ਾਨਾ ਦੀਆਂ ਲੋੜਾਂ ਪੂਰੀਆਂ ਕਰ ਸਕਣ। ਸਹਾਇਤਾ ਰਾਸ਼ੀ ਲੈਣ ਉਪਰੰਤ ਅੰਗਹੀਣ ਵਿਅਕਤੀਆਂ ਵੱਲੋਂ ਡਾ. ਓਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਡਾ. ਓਬਰਾਏ ਹਮੇਸ਼ਾ ਸਾਡੀ ਲਾਠੀ ਬਣਕੇ ਸਾਡੇ ਨਾਲ ਖੜਦੇ ਹਨ ਅਤੇ ਬਹੁਤ ਹੀ ਲੰਬੇ ਸਮੇਂ ਤੋਂ ਸਾਡੀ ਬਾਂਹ ਫੜੀ ਹੋਈ ਹੈ।

ਇਸ ਮੌਕੇ ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ, ਬਰਨੇਕ ਸਿੰਘ ਰਿਟਾ. ਲੈਕਚਰਾਰ, ਮਲਕੀਤ ਸਿੰਘ ਰਿਟਾ. ਬੈਂਕ ਮੈਨੇਜਰ, ਬਲਜੀਤ ਸਿੰਘ ਮਾਨ ਰਿਟਾ. ਪ੍ਰਿੰਸੀਪਲ, ਗੁਰਪਾਲ ਸਿੰਘ ਪਾਲੀ, ਸੋਮ ਨਾਥ, ਸੁਖਦਰਸ਼ਨ ਸਿੰਘ ਬੇਦੀ ਰਿਟਾ. ਜ਼ਿਲ੍ਹਾ ਉੱਪ ਸਿੱਖਿਆ ਅਫ਼ਸਰ, ਚਰਨਜੀਤ ਸਿੰਘ, ਸੁਖਬੀਰ ਸਿੰਘ ਜੈਲਦਾਰ, ਹਰਭਗਵਾਨ ਸਿੰਘ ਖੱਪਿਆਂਵਾਲ਼ੀ, ਕਾਲਾ ਖੱਪਿਆਂਵਾਲ਼ੀ, ਮਾਸਟਰ ਰਾਜਿੰਦਰ ਸਿੰਘ, ਅਸ਼ੋਕ ਕੁਮਾਰ ਆਦਿ ਹਾਜ਼ਰ ਸਨ।




ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਪ੍ਰਗਟ ਕੀਤੇ ਖਾਲਸਾ ਦੇ ਜਨਮ ਦਿਹਾੜੇ ਵਿਸਾਖੀ ਦੀਆਂ ਸਮੂਹ ਸਿੱਖ ਜਗਤ ਨੂੰ ਲੱਖ-ਲੱਖ ਮੁਬਾਰਕਾਂ

Dr. Sukhsimranjit Singh
LL.M., Ph.D
Mediator & Arbitrator, JAMS
Winner of SCMA Peacemaker Award.
Former: Dean of Straus Institute,
Pepperdine University; Faculty member of
Hamline University & Willamette University.
Founder of www.singhacademy.com



ARE YOU CURRENTLY FACING CIVIL, BUSINESS, FAMILY, CONTRACTUAL OR PROPERTY DISPUTES?

For Mediation Services, Contact Office Manager :
Julie McCool Email: jmccool@jamsadr.com
Call : +1 503 910 8767

www.singhadr.com

Mediation - ◇ Save Money ◇ Save Time ◇ Save Your relationship

• LOS ANGELES 555 W 5th St
• SAN FRANCISCO 2 Embarcadero Center
• SACRAMENTO 2 Embarcadero 1415 L St # 700
• VISALIA 1300 W Main Street
• NEW YORK 1414 6th Ave

*863

# ਪੰਜਾਬ ਵਿਧਾਨ ਸਭਾ ਚੋਣਾਂ 2027: ਡਾ. ਨਵਜੋਤ ਕੌਰ ਸਿੱਧੂ ਵੱਲੋਂ 'ਭਾਰਤੀ ਰਾਸ਼ਟਰਵਾਦੀ ਪਾਰਟੀ' ਦਾ ਐਲਾਨ




**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਦੀ ਸਿਆਸਤ ਵਿਚ ਉਸ ਵੇਲੇ ਹਲਚਲ ਵੇਖਣ ਨੂੰ ਮਿਲੀ, ਜਦੋਂ ਸਾਬਕਾ ਕ੍ਰਿਕਟਰ ਅਤੇ ਕਾਂਗਰਸੀ ਆਗੂ ਨਵਜੋਤ ਸਿੰਘ ਸਿੱਧੂ ਦੀ ਪਤਨੀ ਡਾ. ਨਵਜੋਤ ਕੌਰ ਸਿੱਧੂ ਨੇ ਆਪਣੀ ਨਵੀਂ ਸਿਆਸੀ ਪਾਰਟੀ 'ਭਾਰਤੀ ਰਾਸ਼ਟਰਵਾਦੀ ਪਾਰਟੀ' ਬਣਾਉਣ ਦਾ ਐਲਾਨ ਕਰ ਦਿੱਤਾ। 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਲਏ ਗਏ ਇਸ ਫੈਸਲੇ ਨੇ ਸੂਬੇ ਦੇ ਸਿਆਸੀ ਸਮੀਕਰਨਾਂ ਨੂੰ ਗੁੰਝਲਦਾਰ ਬਣਾ ਦਿੱਤਾ ਹੈ। ਜ਼ਿਕਰਯੋਗ ਹੈ ਕਿ ਇਹ ਐਲਾਨ ਡਾ. ਸਿੱਧੂ ਦੇ ਕਾਂਗਰਸ ਵਿਚੋਂ ਨਿਸ਼ਕਾਸਨ ਦੇ ਮਹਿਜ਼ ਦੋ ਮਹੀਨੇ ਬਾਅਦ ਆਇਆ ਹੈ। ਉਨ੍ਹਾਂ ਨੇ ਰਾਹੁਲ ਗਾਂਧੀ ਵਿਰੁੱਧ ਇਤਰਾਜ਼ਯੋਗ ਟਿੱਪਣੀਆਂ ਅਤੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ 'ਤੇ ਤਿੱਖੇ ਹਮਲੇ ਕੀਤੇ ਸਨ, ਜਿਸ ਤੋਂ ਬਾਅਦ ਉਨ੍ਹਾਂ ਨੂੰ ਪਾਰਟੀ ਵਿਚੋਂ ਬਾਹਰ ਕਰ ਦਿੱਤਾ ਗਿਆ ਸੀ।

ਡਾ. ਸਿੱਧੂ ਨੇ ਸੋਸ਼ਲ ਮੀਡੀਆ 'ਤੇ ਇਸ ਫੈਸਲੇ ਨੂੰ 'ਰੱਬੀ ਫੁਰਮਾਨ' ਦੱਸਦਿਆਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਪੰਜਾਬ ਦੀ ਗੁਆਚੀ ਹੋਈ ਸ਼ਾਨ ਬਹਾਲ ਕਰਕੇ ਇਸ ਨੂੰ ਮੁੜ 'ਸੁਨਹਿਰੀ ਰਾਜ' ਬਣਾਉਣ ਲਈ ਕੰਮ ਕਰੇਗੀ।

ਉਨ੍ਹਾਂ ਕਿਹਾ ਕਿ ਇਹ ਪਾਰਟੀ ਨਿਆਂ, ਸ਼ਾਂਤੀ ਅਤੇ ਅਧਿਆਤਮਿਕ ਗੁਣਾਂ 'ਤੇ ਅਧਾਰਿਤ ਹੋਵੇਗੀ। ਹਾਲਾਂਕਿ, ਨਵਜੋਤ ਸਿੰਘ ਸਿੱਧੂ ਦੀ ਇਸ ਨਵੀਂ ਪਾਰਟੀ ਵਿਚ ਭੂਮਿਕਾ ਅਜੇ ਵੀ ਰਹੱਸ ਬਣੀ ਹੋਈ ਹੈ, ਕਿਉਂਕਿ ਉਨ੍ਹਾਂ ਦੇ ਸੋਸ਼ਲ ਮੀਡੀਆ ਖਾਤਿਆਂ 'ਤੇ ਅਜੇ ਵੀ ਗਾਂਧੀ ਪਰਿਵਾਰ ਦੀਆਂ ਤਸਵੀਰਾਂ ਹਨ ਅਤੇ ਉਹ ਸਿਆਸਤ ਤੋਂ ਦੂਰ ਸ਼ੋਅਬਿਜ਼ ਵਿਚ ਰੁੱਝੇ ਹੋਏ ਹਨ। ਸਿਆਸੀ ਮਾਹਿਰ ਇਸ ਕਦਮ ਨੂੰ ਵਿਰੋਧੀ ਵੋਟਾਂ ਦੇ ਖਿੰਡਾਅ ਵਜੋਂ ਦੇਖ ਰਹੇ ਹਨ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :**
**www.punjabmailusa.com**

## ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਜੱਜਾਂ ਨੂੰ ਏ.ਆਈ. ਦੀ ਵਰਤੋਂ ਨਾ ਕਰਨ ਦੇ ਸਖਤ ਨਿਰਦੇਸ਼

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਨਿਆਂਇਕ ਅਧਿਕਾਰੀਆਂ ਨੂੰ ਅਦਾਲਤੀ ਫੈਸਲੇ ਲਿਖਣ ਜਾਂ ਕਾਨੂੰਨੀ ਖੋਜ ਲਈ ਚੈਟਜੀਪੀਟੀ, ਜੈਮਿਨੀ, ਮਾਈਕ੍ਰੋਸਾਫਟ ਕੋਪਾਇਲਟ ਅਤੇ ਮੈਟਾ ਏ.ਆਈ. ਵਰਗੇ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਟੂਲਸ ਦੀ ਵਰਤੋਂ ਨਾ ਕਰਨ ਦੇ ਸਖ਼ਤ ਨਿਰਦੇਸ਼ ਦਿੱਤੇ ਹਨ ਅਤੇ ਚਿਤਾਵਨੀ ਦਿੱਤੀ ਹੈ ਕਿ ਇਨ੍ਹਾਂ ਹੁਕਮਾਂ ਦੀ ਉਲੰਘਣਾ ਨੂੰ ਗੰਭੀਰਤਾ ਨਾਲ ਲਿਆ ਜਾਵੇਗਾ।

**MATRIMONIAL**

Jatt Sikh, Chatha, Age 33yrs, height 6'-1", American born boy, Fully family values known, Gursikh Lawyer boy, working in Los Angeles county as Lawyer supervisor, looking for an educated & beautiful girl in California.
for more information Contact at : 818-645-9810
895

## 2027 ਵਿਧਾਨ ਸਭਾ ਚੋਣਾਂ 'ਚ ਸਹਿਜਧਾਰੀ ਸਿੱਖ ਪਾਰਟੀ ਵੱਲੋਂ ਸ. ਫੂਲਕਾ ਨੂੰ ਚੁਣੌਤੀ ਦੇਣ ਦਾ ਐਲਾਨ



**ਚੰਡੀਗੜ੍ਹ, (ਪੰਜਾਬ ਮੇਲ)-** ਆਮ ਆਦਮੀ ਪਾਰਟੀ ਦੇ ਸਾਬਕਾ ਆਗੂ ਹਰਵਿੰਦਰ ਸਿੰਘ ਫੂਲਕਾ ਦੇ ਭਾਰਤੀ ਜਨਤਾ ਪਾਰਟੀ 'ਚ ਸ਼ਾਮਲ ਹੋਣ ਦੇ ਬਾਅਦ ਸਹਿਜਧਾਰੀ ਸਿੱਖ ਪਾਰਟੀ ਨੇ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਵਿਚ ਉਨ੍ਹਾਂ ਵਿਰੁੱਧ ਆਪਣਾ ਉਮੀਦਵਾਰ ਉਤਾਰਨ ਦਾ ਅਗਾਊਂ ਐਲਾਨ ਕਰ ਦਿੱਤਾ ਹੈ।

ਸਹਿਜਧਾਰੀ ਸਿੱਖ ਪਾਰਟੀ (ਐੱਸ.ਐੱਸ.ਪੀ.) ਭਾਰਤ ਵਿਚ ਇੱਕ ਰਜਿਸਟਰਡ ਸਿਆਸੀ ਪਾਰਟੀ ਹੈ, ਜੋ ਸਹਿਜਧਾਰੀ ਸਿੱਖਾਂ ਦੇ ਅਧਿਕਾਰਾਂ ਦੀ ਵਕਾਲਤ ਕਰਨ 'ਤੇ ਕੇਂਦਰਿਤ ਹੈ। ਇਹ ਉਹ ਸਿੱਖ ਹਨ, ਜੋ ਅੰਮ੍ਰਿਤਧਾਰੀ ਹੋਏ ਬਿਨਾਂ ਬਿਨਾਂ ਸਿੱਖ ਸਿਧਾਂਤਾਂ ਦੀ ਪਾਲਣਾ ਕਰਦੇ ਹਨ। ਐੱਸ.ਐੱਸ.ਪੀ. ਦੇ ਕੌਮੀ ਪ੍ਰਧਾਨ ਡਾ. ਪਰਮਜੀਤ ਸਿੰਘ ਰਾਣੂ ਨੇ ਕਿਹਾ ਕਿ ਪਾਰਟੀ ਦੀ ਕਾਰਜਕਾਰੀ ਕੌਂਸਲ ਨੇ 2027 ਵਿਚ ਫੂਲਕਾ ਵਿਰੁੱਧ ਆਪਣਾ ਉਮੀਦਵਾਰ ਉਤਾਰਨ ਦਾ ਐਲਾਨ ਕੀਤਾ ਹੈ।

ਇਹ ਕਦਮ ਐੱਸ.ਐੱਸ.ਪੀ. ਦੇ ਸਿਆਸੀ ਰੁਖ਼ ਵਿਚ ਇੱਕ ਤਬਦੀਲੀ ਨੂੰ ਦਰਸਾਉਂਦਾ ਹੈ। ਇਸ ਪਾਰਟੀ ਨੇ ਪਹਿਲਾਂ ਪੰਜਾਬ ਵਿਚ 2024 ਦੀਆਂ ਲੋਕ ਸਭਾ ਚੋਣਾਂ ਦੌਰਾਨ ਆਪਣੇ ਉਮੀਦਵਾਰ ਵਾਪਸ ਲੈ ਕੇ ਭਾਜਪਾ ਦਾ ਸਮਰਥਨ ਕੀਤਾ ਸੀ।

ਡਾ. ਰਾਣੂ ਨੇ ਸਪੱਸ਼ਟ ਕੀਤਾ ਕਿ ਪਾਰਟੀ ਦਾ ਵਿਰੋਧ ਭਾਜਪਾ ਵਿਰੁੱਧ ਨਹੀਂ ਹੈ, ਸਗੋਂ ਖਾਸ ਤੌਰ 'ਤੇ ਫੂਲਕਾ ਵਿਰੁੱਧ ਹੈ। ਰਾਣੂ ਨੇ ਐਲਾਨ ਕੀਤਾ, "ਭਾਜਪਾ ਫੂਲਕਾ ਨੂੰ ਕਿਸੇ ਵੀ ਸੀਟ ਤੋਂ ਨਾਮਜ਼ਦ ਕਰੇ, ਮੈਂ ਨਿੱਜੀ ਤੌਰ 'ਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਉਨ੍ਹਾਂ ਦੇ ਖਿਲਾਫ ਚੋਣ ਲੜਾਂਗਾ।"



**ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਪ੍ਰਗਟ ਕੀਤੇ ਖਾਲਸਾ ਦੇ ਜਨਮ ਦਿਹਾੜੇ ਅਤੇ ਖੁਸ਼ੀਆਂ-ਖੇੜੇ ਦੇ ਤਿਉਹਾਰ ਵਿਸਾਖੀ ਦੀਆਂ ਸਮੂਹ ਸਿੱਖ ਸੰਗਤ ਨੂੰ ਲੱਖ-ਲੱਖ ਮੁਬਾਰਕਾਂ**

**EXPO Furniture Gallery**
We offer 0% interest financing and carry all major brands.
ਸੈਕਰਾਮੈਂਟੋ 'ਚ ਵਧੀਆ ਫਰਨੀਚਰ ਲੈਣ ਲਈ ਸਾਡੀ ਲੋਕੇਸ਼ਨ 'ਤੇ ਇਕ ਵਾਰੀ ਜ਼ਰੂਰ ਆਓ
In business for over 30 years
SPECIAL SALE
Best price guaranteed.



7310 HOME LEISURE PLAZA, SACRAMENTO, CA 95823
(916) 392-3233
www.expofurnituregallery.com
Designed By Punjab Mail USA

# ਦੁਨੀਆਂ ਭਰ ਦੇ 58% ਦੇਸ਼ਾਂ ਨੇ ਸਕੂਲਾਂ 'ਚ ਮੋਬਾਈਲ ਫੋਨਾਂ 'ਤੇ ਲਗਾਈਆਂ ਪਾਬੰਦੀਆਂ

**ਨਿਊਯਾਰਕ/ਲੰਡਨ, (ਪੰਜਾਬ ਮੇਲ)-** ਦੁਨੀਆਂ ਭਰ ਦੇ ਸਕੂਲਾਂ ਵਿਚ ਮੋਬਾਈਲ ਫ਼ੋਨਾਂ ਦੀ ਵਰਤੋਂ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਹਾਲ ਹੀ ਵਿਚ ਜਾਰੀ ਕੀਤੇ ਗਏ ਗਲੋਬਲ ਅੰਕੜਿਆਂ ਅਤੇ ਖੋਜਾਂ ਅਨੁਸਾਰ, ਸਕੂਲਾਂ ਵਿਚ ਸਮਾਰਟਫ਼ੋਨ 'ਤੇ ਪਾਬੰਦੀ ਲਗਾਉਣ ਨਾਲ ਵਿਦਿਆਰਥੀਆਂ ਵਿਚ ਮਾਨਸਿਕ ਤਣਾਅ ਅਤੇ ਭਟਕਣਾ (ਡਿਸਟ੍ਰੈਕਸ਼ਨ) ਘੱਟ ਹੋਈ ਹੈ ਪਰ ਮਾਹਰਾਂ ਦਾ ਮੰਨਣਾ ਹੈ ਕਿ ਸਿਰਫ਼ ਪੂਰਨ ਪਾਬੰਦੀ ਹੀ ਹਰ ਸਮੱਸਿਆ ਦਾ ਹੱਲ ਨਹੀਂ ਹੈ। ਸਕੂਲ ਵਿਚ ਫ਼ੋਨ ਬੈਨ ਵਿਦਿਆਰਥੀਆਂ ਦੀ ਭਲਾਈ ਵਿਚ ਮਦਦਗਾਰ ਹੈ ਪਰ ਇਸ ਦੇ ਨਾਲ-ਨਾਲ ਜ਼ਿੰਮੇਵਾਰ ਤਕਨੀਕੀ ਸਿਖਲਾਈ ਅਤੇ ਅਧਿਆਪਕਾਂ ਦਾ ਸਹਿਯੋਗ ਵੀ ਲਾਜ਼ਮੀ ਹੈ।



ਫਰਾਂਸ, ਚੀਨ, ਕੈਨੇਡਾ, ਡੈਨਮਾਰਕ ਅਤੇ ਇੰਗਲੈਂਡ ਵਰਗੇ ਦੇਸ਼ਾਂ ਨੇ ਸਕੂਲ ਦੇ ਸਮੇਂ ਦੌਰਾਨ ਫ਼ੋਨ ਦੀ ਵਰਤੋਂ 'ਤੇ ਸਖ਼ਤ ਸੀਮਾਵਾਂ ਲਗਾਈਆਂ ਹਨ। ਯੂਨੈਸਕੋ ਦੀ ਜੈਮ ਰਿਪੋਰਟ (ਮਾਰਚ 2026 ਤੱਕ ਦੇ ਅੰਕੜੇ) ਮੁਤਾਬਕ ਦੁਨੀਆਂ ਦੇ 58% ਦੇਸ਼ਾਂ ਨੇ ਸਕੂਲਾਂ ਵਿਚ ਫ਼ੋਨਾਂ 'ਤੇ ਰੋਕ ਲਗਾਈ ਹੋਈ ਹੈ, ਜਿਸ ਅਨੁਸਾਰ ਮੱਧ ਅਤੇ ਦੱਖਣੀ ਏਸ਼ੀਆ ਵੱਲੋਂ ਸਭ ਤੋਂ ਵੱਧ 92% ਪਾਬੰਦੀ ਲਗਾਈ ਗਈ ਹੈ। ਇਸ ਤੋਂ ਇਲਾਵਾ ਯੂਰਪ ਅਤੇ ਉੱਤਰੀ ਅਮਰੀਕਾ 'ਚ 86% ਸਕੂਲਾਂ ਵਿਚ ਇਹ ਨਿਯਮ ਲਾਗੂ ਹੋਇਆ ਹੈ। ਓਸ਼ੀਨੀਆ 'ਚ ਸਭ ਤੋਂ ਘੱਟ 38% ਸਕੂਲਾਂ 'ਚ ਇਹ ਪਾਬੰਦੀ ਹੈ।

ਹੰਗਰੀ ਅਤੇ ਦੱਖਣੀ ਆਸਟ੍ਰੇਲੀਆ ਵਿਚ ਹੋਏ ਅਧਿਐਨਾਂ ਨੇ ਕਈ ਹੈਰਾਨੀਜਨਕ ਤੱਥ ਪੇਸ਼ ਕੀਤੇ ਹਨ। ਜਿਸ ਮੁਤਾਬਕ ਹੰਗਰੀ ਵਿਚ ਪਾਬੰਦੀ ਤੋਂ ਪਹਿਲਾਂ 37% ਵਿਦਿਆਰਥੀ ਸਕੂਲ ਵਿਚ ਫ਼ੋਨ ਵਰਤਦੇ ਸਨ, ਜੋ ਹੁਣ ਘੱਟ ਕੇ ਸਿਰਫ਼ 4% ਰਹਿ ਗਏ ਹਨ। ਇਸ ਨਾਲ ਅਧਿਆਪਕਾਂ ਨੇ ਦੇਖਿਆ ਹੈ ਕਿ ਵਿਦਿਆਰਥੀ ਹੁਣ ਆਪਸੀ ਗੱਲਬਾਤ (ਫੇਸ-ਟੂ-ਫੇਸ) ਜ਼ਿਆਦਾ ਕਰਦੇ ਹਨ ਅਤੇ ਖੇਡਾਂ (ਜਿਵੇਂ ਸ਼ਤਰੰਜ ਤੇ ਤਾਸ਼) ਵਿਚ ਜ਼ਿਆਦਾ ਹਿੱਸਾ ਲੈ ਰਹੇ ਹਨ। ਆਸਟ੍ਰੇਲੀਆ ਵਿਚ 1,000 ਤੋਂ ਵੱਧ ਵਿਦਿਆਰਥੀਆਂ 'ਤੇ ਕੀਤੇ ਅਧਿਐਨ ਅਨੁਸਾਰ, ਵਿਦਿਆਰਥੀਆਂ ਵਿਚ ਮਾਨਸਿਕ ਪ੍ਰੇਸ਼ਾਨੀ 2.4% ਘੱਟ ਹੋਈ ਹੈ ਅਤੇ ਉਦਾਸੀ ਤੇ ਡਰ ਵਰਗੀਆਂ ਨਕਾਰਾਤਮਕ ਭਾਵਨਾਵਾਂ ਵਿਚ 5.2% ਦੀ ਕਮੀ ਆਈ ਹੈ।

## ਹਲਵਾਰਾ ਕੌਮਾਂਤਰੀ ਹਵਾਈ ਅੱਡੇ ਤੋਂ ਸ਼ੁਰੂ ਹੋਣ ਵਾਲੀਆਂ ਉਡਾਣਾਂ ਦੀਆਂ ਕੀਮਤਾਂ 'ਚ ਵਾਧਾ!

**ਹਲਵਾਰਾ, (ਪੰਜਾਬ ਮੇਲ)-** ਹਲਵਾਰਾ ਕੌਮਾਂਤਰੀ ਹਵਾਈ ਅੱਡੇ ਤੋਂ ਦਿੱਲੀ ਲਈ ਸ਼ੁਰੂ ਹੋਣ ਵਾਲੀ ਹਵਾਈ ਸੇਵਾ ਨੇ ਅਜੇ ਉਡਾਣ ਭਰਨੀ ਵੀ ਨਹੀਂ ਸ਼ੁਰੂ ਕੀਤੀ ਕਿ ਇਸ ਰੂਟ ਦੀਆਂ ਟਿਕਟਾਂ ਦੇ ਭਾਅ ਅਸਮਾਨ ਛੂਹਣ ਲੱਗ ਪਏ ਹਨ। ਬੁਕਿੰਗ ਖੁਲ੍ਹਣ ਦੇ ਨਾਲ ਹੀ ਵਧੀ ਮੰਗ ਕਾਰਨ ਹਵਾਈ ਕੰਪਨੀਆਂ ਵੱਲੋਂ ਕਿਰਾਏ ਵਿਚ ਕੀਤੇ ਗਏ ਵਾਧੇ ਨੇ ਆਮ ਯਾਤਰੀਆਂ ਲਈ ਚਿੰਤਾ ਪੈਦਾ ਕਰ ਦਿੱਤੀ ਹੈ। ਜਾਣਕਾਰੀ ਮੁਤਾਬਕ 1 ਅਪ੍ਰੈਲ ਨੂੰ ਜਦੋਂ ਟਿਕਟਾਂ ਦੀ ਬੁਕਿੰਗ ਸ਼ੁਰੂ ਹੋਈ ਸੀ, ਉਸ ਵੇਲੇ ਇਕਾਨਮੀ ਕਲਾਸ ਦੀ ਇਕ ਪਾਸੇ ਦੀ ਟਿਕਟ ਲਗਭਗ 3500 ਰੁਪਏ ਦੇ ਕਰੀਬ ਸੀ। ਪਰ ਕੇਵਲ ਦੋ ਦਿਨਾਂ ਵਿਚ ਹੀ ਇਹ ਕਿਰਾਏ ਵੱਧ ਕੇ ਇਕਾਨਮੀ ਕਲਾਸਿਕ ਵਿਚ ਕਰੀਬ 4600 ਰੁਪਏ ਅਤੇ ਫਲੈਕਸੀ ਕੈਟਾਗਰੀ ਵਿਚ 5700 ਰੁਪਏ ਦੇ ਨੇੜੇ ਪਹੁੰਚ ਗਏ ਹਨ। ਇਸੇ ਤਰ੍ਹਾਂ ਬਿਜ਼ਨਸ ਕਲਾਸ ਦੇ ਕਿਰਾਏ ਵਿਚ ਵੀ ਜ਼ਬਰਦਸਤ ਵਾਧਾ ਦਰਜ ਕੀਤਾ ਗਿਆ ਹੈ, ਜੋ ਪਹਿਲਾਂ ਕਰੀਬ 18 ਹਜ਼ਾਰ ਰੁਪਏ ਸੀ, ਹੁਣ ਵੱਧ ਕੇ 19 ਹਜ਼ਾਰ ਤੋਂ ਪਾਰ ਹੁੰਦਾ ਹੋਇਆ 21 ਹਜ਼ਾਰ ਰੁਪਏ ਦੇ ਆਸ-ਪਾਸ ਦਰਸਾਇਆ ਜਾ ਰਿਹਾ ਹੈ।

# ਆਬਕਾਰੀ ਨੀਤੀ ਮਾਮਲਾ: ਅਰਵਿੰਦ ਕੇਜਰੀਵਾਲ ਦਿੱਲੀ ਹਾਈ ਕੋਰਟ 'ਚ ਪੇਸ਼

**ਨਵੀਂ ਦਿੱਲੀ, (ਪੰਜਾਬ ਮੇਲ)-** ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦਿੱਲੀ ਹਾਈ ਕੋਰਟ ਵਿਚ ਨਿੱਜੀ ਤੌਰ 'ਤੇ ਪੇਸ਼ ਹੋ ਕੇ ਆਬਕਾਰੀ ਨੀਤੀ ਮਾਮਲੇ 'ਚ ਜਸਟਿਸ ਸਵਰਨਾ ਕਾਂਤਾ ਸ਼ਰਮਾ ਨੂੰ ਸੁਣਵਾਈ ਤੋਂ ਲਾਂਭੇ ਹੋਣ ਦੀ ਮੰਗ ਕੀਤੀ ਹੈ। ਇਹ ਮਾਮਲਾ ਹੇਠਲੀ ਅਦਾਲਤ ਵੱਲੋਂ 'ਆਪ' ਦੇ ਕੌਮੀ ਕਨਵੀਨਰ ਅਤੇ ਹੋਰਨਾਂ ਮੁਲਜ਼ਮਾਂ ਨੂੰ ਬਰੀ ਕੀਤੇ ਜਾਣ ਦੇ ਫ਼ੈਸਲੇ ਖ਼ਿਲਾਫ਼ ਸੀ.ਬੀ.ਆਈ. ਦੀ ਪਟੀਸ਼ਨ ਨਾਲ ਸਬੰਧਤ ਹੈ। ਜਸਟਿਸ ਸ਼ਰਮਾ ਨੇ ਕੇਜਰੀਵਾਲ ਦੀ ਅਰਜ਼ੀ ਰਿਕਾਰਡ 'ਤੇ ਲੈਂਦਿਆਂ ਇਸ ਦੀ ਸੁਣਵਾਈ 13 ਅਪ੍ਰੈਲ 'ਤੇ ਪਾ ਦਿੱਤੀ ਹੈ।



ਸੀ.ਬੀ.ਆਈ. ਵੱਲੋਂ ਪੇਸ਼ ਹੋਏ ਸੌਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਕੇਜਰੀਵਾਲ ਦੀ ਵਿਅਕਤੀਗਤ ਤੌਰ 'ਤੇ ਪੇਸ਼ੀ ਅਤੇ ਅਰਜ਼ੀ 'ਤੇ ਸਖ਼ਤ ਇਤਰਾਜ਼ ਜਤਾਇਆ। ਉਨ੍ਹਾਂ ਕਿਹਾ ਕਿ ਅਦਾਲਤ 'ਡਰਾਮੇਬਾਜ਼ੀ' ਦਾ ਮੰਚ ਨਹੀਂ ਹੈ ਅਤੇ ਜੇ ਕੇਜਰੀਵਾਲ ਮਾਮਲੇ ਵਿਚ ਨਿੱਜੀ ਤੌਰ 'ਤੇ ਪੇਸ਼ ਹੋਣਾ ਚਾਹੁੰਦੇ ਹਨ, ਤਾਂ ਉਨ੍ਹਾਂ ਨੂੰ ਆਪਣਾ ਵਕੀਲ ਹਟਾ ਦੇਣਾ ਚਾਹੀਦਾ ਹੈ। ਉਨ੍ਹਾਂ ਅਨੁਸਾਰ ਇਹ ਸਾਜ਼ਿਸ਼ ਹੈ। 7 ਹੋਰ ਮੁਲਜ਼ਮਾਂ ਨੇ ਵੀ ਅਜਿਹੀਆਂ ਹੀ ਅਰਜ਼ੀਆਂ ਦਾਇਰ ਕੀਤੀਆਂ ਹਨ।

ਦੂਜੇ ਪਾਸੇ ਕੇਜਰੀਵਾਲ ਨੇ ਸਾਫ਼ ਕੀਤਾ ਕਿ ਉਹ ਇਸ ਮਾਮਲੇ ਵਿਚ ਖ਼ੁਦ ਬਹਿਸ ਕਰਨਗੇ ਅਤੇ ਵਕੀਲ ਰਾਹੀਂ ਪੇਸ਼ ਹੋਣ ਦੇ ਆਪਣੇ ਕਾਨੂੰਨੀ ਹੱਕ ਦੀ ਵਰਤੋਂ ਬਾਅਦ ਵਿਚ ਕਰਨਗੇ। ਉਨ੍ਹਾਂ ਅਦਾਲਤ ਨੂੰ ਬੇਨਤੀ ਕੀਤੀ ਕਿ ਉਹ ਤਕਨੀਕੀ ਮੁਸ਼ਕਲਾਂ ਕਾਰਨ ਅਰਜ਼ੀ ਈ-ਪੋਰਟਲ ਰਾਹੀਂ ਦਾਖ਼ਲ ਨਹੀਂ ਕਰ ਸਕੇ, ਇਸ ਲਈ ਇਸ ਨੂੰ ਸਿੱਧਾ ਰਿਕਾਰਡ 'ਤੇ ਲਿਆ ਜਾਵੇ।




# ਰਾਹੁਲ ਗਾਂਧੀ ਵਿਰੁੱਧ ਚੱਲ ਰਹੇ ਮਾਣਹਾਨੀ ਮਾਮਲੇ ਦੀ ਸੁਣਵਾਈ ਮੁਲਤਵੀ

**■17 ਅਪ੍ਰੈਲ ਨੂੰ ਹੋਵੇਗੀ ਅਗਲੀ ਸੁਣਵਾਈ**



ਨਵੀਂ ਦਿੱਲੀ, (ਪੰਜਾਬ ਮੇਲ)- ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਵਿਰੁੱਧ ਚੱਲ ਰਹੇ ਮਾਣਹਾਨੀ ਮਾਮਲੇ ਦੀ ਸੁਣਵਾਈ ਸੋਮਵਾਰ ਨੂੰ ਉੱਤਰ ਪ੍ਰਦੇਸ਼ ਦੇ ਸੁਲਤਾਨਪੁਰ ਜ਼ਿਲ੍ਹੇ ਦੀ ਸਾਂਸਦ-ਐੱਮ.ਐੱਲ.ਏ. ਅਦਾਲਤ ਵਿਚ ਮੁਲਤਵੀ ਕਰ ਦਿੱਤੀ ਗਈ। ਇਸ ਮਾਮਲੇ ਵਿਚ ਸੁਣਵਾਈ ਦੀ ਅਗਲੀ ਤਰੀਕ 17 ਅਪ੍ਰੈਲ ਨਿਰਧਾਰਤ ਕੀਤੀ ਗਈ ਹੈ। ਇਹ ਜਾਣਕਾਰੀ ਮਾਮਲੇ ਨਾਲ ਜੁੜੇ ਇੱਕ ਵਕੀਲ ਨੇ ਦਿੱਤੀ। ਸੁਣਵਾਈ ਇਸ ਲਈ ਮੁਲਤਵੀ ਕਰ ਦਿੱਤੀ ਗਈ, ਕਿਉਂਕਿ ਮੁੱਦਈ ਵਿਜੇ ਮਿਸ਼ਰਾ ਦੇ ਵਕੀਲ ਸੰਤੋਸ਼ ਕੁਮਾਰ ਪਾਂਡੇ ਪੇਸ਼ੇਵਰ ਰੁਝੇਵਿਆਂ ਕਾਰਨ ਸੋਮਵਾਰ ਨੂੰ ਅਦਾਲਤ ਵਿਚ ਪੇਸ਼ ਨਹੀਂ ਹੋ ਸਕੇ।

ਪਾਂਡੇ ਨੇ ਕਿਹਾ ਕਿ ਉਹ ਨਿੱਜੀ ਕੰਮ ਵਿਚ ਰੁੱਝੇ ਹੋਣ ਕਾਰਨ ਅਦਾਲਤ ਵਿਚ ਪੇਸ਼ ਨਹੀਂ ਹੋ ਸਕੇ। ਜ਼ਿਕਰਯੋਗ ਹੈ ਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਨੇਤਾ ਵਿਜੇ ਮਿਸ਼ਰਾ ਨੇ ਇਹ ਸ਼ਿਕਾਇਤ ਅਕਤੂਬਰ 2018 ਵਿਚ ਦਾਇਰ ਕੀਤੀ ਸੀ। ਇਹ ਮਾਮਲਾ 2018 ਵਿਚ ਕਰਨਾਟਕ ਚੋਣ ਪ੍ਰਚਾਰ ਦੌਰਾਨ ਤਤਕਾਲੀ ਭਾਜਪਾ ਪ੍ਰਧਾਨ ਅਮਿਤ ਸ਼ਾਹ ਵਿਰੁੱਧ ਕੀਤੀਆਂ ਗਈਆਂ ਕਥਿਤ ਇਤਰਾਜ਼ਯੋਗ ਟਿੱਪਣੀਆਂ ਤੋਂ ਪੈਦਾ ਹੋਇਆ ਹੈ। ਇਨ੍ਹਾਂ ਟਿੱਪਣੀਆਂ ਤੋਂ ਬਾਅਦ ਸੁਲਤਾਨਪੁਰ ਦੇ ਨਿਵਾਸੀ ਮਿਸ਼ਰਾ ਨੇ ਮੁਕੱਦਮਾ ਦਾਇਰ ਕੀਤਾ। ਇਸ ਮਾਮਲੇ ਦੇ ਸੰਬੰਧ ਵਿਚ ਰਾਹੁਲ ਗਾਂਧੀ ਨੇ 20 ਫਰਵਰੀ, 2024 ਨੂੰ ਅਦਾਲਤ ਵਿਚ ਆਤਮ-ਸਮਰਪਣ ਕਰ ਦਿੱਤਾ ਸੀ।

ਵਿਸ਼ੇਸ਼ ਜੱਜ ਨੇ ਉਨ੍ਹਾਂ ਨੂੰ 25,000 ਰੁਪਏ ਦੇ ਦੋ ਨਿੱਜੀ ਮੁਚਲਕੇ ਭਰਨ 'ਤੇ ਜ਼ਮਾਨਤ ਦੇ ਦਿੱਤੀ। ਇਸ ਤੋਂ ਬਾਅਦ 26 ਜੁਲਾਈ, 2024 ਨੂੰ ਰਾਹੁਲ ਗਾਂਧੀ ਆਪਣਾ ਬਿਆਨ ਦਰਜ ਕਰਵਾਉਣ ਲਈ ਦੁਬਾਰਾ ਅਦਾਲਤ ਵਿਚ ਪੇਸ਼ ਹੋਏ, ਆਪਣੀ ਬੇਗੁਨਾਹੀ ਦਾ ਦਾਅਵਾ ਕੀਤਾ। ਉਨ੍ਹਾਂ ਨੇ ਇਸ ਮਾਮਲੇ ਨੂੰ "ਰਾਜਨੀਤਿਕ ਸਾਜ਼ਿਸ਼" ਕਰਾਰ ਦਿੱਤਾ।

# ਪੰਜਾਬ 'ਚ ਨਗਰ ਨਿਗਮ ਚੋਣਾਂ ਲਈ ਰਾਹ ਪੱਧਰਾ

**■ ਮਿਆਦ ਪੁਗਾਉਣ ਵਾਲੇ ਨਿਗਮਾਂ ਤੇ ਕੌਂਸਲਾਂ ਦੇ ਪ੍ਰਸ਼ਾਸਕ ਨਿਯੁਕਤ; ਮਈ 'ਚ ਚੋਣਾਂ ਦੀ ਸੰਭਾਵਨਾ**



ਬਠਿੰਡਾ, (ਪੰਜਾਬ ਮੇਲ)- ਪੰਜਾਬ ਵਿਚ ਨਗਰ ਨਿਗਮ ਚੋਣਾਂ ਲਈ ਰਾਹ ਪੱਧਰਾ ਹੋ ਗਿਆ ਹੈ। ਪੰਜਾਬ ਸਰਕਾਰ ਨੇ ਕਾਰਜਕਾਲ ਮੁਕੰਮਲ ਕਰਨ ਵਾਲੇ 9 ਨਗਰ ਨਿਗਮਾਂ ਅਤੇ 102 ਨਗਰ ਕੌਂਸਲਾਂ/ਨਗਰ ਪੰਚਾਇਤਾਂ ਦਾ ਕੰਮਕਾਜ ਚਲਾਉਣ ਲਈ ਪ੍ਰਸ਼ਾਸਕ ਨਿਯੁਕਤ ਕੀਤੇ ਹਨ। ਆਉਂਦੇ ਹਫ਼ਤਿਆਂ 'ਚ ਇਨ੍ਹਾਂ ਦੀ ਮਿਆਦ ਮੁਕੰਮਲ ਹੋਣੀ ਹੈ। ਸੂਬਾ ਸਰਕਾਰ ਵੱਲੋਂ ਵਾਢੀ ਦੇ ਸੀਜ਼ਨ ਮਗਰੋਂ ਮਈ 'ਚ ਚੋਣਾਂ ਕਰਾਉਣ ਦੀ ਸੰਭਾਵਨਾ ਹੈ। ਸਰਕਾਰ ਜਲਦੀ ਹੀ ਰਾਜ ਚੋਣ ਕਮਿਸ਼ਨ ਨੂੰ ਇਸ ਸਬੰਧੀ ਸਿਫ਼ਾਰਸ਼ ਭੇਜ ਸਕਦੀ ਹੈ।

ਆਮ ਆਦਮੀ ਪਾਰਟੀ, ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਲਈ ਇਹ ਚੋਣਾਂ ਸ਼ਹਿਰੀ ਵੋਟਰਾਂ ਦੀ ਨਬਜ਼ ਟੋਹਣ ਵਾਸਤੇ ਅਹਿਮ ਹਨ। ਸਥਾਨਕ ਸਰਕਾਰਾਂ ਵਿਭਾਗ ਵੱਲੋਂ ਦੋ ਵੱਖ-ਵੱਖ ਨੋਟੀਫ਼ਿਕੇਸ਼ਨ ਜਾਰੀ ਕੀਤੇ ਗਏ ਹਨ। ਇਨ੍ਹਾਂ ਵਿਚ ਨੌਂ ਨਗਰ ਨਿਗਮਾਂ- ਅਬੋਹਰ, ਬਠਿੰਡਾ, ਬਰਨਾਲਾ, ਮੁਹਾਲੀ, ਹੁਸ਼ਿਆਰਪੁਰ, ਬਟਾਲਾ, ਪਠਾਨਕੋਟ, ਕਪੂਰਥਲਾ ਅਤੇ ਮੋਗਾ ਲਈ ਸਬੰਧਤ ਕਮਿਸ਼ਨਰਾਂ ਨੂੰ ਪ੍ਰਸ਼ਾਸਕ ਨਿਯੁਕਤ ਕੀਤਾ ਗਿਆ ਹੈ, ਜੋ ਨਿਗਮਾਂ ਦਾ ਕਾਰਜਕਾਲ ਸਮਾਪਤ ਹੁੰਦੇ ਹੀ ਬਤੌਰ ਪ੍ਰਸ਼ਾਸਕ ਆਪਣਾ ਕੰਮ ਸ਼ੁਰੂ ਕਰਨਗੇ। ਬਰਨਾਲਾ ਨਗਰ ਕੌਂਸਲ ਨੂੰ 14 ਨਵੰਬਰ 2025 ਨੂੰ ਨਗਰ ਨਿਗਮ ਦਾ ਦਰਜਾ ਮਿਲਿਆ ਹੈ ਤੇ ਉਸ ਦੀ ਇਹ ਪਹਿਲੀ ਚੋਣ ਹੋਵੇਗੀ।

ਉਪ-ਮੰਡਲਾਂ ਦੇ ਉਪ-ਮੰਡਲ ਮੈਜਿਸਟਰੇਟਾਂ ਨੂੰ 102 ਨਗਰ ਕੌਂਸਲਾਂ/ਨਗਰ ਪੰਚਾਇਤਾਂ ਦਾ ਪ੍ਰਸ਼ਾਸਕ ਲਾਇਆ ਗਿਆ ਹੈ। ਨਗਰ ਕੌਂਸਲਾਂ ਦੀ ਪੰਜ ਸਾਲ ਦੀ ਮਿਆਦ 5 ਅਪ੍ਰੈਲ ਤੋਂ 17 ਜੂਨ ਦਰਮਿਆਨ ਖ਼ਤਮ ਹੋ ਰਹੀ ਹੈ। ਨਗਰ ਕੌਂਸਲ ਨਾਭਾ ਦਾ ਕਾਰਜਕਾਲ 5 ਅਪ੍ਰੈਲ ਨੂੰ ਖ਼ਤਮ ਹੋ ਗਿਆ ਸੀ, ਜਦੋਂਕਿ ਨਗਰ ਕੌਂਸਲ ਕੋਟਕਪੂਰਾ ਦੀ ਮਿਆਦ 17 ਜੂਨ ਨੂੰ ਖ਼ਤਮ ਹੋਵੇਗੀ। ਨਗਰ ਨਿਗਮਾਂ ਅਤੇ ਕੌਂਸਲਾਂ ਦੀ ਵਾਰਡਬੰਦੀ ਦੇ ਅਮਲ ਨੂੰ ਹਾਈ ਕੋਰਟ 'ਚ ਚੁਣੌਤੀ ਦਿੱਤੀ ਗਈ ਸੀ। ਹਾਈ ਕੋਰਟ ਦੇ ਹੁਕਮਾਂ 'ਤੇ 31 ਦਸੰਬਰ, 2025 ਨੂੰ ਜਾਂ ਇਸ ਤੋਂ ਪਹਿਲਾਂ ਮੁਕੰਮਲ ਹੋਈ ਵਾਰਡਬੰਦੀ ਦੇ ਅਮਲ ਨੂੰ ਬਰਕਰਾਰ ਰੱਖਿਆ ਗਿਆ ਹੈ।

# ਟਰੰਪ ਵੱਲੋਂ ਹਵਾਈ ਅੱਡਿਆਂ ਦੀ ਸੁਰੱਖਿਆ ਹੁਣ ਨਿੱਜੀ ਹੱਥਾਂ 'ਚ ਦੇਣ ਦੀ ਤਿਆਰੀ



ਵਾਸ਼ਿੰਗਟਨ, (ਪੰਜਾਬ ਮੇਲ)- ਰਾਸ਼ਟਰਪਤੀ ਡੋਨਾਲਡ ਟਰੰਪ ਨੇ 4 ਅਪ੍ਰੈਲ ਨੂੰ ਪੈਸੇ ਦੀ ਬਚਤ ਕਰਨ ਦੇ ਉਦੇਸ਼ ਨਾਲ, ਟਰਾਂਸਪੋਰਟੇਸ਼ਨ ਸਕਿਓਰਿਟੀ ਐਡਮਿਨਿਸਟ੍ਰੇਸ਼ਨ (ਟੀ.ਐੱਸ.ਏ.) ਦੁਆਰਾ ਸੰਭਾਲੇ ਜਾਂਦੇ ਹਵਾਈ ਅੱਡਿਆਂ ਦੇ ਸੁਰੱਖਿਆ ਕਾਰਜਾਂ ਦਾ ਨਿੱਜੀਕਰਨ ਸ਼ੁਰੂ ਕਰਨ ਦਾ ਪ੍ਰਸਤਾਵ ਦਿੱਤਾ ਹੈ। ਵ੍ਹਾਈਟ ਹਾਊਸ ਦੇ ਬਜਟ ਵਿਚ 11 ਸਤੰਬਰ 2001 ਦੇ ਹਮਲਿਆਂ ਤੋਂ ਬਾਅਦ ਬਣਾਈ ਗਈ ਇਸ ਸੰਘੀ ਏਜੰਸੀ ਦੇ ਫੰਡਾਂ 'ਚ 52 ਮਿਲੀਅਨ ਡਾਲਰ ਦੀ ਕਟੌਤੀ ਕਰਨ ਦਾ ਪ੍ਰਸਤਾਵ ਹੈ। ਇਸ ਦੇ ਨਾਲ ਹੀ ਛੋਟੇ ਹਵਾਈ ਅੱਡਿਆਂ ਲਈ ਅਜਿਹੇ ਪ੍ਰੋਗਰਾਮ ਵਿਚ ਸ਼ਾਮਲ ਹੋਣਾ ਲਾਜ਼ਮੀ ਹੋਵੇਗਾ, ਜਿੱਥੇ ਟੀ.ਐੱਸ.ਏ. ਨਿੱਜੀ ਸਕ੍ਰੀਨਰਾਂ (ਜਾਂਚਕਰਤਾਵਾਂ) ਲਈ ਭੁਗਤਾਨ ਕਰੇਗਾ। ਵਰਤਮਾਨ ਵਿਚ, ਟੀ.ਐੱਸ.ਏ. ਕੋਲ ਲਗਭਗ 50,000 ਸੰਘੀ ਕਰਮਚਾਰੀ ਹਨ, ਜੋ ਲਗਭਗ ਸਾਰੇ ਅਮਰੀਕੀ ਹਵਾਈ ਅੱਡਿਆਂ 'ਤੇ ਸਕ੍ਰੀਨਿੰਗ ਦਾ ਕੰਮ ਕਰਦੇ ਹਨ।

4 ਅਪ੍ਰੈਲ ਨੂੰ ਜਾਰੀ ਕੀਤੇ ਗਏ ਬਜਟ ਦਸਤਾਵੇਜ਼ਾਂ ਵਿਚ ਕਿਹਾ ਗਿਆ ਹੈ ਕਿ ਜੋ ਹਵਾਈ ਅੱਡੇ ਇਸ ਸਮੇਂ ਨਿੱਜੀਕਰਨ ਪ੍ਰੋਗਰਾਮ ਦੀ ਵਰਤੋਂ ਕਰ ਰਹੇ ਹਨ, ਉਨ੍ਹਾਂ ਨੇ ਸੰਘੀ ਸਕ੍ਰੀਨਿੰਗ ਕਾਰਜਾਂ ਦੇ ਮੁਕਾਬਲੇ ਬਚਤ ਕਰਕੇ ਦਿਖਾਈ ਹੈ। ਪਿਛਲੇ ਹਫ਼ਤਿਆਂ ਵਿਚ, ਅਮਰੀਕਾ ਦੇ ਮੁੱਖ ਹਵਾਈ ਅੱਡਿਆਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ ਕਿਉਂਕਿ ਬਜਟ ਵਿਵਾਦ ਕਾਰਨ ਫੰਡ ਰੁਕ ਜਾਣ ਕਰਕੇ ਟੀ.ਐੱਸ.ਏ. ਅਧਿਕਾਰੀਆਂ ਨੂੰ ਫਰਵਰੀ ਦੇ ਅੱਧ ਤੋਂ ਤਨਖਾਹ ਨਹੀਂ ਮਿਲੀ ਸੀ। ਕਾਂਗਰਸ ਵਿਚ ਇਸ ਰੇੜਕੇ ਕਾਰਨ 10 ਪ੍ਰਤੀਸ਼ਤ ਜਾਂ ਉਸ ਤੋਂ ਵੱਧ ਕਰਮਚਾਰੀ ਗੈਰ-ਹਾਜ਼ਰ ਰਹਿਣ ਲੱਗੇ, ਜਿਸ ਨਾਲ ਹਵਾਈ ਅੱਡਿਆਂ 'ਤੇ ਹਫੜਾ-ਦਫੜੀ ਮਚ ਗਈ ਅਤੇ ਸੁਰੱਖਿਆ ਲਈ ਲੰਬੀਆਂ ਲਾਈਨਾਂ ਲੱਗ ਗਈਆਂ। ਏਜੰਸੀ ਨੇ 30 ਮਾਰਚ ਨੂੰ ਦੱਸਿਆ ਕਿ ਤਨਖਾਹ ਮਿਲਣ ਤੋਂ ਬਾਅਦ ਗੈਰ-ਹਾਜ਼ਰੀ ਦੀ ਦਰ ਘਟ ਕੇ 8.6% ਰਹਿ ਗਈ ਹੈ।

ਨਿੱਜੀਕਰਨ ਟੀ.ਐੱਸ.ਏ. ਨੂੰ ਕਾਂਗਰਸ ਦੇ ਫੰਡਿੰਗ ਝਗੜਿਆਂ ਤੋਂ ਦੂਰ ਰੱਖਣ ਵਿਚ ਮਦਦ ਕਰ ਸਕਦਾ ਹੈ। ਹਵਾਈ ਅੱਡੇ ਦੀ ਸੁਰੱਖਿਆ ਏਜੰਸੀ ਵਿਚ ਕਟੌਤੀ ਅਜਿਹੇ ਨਾਜ਼ੁਕ ਸਮੇਂ 'ਤੇ ਹੋ ਰਹੀ ਹੈ, ਜਦੋਂ ਹਵਾਈ ਯਾਤਰਾ ਦੀ ਸੁਰੱਖਿਆ ਨੂੰ ਲੈ ਕੇ ਚਿੰਤਾਵਾਂ ਵਧ ਰਹੀਆਂ ਹਨ। ਹਾਲ ਹੀ ਦੇ ਹਫ਼ਤਿਆਂ ਵਿਚ 500 ਤੋਂ ਵੱਧ ਟੀ.ਐੱਸ.ਏ. ਅਧਿਕਾਰੀ ਨੌਕਰੀ ਛੱਡ ਚੁੱਕੇ ਹਨ ਅਤੇ ਏਅਰ ਟ੍ਰੈਫਿਕ ਕੰਟਰੋਲਰਾਂ ਦੀ ਵੀ ਪੁਰਾਣੀ ਕਮੀ ਚੱਲ ਰਹੀ ਹੈ। ਹਾਲਾਂਕਿ, ਟਰੰਪ ਦੇ ਬਜਟ ਵਿਚ ਹੋਰ ਕੰਟਰੋਲਰਾਂ ਦੀ ਭਰਤੀ ਲਈ ਪੈਸਾ ਸ਼ਾਮਲ ਕੀਤਾ ਗਿਆ ਹੈ।




ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਪ੍ਰਗਟ ਕੀਤੇ ਖਾਲਸਾ ਦੇ ਜਨਮ ਦਿਹਾੜੇ ਵਿਸਾਖੀ ਦੀਆਂ ਸਮੂਹ ਸਿੱਖ ਜਗਤ ਨੂੰ ਲੱਖ-ਲੱਖ ਮੁਬਾਰਕਾਂ



# ਪੰਜਾਬ ਸਰਕਾਰ ਵਿੱਤੀ ਵਰ੍ਹੇ ਦੇ ਪਹਿਲੇ ਹਫਤੇ ਹੀ 1500 ਕਰੋੜ ਦਾ ਚੁੱਕੇਗੀ ਨਵਾਂ ਕਰਜ਼ਾ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਸਰਕਾਰ ਚਾਲੂ ਵਿੱਤੀ ਵਰ੍ਹੇ 2026-27 ਦੇ ਪਹਿਲੇ ਹਫ਼ਤੇ ਹੀ 1500 ਕਰੋੜ ਦਾ ਨਵਾਂ ਕਰਜ਼ਾ ਚੁੱਕੇਗੀ। ਇਹ ਕਰਜ਼ਾ ਯੋਜਨਾਵਾਂ ਅਤੇ ਵਿਕਾਸ ਸਕੀਮਾਂ ਲਈ ਪੂੰਜੀਗਤ ਖ਼ਰਚੇ ਵਜੋਂ ਦਸ ਸਾਲਾਂ ਦੀ ਮਿਆਦ ਲਈ ਚੁੱਕਿਆ ਜਾ ਰਿਹਾ ਹੈ। ਕਰਜ਼ ਲੈਣ ਲਈ ਨੋਟੀਫ਼ਿਕੇਸ਼ਨ 2 ਅਪ੍ਰੈਲ ਨੂੰ ਜਾਰੀ ਕੀਤਾ ਗਿਆ ਹੈ। ਪੰਜਾਬ ਦੇ ਵਿੱਤ ਵਿਭਾਗ ਦੇ ਅਧਿਕਾਰੀ ਆਖਦੇ ਹਨ ਕਿ ਸੂਬਾ ਸਰਕਾਰ 'ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ (ਐੱਫ.ਆਰ.ਬੀ.ਐੱਮ.)' ਤਹਿਤ ਤੈਅ ਕਰਜ਼ ਸੀਮਾ ਤਹਿਤ ਹੀ ਨਵਾਂ ਕਰਜ਼ਾ ਲੈ ਰਹੀ ਹੈ। ਪੰਜਾਬ ਸਰਕਾਰ ਚਾਲੂ ਵਿੱਤੀ ਵਰ੍ਹੇ ਦੌਰਾਨ ਮਾਰਕੀਟ ਉਧਾਰ ਜ਼ਰੀਏ 43,798.38 ਕਰੋੜ ਦਾ ਕਰਜ਼ਾ ਚੁੱਕਣ ਦੀ ਇੱਛਕ ਹੈ।

ਵਿਰੋਧੀ ਧਿਰਾਂ ਦੇ ਆਗੂਆਂ ਨੇ ਸੂਬੇ ਦੀ ਵਿਗੜ ਰਹੀ ਵਿੱਤੀ ਹਾਲਤ ਦੇ ਮੱਦੇਨਜ਼ਰ ਸੱਤਾਧਾਰੀ ਧਿਰ ਨੂੰ ਕਰਜ਼ੇ ਦੇ ਮੁੱਦੇ 'ਤੇ ਘੇਰਿਆ ਹੈ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ, ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਅਤੇ ਕਾਂਗਰਸੀ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਦੋਸ਼ ਲਾਏ ਹਨ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦਾ ਭਵਿੱਖ ਗਿਰਵੀ ਰੱਖਿਆ ਜਾ ਰਿਹਾ ਹੈ। ਆਗੂ ਆਖਦੇ ਹਨ ਕਿ ਨਵੀਆਂ ਦੇਣਦਾਰੀਆਂ ਪਹਿਲਾਂ ਹੀ ਵਧ ਰਹੇ 4.07 ਲੱਖ ਕਰੋੜ ਰੁਪਏ ਦੇ ਕਰਜ਼ੇ 'ਚ ਸ਼ਾਮਲ ਹੋ ਜਾਣੀਆਂ ਹਨ। ਵਿੱਤ ਵਿਭਾਗ ਦੇ ਅਧਿਕਾਰੀ ਆਖਦੇ ਹਨ ਕਿ ਪੁਰਾਣਾ ਕਰਜ਼ਾ ਲਾਹੁਣ ਲਈ ਨਵੇਂ ਕਰਜ਼ੇ ਦਾ ਇੱਕ ਹਿੱਸਾ ਵਰਤਿਆ ਜਾਵੇਗਾ।

## 10 ਸਾਲ ਦੀ ਮਿਆਦ ਲਈ ਲਿਆ ਜਾਵੇਗਾ ਕਰਜ਼ਾ

ਅਧਿਕਾਰੀ ਆਖਦੇ ਹਨ ਕਿ ਪੰਜਾਬ ਸਰਕਾਰ ਨੇ ਅਪ੍ਰੈਲ 2016 'ਚ ਵਿਕਾਸ ਕੰਮਾਂ ਲਈ 1600 ਕਰੋੜ ਦਾ ਕਰਜ਼ਾ ਚੁੱਕਣ ਲਈ ਆਪਣੇ ਸਟਾਕਾਂ ਦੀ ਨਿਲਾਮੀ ਕੀਤੀ ਸੀ, ਜਿਨ੍ਹਾਂ ਦੀ ਅਦਾਇਗੀ 27 ਅਪ੍ਰੈਲ ਨੂੰ ਹੋਣੀ ਹੈ। ਹਾਲਾਂਕਿ ਇਸ 1600 ਕਰੋੜ ਰੁਪਏ ਦੇ ਕਰਜ਼ੇ 'ਚੋਂ ਕੁੱਝ ਕਰਜ਼ਾ ਵਾਪਸ ਕੀਤਾ ਜਾ ਚੁੱਕਿਆ ਹੈ, ਜਦੋਂ ਕਿ ਕਰੀਬ ਇੱਕ ਹਜ਼ਾਰ ਕਰੋੜ ਰੁਪਏ 27 ਅਪ੍ਰੈਲ ਨੂੰ ਵਾਪਸ ਕਰਨੇ ਹਨ। ਇਸ 'ਚੋਂ ਬਚਿਆ ਕਰਜ਼ਾ ਯੋਜਨਾਵਾਂ ਲਈ ਵਰਤਿਆ ਜਾਣਾ ਹੈ।

ਵਿੱਤੀ ਸਾਲ 2026-27 ਦੌਰਾਨ ਜੋ 43,798.38 ਕਰੋੜ ਦਾ ਕਰਜ਼ਾ ਚੁੱਕਿਆ ਜਾਣਾ ਹੈ, ਉਸ 'ਚੋਂ 42,481.45 ਕਰੋੜ ਤਾਂ ਪੁਰਾਣੇ ਕਰਜ਼ਿਆਂ ਦੀ ਅਦਾਇਗੀ ਆਦਿ ਲਈ ਖ਼ਰਚੇ ਜਾਣੇ ਹਨ, ਜਦੋਂ ਕਿ ਬਾਕੀ 1315.93 ਕਰੋੜ ਰੁਪਏ ਹੀ ਵਿਕਾਸ ਕੰਮਾਂ ਲਈ ਵਰਤੇ ਜਾਣਗੇ। ਪਿਛਾਂਹ ਦੇਖੀਏ ਤਾਂ 31 ਮਾਰਚ 2025 ਤੱਕ ਪੰਜਾਬ 'ਤੇ 3.83 ਲੱਖ ਕਰੋੜ ਦਾ ਕਰਜ਼ਾ ਸੀ, ਜੋ ਕੁੱਲ ਘਰੇਲੂ ਉਤਪਾਦ ਦਾ 44 ਫ਼ੀਸਦੀ ਤੋਂ ਵੱਧ ਬਣਦਾ ਹੈ। 'ਆਪ' ਸਰਕਾਰ ਦੇ ਸੱਤਾ 'ਚ ਆਉਣ ਸਮੇਂ ਪੰਜਾਬ 'ਤੇ 2.82 ਕਰੋੜ ਦਾ ਕਰਜ਼ਾ ਸੀ। ਕਾਂਗਰਸ ਸਮੇਂ ਸਾਲ 2017-18 'ਚ ਪੰਜਾਬ 'ਤੇ ਕਰਜ਼ਾ 1.82 ਲੱਖ ਕਰੋੜ ਰੁਪਏ ਸੀ।

# ਸੂਹ ਦੇ ਆਧਾਰ 'ਤੇ ਨੌਜਵਾਨਾਂ ਖਿਲਾਫ਼ ਕੇਸ ਦਰਜ ਨਾ ਹੋਣ: ਪੰਜਾਬ ਅਤੇ ਹਰਿਆਣਾ ਹਾਈ ਕੋਰਟ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਪੁਲਿਸ ਨੂੰ ਮਹਿਜ਼ ਗੁਪਤ ਜਾਣਕਾਰੀ (ਸੂਹ) ਜਾਂ ਖ਼ਾਸਕਰ ਕਥਿਤ ਹਥਿਆਰਾਂ ਦੀ ਬਰਾਮਦਗੀ ਨਾਲ ਜੁੜੇ ਕੇਸਾਂ ਵਿਚ ਸਹਿ-ਮੁਲਜ਼ਮਾਂ ਦੇ ਬਿਆਨਾਂ ਦੇ ਆਧਾਰ 'ਤੇ ਨੌਜਵਾਨਾਂ ਖਿਲਾਫ਼ ਕੇਸ ਦਰਜ ਕਰਨ ਤੋਂ ਵਰਜਿਆ ਹੈ। ਬੈਂਚ ਨੇ ਸਪੱਸ਼ਟ ਕੀਤਾ ਕਿ ਨੌਜਵਾਨਾਂ ਖਿਲਾਫ਼ ਐੱਫ.ਆਈ.ਆਰ. ਦਰਜ ਕਰਨ ਤੋਂ ਪਹਿਲਾਂ ਸਹੀ ਤਸਦੀਕ ਅਤੇ ਪ੍ਰਕਿਰਿਆ ਦੀ ਪਾਲਣਾ ਜ਼ਰੂਰੀ ਹੈ। ਜਸਟਿਸ ਸੰਜੈ ਵਸ਼ਿਸ਼ਟ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਨੌਜਵਾਨਾਂ ਨੂੰ ਮਹਿਜ਼ ਸਹਿ-ਮੁਲਜ਼ਮ ਦੇ ਬਿਆਨ ਦੇ ਆਧਾਰ 'ਤੇ, ਬਿਨਾਂ ਕਿਸੇ ਨਿਰਪੱਖ ਤਸਦੀਕ ਦੇ, ਮੁਲਜ਼ਮ ਵਜੋਂ ਨਾਮਜ਼ਦ ਨਾ ਕੀਤਾ ਜਾਵੇ। ਜਸਟਿਸ ਵਸ਼ਿਸ਼ਟ ਨੇ ਸਰਕਾਰੀ ਮਸ਼ੀਨਰੀ ਨੂੰ ਕਿਹਾ ਕਿ ਉਹ ਜਾਂਚ ਦੇ ਅਮਲ ਦੌਰਾਨ ਇਨ੍ਹਾਂ ਸੁਰੱਖਿਆ ਉਪਾਵਾਂ ਨੂੰ ਅਮਲੀ ਰੂਪ ਵਿਚ ਲਾਗੂ ਕਰਨ।

# ਪਿਸ਼ਾਵਰ 'ਚ ਮਰਹੂਮ ਅਦਾਕਾਰ ਰਾਜ ਕਪੂਰ ਦੀ ਹਵੇਲੀ ਨੂੰ ਪੁੱਜਾ ਨੁਕਸਾਨ

**ਪਿਸ਼ਾਵਰ, (ਪੰਜਾਬ ਮੇਲ)-** ਉੱਘੇ ਅਦਾਕਾਰ ਰਾਜ ਕਪੂਰ ਦੀ ਇਥੇ ਇਤਿਹਾਸਕ ਹਵੇਲੀ ਦਾ ਇਕ ਹਿੱਸਾ ਮੋਹਲੇਧਾਰ ਮੀਂਹ ਅਤੇ ਸ਼ੁੱਕਰਵਾਰ ਰਾਤ ਆਏ ਭੂਚਾਲ ਮਗਰੋਂ ਡਿੱਗ ਗਿਆ। ਖ਼ੈਬਰ ਪਖ਼ਤੂਨਖ਼ਵਾ ਸੂਬੇ 'ਚ ਪੈਂਦੀ ਸਦੀ ਪੁਰਾਣੀ ਕਪੂਰ ਹਵੇਲੀ ਨੂੰ ਲਹਿੰਦੇ ਪੰਜਾਬ ਦੀ ਸਰਕਾਰ ਨੇ 2016 'ਚ ਕੌਮੀ ਵਿਰਾਸਤ ਐਲਾਨਿਆ ਸੀ। ਅਧਿਕਾਰੀਆਂ ਨੇ ਕਿਹਾ ਕਿ ਹਵੇਲੀ ਪਹਿਲਾਂ ਹੀ ਲਗਾਤਾਰ ਪੈ ਰਹੇ ਮੀਂਹ ਕਾਰਨ ਨੁਕਸਾਨੀ ਜਾ ਚੁੱਕੀ ਸੀ ਪਰ ਸ਼ੁੱਕਰਵਾਰ ਆਏ ਭੂਚਾਲ ਨੇ ਉਸ ਦੀਆਂ ਚੂਲਾਂ ਹੋਰ ਹਿਲਾ ਦਿੱਤੀਆਂ ਹਨ।

## ਮੋਹਲੇਧਾਰ ਮੀਂਹ ਅਤੇ ਭੂਚਾਲ ਮਗਰੋਂ ਹਵੇਲੀ ਦਾ ਕੁਝ ਹਿੱਸਾ ਡਿੱਗਿਆ



ਖ਼ੈਬਰ ਪਖ਼ਤੂਨਖ਼ਵਾ ਸੂਬੇ ਦੀ ਵਿਰਾਸਤੀ ਕੌਂਸਲ ਦੇ ਸਕੱਤਰ ਸ਼ਕੀਲ ਵਹੀਦਉੱਲਾ ਨੇ ਕਿਹਾ ਕਿ ਭੂਚਾਲ ਮਗਰੋਂ ਹਵੇਲੀ ਦੀ ਦੀਵਾਰ ਦਾ ਇਕ ਹਿੱਸਾ ਢਹਿ ਗਿਆ, ਜਿਸ ਨਾਲ ਬਾਕੀ ਢਾਂਚੇ ਦੀ ਸੁਰੱਖਿਆ ਬਾਰੇ ਚਿੰਤਾ ਖੜ੍ਹੀ ਹੋ ਗਈ ਹੈ। ਘਟਨਾ 'ਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਵਹੀਦੁੱਲਾ ਨੇ ਪੁਰਾਤੱਤਵ ਵਿਭਾਗ ਅਤੇ ਸੂਬਾ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਇਤਿਹਾਸਕ ਹਵੇਲੀ ਦੀ ਸਾਂਭ-ਸੰਭਾਲ ਲਈ ਫੌਰੀ ਕਦਮ ਚੁੱਕਣ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇ ਹਵੇਲੀ ਦੀ ਸਾਰ ਨਾ ਲਈ ਗਈ, ਤਾਂ ਖ਼ਿੱਤੇ ਦੀ ਸੱਭਿਆਚਾਰਕ ਵਿਰਾਸਤ ਨੂੰ ਵੱਡਾ ਨੁਕਸਾਨ ਹੋਵੇਗਾ। ਹਵੇਲੀ 'ਚ 40 ਕਮਰੇ ਹਨ।




# ਏ.ਆਈ. ਰਾਹੀਂ ਚੀਨ ਕਰ ਰਿਹੈ ਅਮਰੀਕੀ ਫੌਜੀ ਗਤੀਵਿਧੀਆਂ ਨੂੰ ਟ੍ਰੈਕ!




**ਵਾਸ਼ਿੰਗਟਨ, (ਪੰਜਾਬ ਮੇਲ)-** ਈਰਾਨ ਨਾਲ ਜਾਰੀ ਜੰਗ ਦੇ ਵਿਚਕਾਰ ਚੀਨ ਵੱਲੋਂ ਅਮਰੀਕੀ ਫੌਜ ਦੀਆਂ ਗੁਪਤ ਹਰਕਤਾਂ ਨੂੰ ਬੇਪਰਦ ਕਰਨ ਦਾ ਇੱਕ ਵੱਡਾ ਖੁਲਾਸਾ ਹੋਇਆ ਹੈ। ਇੱਕ ਤਾਜ਼ਾ ਰਿਪੋਰਟ ਅਨੁਸਾਰ ਚੀਨੀ ਕੰਪਨੀਆਂ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਅਤੇ ਓਪਨ-ਸੋਰਸ ਡਾਟਾ ਦੀ ਵਰਤੋਂ ਕਰਕੇ ਮੱਧ ਪੂਰਬ ਵਿਚ ਅਮਰੀਕੀ ਫੌਜੀ ਗਤੀਵਿਧੀਆਂ ’ਤੇ ਬਾਰੀਕੀ ਨਾਲ ਨਜ਼ਰ ਰੱਖ ਰਹੀਆਂ ਹਨ। ਇਸ ਘਟਨਾਕ੍ਰਮ ਨੇ ਵਾਸ਼ਿੰਗਟਨ ਵਿਚ ਸੁਰੱਖਿਆ ਸਬੰਧੀ ਗੰਭੀਰ ਚਿੰਤਾਵਾਂ ਪੈਦਾ ਕਰ ਦਿੱਤੀਆਂ ਹਨ। ਹਾਲਾਂਕਿ ਚੀਨ ਨੇ ਜਨਤਕ ਤੌਰ ’ਤੇ ਆਪਣੇ ਆਪ ਨੂੰ ਟਕਰਾਅ ਤੋਂ ਦੂਰ ਕਰ ਲਿਆ ਹੈ।

ਰਿਪੋਰਟ ਅਨੁਸਾਰ ਵੱਡੀ ਗਿਣਤੀ ਵਿਚ ਚੀਨੀ ਨਿੱਜੀ ਕੰਪਨੀਆਂ ਅਜਿਹੇ ਇੰਟੈਲੀਜੈਂਸ ਟੂਲਸ ਦੀ ਮਾਰਕੀਟਿੰਗ ਕਰ ਰਹੀਆਂ ਹਨ, ਜੋ ਅਮਰੀਕੀ ਫੌਜਾਂ ਦੀ ਮੌਜੂਦਗੀ ਅਤੇ ਉਨ੍ਹਾਂ ਦੀ ਹਰਕਤ ਨੂੰ ‘ਐਕਸਪੋਜ਼’ (ਬੇਪਰਦ) ਕਰਨ ਦਾ ਦਾਅਵਾ ਕਰਦੇ ਹਨ। ਇਹ ਕੰਪਨੀਆਂ ਏ.ਆਈ. ਨੂੰ ਸੈਟੇਲਾਈਟ ਤਸਵੀਰਾਂ, ਫਲਾਈਟ ਟਰੈਕਰਾਂ ਅਤੇ ਸ਼ਿਪਿੰਗ ਜਾਣਕਾਰੀ ਵਰਗੇ ਜਨਤਕ ਤੌਰ ’ਤੇ ਉਪਲਬਧ ਡਾਟਾ ਨਾਲ ਜੋੜ ਰਹੀਆਂ ਹਨ। ਇਸ ਰਾਹੀਂ ਅਮਰੀਕੀ ਜੰਗੀ ਬੇੜਿਆਂ, ਜਹਾਜ਼ਾਂ ਦੀ ਸਥਿਤੀ ਅਤੇ ਫੌਜੀ ਬੇਸਾਂ ਦੀਆਂ ਗਤੀਵਿਧੀਆਂ ਦਾ ਵਿਸਤ੍ਰਿਤ ਵਿਸ਼ਲੇਸ਼ਣ ਤਿਆਰ ਕੀਤਾ ਜਾ ਰਿਹਾ ਹੈ।

ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਇਨ੍ਹਾਂ ਵਿਚੋਂ ਕਈ ਕੰਪਨੀਆਂ ਦੇ ਸਬੰਧ ਸਿੱਧੇ ਤੌਰ ’ਤੇ ਚੀਨ ਦੇ ਫੌਜੀ ਸਿਸਟਮ ਨਾਲ ਹਨ। ਇਹ ਬੀਜਿੰਗ ਦੀ ਉਸ ਰਣਨੀਤੀ ਦਾ ਹਿੱਸਾ ਹਨ, ਜਿਸ ਤਹਿਤ ਨਿੱਜੀ ਖੇਤਰ ਦੀ ਨਵੀਨਤਾ ਨੂੰ ਰੱਖਿਆ ਸਮਰੱਥਾ ਵਿਚ ਸ਼ਾਮਲ ਕੀਤਾ ਜਾ ਰਿਹਾ ਹੈ। ਅਮਰੀਕੀ ਮਾਹਰਾਂ ਦਾ ਮੰਨਣਾ ਹੈ ਕਿ ਇਹ ਆਧੁਨਿਕ ਟੂਲ ਭਵਿੱਖ ਦੇ ਸੰਘਰਸ਼ਾਂ ਵਿਚ ਅਮਰੀਕਾ ਲਈ ਆਪਣੀਆਂ ਫੌਜੀ ਹਰਕਤਾਂ ਨੂੰ ਗੁਪਤ ਰੱਖਣਾ ਹੋਰ ਵੀ ਮੁਸ਼ਕਲ ਬਣਾ ਦੇਣਗੇ।

ਅਮਰੀਕੀ ਸੰਸਦ ਮੈਂਬਰਾਂ ਨੇ ਇਸ ’ਤੇ ਸਖ਼ਤ ਪ੍ਰਤੀਕਿਰਿਆ ਦਿੱਤੀ ਹੈ। ਚੀਨ ਬਾਰੇ ਹਾਊਸ ਸਿਲੈਕਟ ਕਮੇਟੀ ਨੇ ਇੱਕ ਬਿਆਨ ਵਿਚ ਕਿਹਾ ਕਿ ਚੀਨੀ ਕਮਿਊਨਿਸਟ ਪਾਰਟੀ ਨਾਲ ਜੁੜੀਆਂ ਕੰਪਨੀਆਂ ਏ.ਆਈ. ਨੂੰ ਅਮਰੀਕਾ ਵਿਰੁੱਧ ਜੰਗੀ ਨਿਗਰਾਨੀ ਹਥਿਆਰ ਵਜੋਂ ਵਰਤ ਰਹੀਆਂ ਹਨ। ਇੱਕ ਚੀਨੀ ਫਰਮ ਨੇ ਤਾਂ ਇੱਥੋਂ ਤੱਕ ਦਾਅਵਾ ਕੀਤਾ ਹੈ ਕਿ ਉਹ ਅਮਰੀਕੀ ਫੌਜੀ ਗਤੀਵਿਧੀਆਂ ਨੂੰ ‘ਰੀਅਲ ਟਾਈਮ’ ਵਿਚ ਟਰੈਕ ਕਰ ਸਕਦੀ ਹੈ।

ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਚੀਨ ਇਸ ਮਾਮਲੇ ਵਿਚ ਦੋਹਰੀ ਨੀਤੀ ਅਪਣਾ ਰਿਹਾ ਹੈ। ਇੱਕ ਪਾਸੇ ਬੀਜਿੰਗ ਜਨਤਕ ਤੌਰ ’ਤੇ ਜੰਗਬੰਦੀ ਅਤੇ ਸ਼ਾਂਤੀ ਵਾਰਤਾ ਦੀ ਅਪੀਲ ਕਰਕੇ ਜੰਗ ਤੋਂ ਦੂਰੀ ਬਣਾ ਰਿਹਾ ਹੈ, ਪਰ ਦੂਜੇ ਪਾਸੇ ਉਸਦਾ ਨਿੱਜੀ ਖੇਤਰ ਇਸ ਜੰਗ ਦਾ ਫਾਇਦਾ ਉਠਾ ਕੇ ਆਪਣੀ ਖੁਫੀਆ ਸਮਰੱਥਾ ਵਧਾ ਰਿਹਾ ਹੈ। ਇਸ ਨਾਲ ਚੀਨੀ ਸਰਕਾਰ ਨੂੰ ਸਿੱਧੇ ਤੌਰ ’ਤੇ ਜੰਗ ਵਿਚ ਸ਼ਾਮਲ ਹੋਏ ਬਿਨਾਂ ਰਣਨੀਤਕ ਲਾਭ ਮਿਲ ਰਿਹਾ ਹੈ।

# ਕਨਿਸ਼ਕਾ ਏਅਰ ਇੰਡੀਆ ਕਾਂਡ ਮਾਮਲਾ; ਸਾਬਕਾ ਸੀ.ਆਈ.ਏ. ਅਧਿਕਾਰੀ ਵੱਲੋਂ ਭਾਰਤ ’ਤੇ ਗੰਭੀਰ ਇਲਜ਼ਾਮ

**ਲੰਡਨ, (ਪੰਜਾਬ ਮੇਲ)-** 1985 ਵਿਚ ਹੋਏ ਏਅਰ ਇੰਡੀਆ 182 (ਕਨਿਸ਼ਕਾ ਧਮਾਕਾ) ਦਾ ਮਾਮਲਾ, ਜਿਸ ਵਿਚ 329 ਬੇਗੁਨਾਹ ਲੋਕ ਮਾਰੇ ਗਏ ਸਨ, ਇੱਕ ਵਾਰ ਫਿਰ ਅੰਤਰਰਾਸ਼ਟਰੀ ਪੱਧਰ ’ਤੇ ਚਰਚਾ ਵਿਚ ਆ ਗਿਆ ਹੈ। ਅਮਰੀਕਾ ਦੀ ਖੁਫ਼ੀਆ ਏਜੰਸੀ ਸੀ.ਆਈ.ਏ. ਦੇ ਸਾਬਕਾ ਅਧਿਕਾਰੀ ਜੌਨ ਕਿਰਉਕੂ ਵੱਲੋਂ ਦਿੱਤੇ ਗਏ ਇੱਕ ਤਾਜ਼ਾ ਬਿਆਨ ਨੇ ਇਸ ਪੂਰੇ ਮਾਮਲੇ ਵਿਚ ਭਾਰਤ ਸਰਕਾਰ ਦੀ ਭੂਮਿਕਾ ’ਤੇ ਸਵਾਲ ਖੜ੍ਹੇ ਕਰ ਕੇ ਨਵਾਂ ਵਿਵਾਦ ਪੈਦਾ ਕਰ ਦਿੱਤਾ ਹੈ।

ਜੌਨ ਕਿਰਉਕੂ, ਜਿਨ੍ਹਾਂ ਨੇ 1990 ਤੋਂ 2004 ਤੱਕ ਸੀ.ਆਈ.ਏ. ਵਿਚ ਸੇਵਾ ਨਿਭਾਈ ਅਤੇ ਪਾਕਿਸਤਾਨ ਵਿਚ ਅੱਤਵਾਦ ਵਿਰੋਧੀ ਮੁਹਿੰਮਾਂ ਦੀ ਅਗਵਾਈ ਕੀਤੀ ਸੀ, ਨੇ ਇੱਕ ਇੰਟਰਵਿਊ ਵਿਚ ਦਾਅਵਾ ਕੀਤਾ ਹੈ ਕਿ ਕਨਿਸ਼ਕਾ ਬੰਬ ਧਮਾਕੇ ਅਤੇ ਵਿਦੇਸ਼ਾਂ ਵਿਚ ਸਿੱਖ ਕਾਰਕੁਨਾਂ ਨੂੰ ਨਿਸ਼ਾਨਾ ਬਣਾਉਣ ਪਿੱਛੇ ਭਾਰਤੀ ਪ੍ਰਸ਼ਾਸਨ ਦਾ ਹੱਥ ਸੀ। ਉਨ੍ਹਾਂ ਦੇ ਇਸ ਬਿਆਨ ਨੇ ਖਾਲਿਸਤਾਨੀ ਸੰਗਠਨਾਂ ’ਤੇ ਲੱਗਦੇ ਆ ਰਹੇ ਦੋਸ਼ਾਂ ਦੇ ਉਲਟ ਇੱਕ ਨਵੀਂ ਬਹਿਸ ਛੇੜ ਦਿੱਤੀ ਹੈ।

ਰਿਪੋਰਟਾਂ ਅਨੁਸਾਰ, ਇਸ ਵਿਵਾਦ ਵਿਚ ਰਿਪੁਦਮਨ ਸਿੰਘ ਮਲਿਕ ਦਾ ਨਾਮ ਮੁੜ ਉੱਭਰ ਕੇ ਸਾਹਮਣੇ ਆਇਆ ਹੈ, ਜੋ ਕਨਿਸ਼ਕਾ ਮਾਮਲੇ ਵਿਚ ਬਰੀ ਹੋਣ ਤੋਂ ਬਾਅਦ ਕਈ ਵਾਰ ਭਾਰਤ ਗਏ ਸਨ ਅਤੇ ਬਾਅਦ ਵਿਚ ਕੈਨੇਡਾ ਵਿਚ ਉਨ੍ਹਾਂ ਦਾ ਕਤਲ ਕਰ ਦਿੱਤਾ ਗਿਆ ਸੀ। ਕਿਰਉਕੂ ਦਾ ਇਹ ਬਿਆਨ ਅਜਿਹੇ ਸਮੇਂ ਆਇਆ ਹੈ, ਜਦੋਂ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਨੂੰ ਲੈ ਕੇ ਭਾਰਤ ਅਤੇ ਕੈਨੇਡਾ ਦੇ ਰਿਸ਼ਤੇ ਪਹਿਲਾਂ ਹੀ ਤਣਾਅਪੂਰਨ ਬਣੇ ਹੋਏ ਹਨ।

ਵਿਦੇਸ਼ਾਂ ਵਿਚ ਬੈਠੇ ਸਿੱਖ ਭਾਈਚਾਰੇ ਅਤੇ ਵੱਖ-ਵੱਖ ਜਥੇਬੰਦੀਆਂ ਵਿਚ ਇਸ ਬਿਆਨ ਨੂੰ ਲੈ ਕੇ ਤਿੱਖੀ ਪ੍ਰਤੀਕਿਰਿਆ ਦੇਖਣ ਨੂੰ ਮਿਲ ਰਹੀ ਹੈ। ‘ਸਿੱਖਸ ਫਾਰ ਜਸਟਿਸ’ ਦੇ ਗੁਰਪਤਵੰਤ ਸਿੰਘ ਪੰਨੂੰ ਨੇ ਵੀ ਇਸ ਮਾਮਲੇ ’ਤੇ ਸਖ਼ਤ ਬਿਆਨਬਾਜ਼ੀ ਕੀਤੀ ਹੈ। ਸਿੱਖ ਕਾਰਕੁਨਾਂ ਦਾ ਕਹਿਣਾ ਹੈ ਕਿ ਇਹ ਦਾਅਵਾ ਉਨ੍ਹਾਂ ਦੇ ਉਸ ਪੱਖ ਨੂੰ ਮਜ਼ਬੂਤ ਕਰਦਾ ਹੈ, ਜਿਸ ਵਿਚ ਉਹ ਲੰਬੇ ਸਮੇਂ ਤੋਂ ਨਿਰਪੱਖ ਜਾਂਚ ਦੀ ਮੰਗ ਕਰ ਰਹੇ ਹਨ।

ਹਾਲਾਂਕਿ ਜੌਨ ਕਿਰਉਕੂ ਦੇ ਇਨ੍ਹਾਂ ਦਾਅਵਿਆਂ ਦੀ ਅਜੇ ਤੱਕ ਕਿਸੇ ਵੀ ਅਧਿਕਾਰਤ ਜਾਂਚ ਏਜੰਸੀ ਜਾਂ ਭਾਰਤ ਸਰਕਾਰ ਵੱਲੋਂ ਪੁਸ਼ਟੀ ਨਹੀਂ ਕੀਤੀ ਗਈ ਹੈ। ਭਾਰਤ ਨੇ ਹਮੇਸ਼ਾ ਇਨ੍ਹਾਂ ਇਲਜ਼ਾਮਾਂ ਨੂੰ ਸਿਰੇ ਤੋਂ ਖ਼ਾਰਜ ਕੀਤਾ ਹੈ ਅਤੇ ਕਨਿਸ਼ਕਾ ਕਾਂਡ ਨੂੰ ਅੱਤਵਾਦੀ ਹਮਲਾ ਕਰਾਰ ਦਿੱਤਾ ਹੈ। ਪਰ ਇੱਕ ਸਾਬਕਾ ਸੀ.ਆਈ.ਏ. ਅਧਿਕਾਰੀ ਵੱਲੋਂ ਇੰਨੇ ਗੰਭੀਰ ਇਲਜ਼ਾਮ ਲਗਾਉਣਾ ਅੰਤਰਰਾਸ਼ਟਰੀ ਕੂਟਨੀਤੀ ਵਿਚ ਵੱਡੀ ਹਲਚਲ ਪੈਦਾ ਕਰ ਸਕਦਾ ਹੈ। ਜੇਕਰ ਇਸ ਮਾਮਲੇ ਦੀ ਮੁੜ ਜਾਂਚ ਹੁੰਦੀ ਹੈ, ਤਾਂ ਇਸ ਦਾ ਅਸਰ ਭਾਰਤ-ਕੈਨੇਡਾ ਅਤੇ ਭਾਰਤ-ਅਮਰੀਕਾ ਸਬੰਧਾਂ ’ਤੇ ਪੈਣਾ ਲਾਜ਼ਮੀ ਹੈ।

ਰੋਜ਼ਾਨਾ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ ’ਤੇ ਕਲਿੱਕ ਕਰੋ : www.punjabmailusa.com

# ਸਵਿਟਜ਼ਰਲੈਂਡ ਵੱਲੋਂ ਸ਼ਰਨ ਕਾਨੂੰਨਾਂ ’ਚ ਸਖਤੀ; 100 ਤੋਂ ਵੱਧ ਯੂਕਰੇਨੀ ਨਾਗਰਿਕਾਂ ਨੂੰ ਦੇਸ਼ ’ਚੋਂ ਕੱਢਿਆ



**ਬਰਨ, (ਪੰਜਾਬ ਮੇਲ)-** ਸਵਿਟਜ਼ਰਲੈਂਡ ਨੇ ਆਪਣੇ ਸ਼ਰਨ ਕਾਨੂੰਨਾਂ ’ਚ ਵੱਡੀ ਤਬਦੀਲੀ ਕਰਦਿਆਂ 100 ਤੋਂ ਵੱਧ ਯੂਕਰੇਨੀ ਨਾਗਰਿਕਾਂ ਨੂੰ ਦੇਸ਼ ਵਿਚੋਂ ਕੱਢ ਦਿੱਤਾ ਹੈ। ਸਵਿਸ ਪ੍ਰਵਾਸ ਰਾਜ ਸਕੱਤਰੇਤ (ਐੱਸ.ਈ.ਐੱਮ.) ਅਨੁਸਾਰ ਇਹ ਕਾਰਵਾਈ ਪਿਛਲੇ ਪੰਜ ਮਹੀਨਿਆਂ ਦੌਰਾਨ ਸਖ਼ਤ ਕੀਤੇ ਗਏ ਨਿਯਮਾਂ ਤਹਿਤ ਕੀਤੀ ਗਈ ਹੈ। ਨਵੇਂ ਨਿਯਮਾਂ ਅਨੁਸਾਰ 1 ਨਵੰਬਰ ਤੋਂ ਪੱਛਮੀ ਯੂਕਰੇਨ ਦੇ ਸੱਤ ਖੇਤਰਾਂ ਤੋਂ ਆਉਣ ਵਾਲੇ ਲੋਕ ਹੁਣ ਸਵਿਟਜ਼ਰਲੈਂਡ ਵਿਚ ‘ਪ੍ਰੋਟੈਕਸ਼ਨ ਸਟੇਟਸ ਐੱਸ’ ਲਈ ਯੋਗ ਨਹੀਂ ਰਹੇ ਹਨ। ਏਜੰਸੀ ਨੇ ਦੱਸਿਆ ਕਿ ਇਸੇ ਨਵੇਂ ਨਿਯਮ ਦੇ ਆਧਾਰ ’ਤੇ ਫਰਵਰੀ ਦੇ ਅੰਤ ਤੱਕ 104 ਲੋਕਾਂ ਨੂੰ ਵਾਪਸ ਯੂਕਰੇਨ ਭੇਜ ਦਿੱਤਾ ਗਿਆ ਹੈ।

ਸਵਿਟਜ਼ਰਲੈਂਡ ਦੀ ਸੰਘੀ ਸਭਾ ਨੇ ਅਕਤੂਬਰ 2025 ਵਿਚ ਇੱਕ ਸਮਝੌਤਾ ਕੀਤਾ ਸੀ, ਜਿਸ ਤਹਿਤ ਅਸਥਾਈ ਸੁਰੱਖਿਆ ਸਿਰਫ਼ ਉਨ੍ਹਾਂ ਲੋਕਾਂ ਨੂੰ ਦਿੱਤੀ ਜਾਵੇਗੀ, ਜਿਨ੍ਹਾਂ ਦਾ ਪੱਕਾ ਘਰ ਯੂਕਰੇਨ ਦੇ ਅਜਿਹੇ ਇਲਾਕਿਆਂ ਵਿਚ ਹੈ, ਜੋ ਸਿੱਧੇ ਤੌਰ ’ਤੇ ਜੰਗ ਦੇ ਮੈਦਾਨ ਬਣੇ ਹੋਏ ਹਨ। ਕਿਉਂਕਿ ਪੱਛਮੀ ਯੂਕਰੇਨ ਦੇ ਕੁਝ ਹਿੱਸੇ ਮੁਕਾਬਲਤਨ ਸੁਰੱਖਿਅਤ ਮੰਨੇ ਜਾਂਦੇ ਹਨ, ਇਸ ਲਈ ਉੱਥੋਂ ਦੇ ਵਸਨੀਕਾਂ ’ਤੇ ਹੁਣ ਇਹ ਸਖ਼ਤੀ ਦਿਖਾਈ ਜਾ ਰਹੀ ਹੈ।

ਹਾਲਾਂਕਿ ਸਵਿਟਜ਼ਰਲੈਂਡ ਵੱਲੋਂ ਕੁਝ ਲੋਕਾਂ ਨੂੰ ਕੱਢਿਆ ਜਾ ਰਿਹਾ ਹੈ, ਪਰ ਫਿਰ ਵੀ ਦੇਸ਼ ਵਿਚ ਯੂਕਰੇਨੀ ਸ਼ਰਨਾਰਥੀਆਂ ਦੀ ਕੁੱਲ ਗਿਣਤੀ ਲਗਾਤਾਰ ਵਧ ਰਹੀ ਹੈ। ਮਾਰਚ ਦੇ ਅੰਤ ਤੱਕ ਦੇ ਅੰਕੜਿਆਂ ਮੁਤਾਬਕ, ਸਵਿਟਜ਼ਰਲੈਂਡ ਵਿਚ ਅਸਥਾਈ ਸੁਰੱਖਿਆ (ਸਟੇਟਸ ਐੱਸ) ਪ੍ਰਾਪਤ ਯੂਕਰੇਨੀ ਨਾਗਰਿਕਾਂ ਦੀ ਗਿਣਤੀ 72,500 ਤੋਂ ਵੱਧ ਹੋ ਚੁੱਕੀ ਹੈ।

# ਕੈਨੇਡਾ ਸਰਕਾਰ ਵੱਲੋਂ ਵੀਜ਼ਾ ਧੋਖਾਧੜੀ ਕਰਨ ਵਾਲਿਆਂ ’ਤੇ ਸਖ਼ਤ ਕਾਰਵਾਈ ਦੀ ਤਿਆਰੀ

**ਓਟਾਵਾ, (ਪੰਜਾਬ ਮੇਲ)-** ਕੈਨੇਡਾ ਸਰਕਾਰ ਨੇ ਵੀਜ਼ਾ ਧੋਖਾਧੜੀ ਕਰਨ ਵਾਲਿਆਂ ’ਤੇ ਸਖ਼ਤ ਕਾਰਵਾਈ ਕਰਨ ਦੀ ਤਿਆਰੀ ਕਰ ਲਈ ਹੈ। ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ (ਆਈ.ਆਰ.ਸੀ.ਸੀ.) ਨੇ ਵੀਜ਼ਾ ਬਿਨੈਕਾਰਾਂ ਅਤੇ ਇਮੀਗ੍ਰੇਸ਼ਨ ਏਜੰਟਾਂ ਲਈ ਇੱਕ ਸਖ਼ਤ ਚੇਤਾਵਨੀ ਜਾਰੀ ਕੀਤੀ ਹੈ। ਵਿਭਾਗ ਅਨੁਸਾਰ ਜੇਕਰ ਕੋਈ ਵਿਅਕਤੀ ਕੈਨੇਡਾ ਆਉਣ ਲਈ ਫਰਜ਼ੀ ਦਸਤਾਵੇਜ਼ਾਂ ਦੀ ਵਰਤੋਂ ਕਰਦਾ ਫੜਿਆ ਗਿਆ, ਤਾਂ ਉਸ ’ਤੇ ਦੇਸ਼ ਵਿਚ ਦਾਖਲ ਹੋਣ ’ਤੇ 5 ਸਾਲ ਦੀ ਪਾਬੰਦੀ ਲਗਾਈ ਜਾਵੇਗੀ।

ਆਈ.ਆਰ.ਸੀ.ਸੀ. ਨੇ ਲੋਕਾਂ ਨੂੰ ਸੁਚੇਤ ਕੀਤਾ ਹੈ ਕਿ ਉਹ ਅਜਿਹੇ ਧੋਖੇਬਾਜ਼ਾਂ ਤੋਂ ਬਚਣ ਜੋ ਤੁਹਾਡੀ ਮਿਹਨਤ ਦੀ ਕਮਾਈ ਹੜੱਪਣ ਲਈ ਤੇਜ਼ੀ ਨਾਲ ਵੀਜ਼ਾ ਮਨਜ਼ੂਰ ਕਰਵਾਉਣ ਜਾਂ ਅਰਜ਼ੀ ਦੀਆਂ ਕਮੀਆਂ ਨੂੰ ਠੀਕ ਕਰਨ ਦੇ ਝੂਠੇ ਵਾਅਦੇ ਕਰਦੇ ਹਨ। ਵਿਭਾਗ ਨੇ ਸਪੱਸ਼ਟ ਕੀਤਾ ਹੈ ਕਿ ਵੀਜ਼ਾ ਅਰਜ਼ੀ ਵਿਚ ਫਰਜ਼ੀ ਦਸਤਾਵੇਜ਼ ਲਗਾਉਣ ਵਾਲੇ ਵਿਅਕਤੀ ਨੂੰ ਕਾਨੂੰਨੀ ਤੌਰ ’ਤੇ ਘੱਟੋ-ਘੱਟ ਪੰਜ ਸਾਲਾਂ ਲਈ ਕੈਨੇਡਾ ਵਿਚ ਰਹਿਣ ਜਾਂ ਦਾਖਲ ਹੋਣ ਤੋਂ ਰੋਕ ਦਿੱਤਾ ਜਾਵੇਗਾ।

# ਪੱਛਮੀ ਏਸ਼ੀਆ ਜੰਗ ਦੇ ਬਾਵਜੂਦ ਭਾਰਤੀਆਂ ਵੱਲੋਂ ਯੂ.ਏ.ਈ. ਛੱਡਣ ਦਾ ਕੋਈ ਰੁਝਾਨ ਨਹੀਂ!

**ਦੁਬਈ/ਨਵੀਂ ਦਿੱਲੀ, (ਪੰਜਾਬ ਮੇਲ)-** ਪੱਛਮੀ ਏਸ਼ੀਆ ਵਿਚ ਜਾਰੀ ਭਿਆਨਕ ਜੰਗ ਦਰਮਿਆਨ ਈਰਾਨ ਵੱਲੋਂ ਖਾੜੀ ਦੇਸ਼ਾਂ ’ਤੇ ਲਗਾਤਾਰ ਹਮਲੇ ਜਾਰੀ ਹਨ। ਈਰਾਨ ਨੇ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ’ਚ ਕਈ ਥਾਵਾਂ ’ਤੇ ਡਰੋਨ ਤੇ ਮਿਜ਼ਾਈਲ ਹਮਲੇ ਕੀਤੇ ਹਨ। ਇਨ੍ਹਾਂ ਹਮਲਿਆਂ ਦੇ ਬਾਵਜੂਦ ਉੱਥੇ ਰਹਿ ਰਹੇ ਭਾਰਤੀਆਂ ਵਿਚ ਕੋਈ ਦਹਿਸ਼ਤ ਨਹੀਂ ਹੈ ਅਤੇ ਉਨ੍ਹਾਂ ਦੇ ਵਾਪਸ ਆਉਣ ਦਾ ਕੋਈ ਰੁਝਾਨ ਨਹੀਂ ਹੈ। ਸੰਯੁਕਤ ਅਰਬ ਅਮੀਰਾਤ ਵਿਚ ਭਾਰਤ ਦੇ ਸਾਬਕਾ ਰਾਜਦੂਤ ਸੰਜੇ ਸੁਧੀਰ ਨੇ ਸਪੱਸ਼ਟ ਕੀਤਾ ਹੈ ਕਿ ਭਾਰਤੀਆਂ ਦੇ ਵੱਡੀ ਗਿਣਤੀ ਵਿਚ ਦੇਸ਼ ਛੱਡ ਕੇ ਵਾਪਸ ਪਰਤਣ ਦਾ ਕੋਈ ਰੁਝਾਨ ਦੇਖਣ ਨੂੰ ਨਹੀਂ ਮਿਲਿਆ ਹੈ।

ਸਾਬਕਾ ਰਾਜਦੂਤ ਨੇ ਯੂ.ਏ.ਈ. ਦੇ ਰੱਖਿਆ ਪ੍ਰਣਾਲੀ ਦੀ ਸ਼ਲਾਘਾ ਕਰਦਿਆਂ ਦੱਸਿਆ ਕਿ ਹਾਲਾਂਕਿ ਈਰਾਨ ਨੇ ਇਜ਼ਰਾਈਲ ਨਾਲੋਂ ਵੀ ਵੱਧ ਮਿਜ਼ਾਈਲਾਂ ਅਤੇ ਡਰੋਨ ਯੂ.ਏ.ਈ. ਵੱਲ ਭੇਜੇ ਹਨ, ਪਰ ਉੱਥੋਂ ਦਾ ਰੱਖਿਆ ਤੰਤਰ ਬਹੁਤ ਮਜ਼ਬੂਤ ਹੈ। ਉਨ੍ਹਾਂ ਦੱਸਿਆ ਕਿ ਇਮਾਰਤਾਂ ਜਾਂ ਬੁਨਿਆਦੀ ਢਾਂਚੇ ਨੂੰ ਜੋ ਵੀ ਨੁਕਸਾਨ ਪਹੁੰਚ ਰਿਹਾ ਹੈ, ਉਹ ਸਿਰਫ਼ ਹਵਾ ਵਿਚ ਨਸ਼ਟ ਕੀਤੀਆਂ ਗਈਆਂ ਮਿਜ਼ਾਈਲਾਂ ਦੇ ਡਿੱਗ ਰਹੇ ਮਲਬੇ ਕਾਰਨ ਹੈ। ਹਾਲ ਹੀ ਵਿਚ ਦੁਬਈ ਇੰਟਰਨੈਟ ਸਿਟੀ ਵਿਚ ‘ਓਰੇਕਲ’ ਇਮਾਰਤ ਦੇ ਅਗਲੇ ਹਿੱਸੇ ’ਤੇ ਅਜਿਹਾ ਹੀ ਮਲਬਾ ਡਿੱਗਣ ਦੀ ਘਟਨਾ ਵਾਪਰੀ ਸੀ, ਪਰ ਕਿਸੇ ਜਾਨੀ ਨੁਕਸਾਨ ਦੀ ਖ਼ਬਰ ਨਹੀਂ ਹੈ।

ਸੰਜੇ ਸੁਧੀਰ ਅਨੁਸਾਰ, ਯੂ.ਏ.ਈ. ਦੀ ਆਰਥਿਕਤਾ ਬਹੁਤ “ਲਚਕਦਾਰ ਅਤੇ ਮਜ਼ਬੂਤ” ਹੈ, ਜਿਸ ਕਾਰਨ ਲੋਕਾਂ ’ਤੇ ਵਾਪਸ ਜਾਣ ਦਾ ਕੋਈ ਦਬਾਅ ਨਹੀਂ ਹੈ। ਉਨ੍ਹਾਂ ਯਾਦ ਦਿਵਾਇਆ ਕਿ ਕੋਵਿਡ-19 ਮਹਾਮਾਰੀ ਦੌਰਾਨ ਵੀ ਭਾਰਤੀਆਂ ਨੇ ਵੱਡੀ ਗਿਣਤੀ ਵਿਚ ਦੇਸ਼ ਨਹੀਂ ਛੱਡਿਆ ਸੀ। ਲੋਕ ਅਜੇ ਵੀ ਦੁਬਈ ਨੂੰ ਇੱਕ ਸੁਰੱਖਿਅਤ ਸਥਾਨ ਵਜੋਂ ਦੇਖਦੇ ਹਨ।

ਦੂਜੇ ਪਾਸੇ ਈਰਾਨ ਦੀ ਫੌਜ ਨੇ ਪੁਸ਼ਟੀ ਕੀਤੀ ਹੈ ਕਿ ਉਨ੍ਹਾਂ ਨੇ ਅਮਰੀਕਾ ਤੇ ਇਜ਼ਰਾਈਲ ਵੱਲੋਂ ਈਰਾਨ ਦੇ ਉਦਯੋਗਿਕ ਕੇਂਦਰਾਂ ’ਤੇ ਕੀਤੇ ਗਏ ਹਮਲਿਆਂ ਦੇ ਬਦਲੇ ਵਜੋਂ ਯੂ.ਏ.ਈ. ਵਿਚ ਅਮਰੀਕੀ ਫੌਜੀ ਟਿਕਾਣਿਆਂ ਅਤੇ ਰਡਾਰ ਸਿਸਟਮ ਨੂੰ ਨਿਸ਼ਾਨਾ ਬਣਾਉਣ ਲਈ ‘ਅਰਾਸ਼ 2’ ਡਰੋਨਾਂ ਦੀ ਵਰਤੋਂ ਕੀਤੀ ਹੈ। ਈਰਾਨ ਨੇ ਯੂ.ਏ.ਈ. ਦੇ ਐਲੂਮੀਨੀਅਮ ਉਦਯੋਗ ਨੂੰ ਵੀ ਰਣਨੀਤਕ ਨਿਸ਼ਾਨਾ ਬਣਾਇਆ ਹੈ, ਜਿਸ ਨੂੰ ਉਹ ਖੇਤਰੀ ਫੌਜੀ ਲੌਜਿਸਟਿਕਸ ਦਾ ਅਹਿਮ ਹਿੱਸਾ ਮੰਨਦਾ ਹੈ। ਇਸ ਸਭ ਦੇ ਬਾਵਜੂਦ ਭਾਰਤੀ ਰਾਜਦੂਤ ਦਾ ਮੰਨਣਾ ਹੈ ਕਿ ਯੂ.ਏ.ਈ. ਕੋਲ ਆਪਣੇ ਲੋਕਾਂ ਅਤੇ ਬੁਨਿਆਦੀ ਢਾਂਚੇ ਦੀ ਰੱਖਿਆ ਕਰਨ ਲਈ ਪੂਰੇ ਸਾਧਨ ਮੌਜੂਦ ਹਨ।

Editorial Board

Chief Editor
Gurjatinder S. Randhawa

Distributor
Jai Singh

Website
Madhu Shardha

Sub Editors
Sandeep Kumar
Amit
Ishu Hallan
Vijay
Surbhi Sharma
Ranjit Singh

Punjab Mail USA
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਪੰਜਾਬੀ ਕਲਮਾਂ ਦਾ ਕਾਫ਼ਲਾ ਟੋਰਾਂਟੋ ਵਲੋਂ ਡਾ. ਜਗਤਾਰ, ਡਾ. ਰਣਧੀਰ ਸਿੰਘ ਚੰਦ ਅਤੇ ਪਾਸ਼ ਦੀ ਯਾਦ ’ਚ ਸਮਾਗਮ

ਟੋਰਾਂਟੋ, (ਪੰਜਾਬ ਮੇਲ)- ਪੰਜਾਬੀ ਕਲਮਾਂ ਦਾ ਕਾਫ਼ਲਾ ਟੋਰਾਂਟੋ ਦੀ ਮਾਰਚ 2026 ਦੀ ਮੀਟਿੰਗ ਡਾ. ਜਗਤਾਰ, ਡਾ. ਰਣਧੀਰ ਸਿੰਘ ਚੰਦ ਅਤੇ ਅਵਤਾਰ ‘ਪਾਸ਼’ ਦੀ ਯਾਦ ਨੂੰ ਸਮਰਪਿਤ ਰਹੀ। ਇਸ ਮੌਕੇ ਇਨ੍ਹਾਂ ਤਿੰਨੇ ਅਜ਼ੀਮ ਸ਼ਾਇਰਾਂ ਦੀ ਸ਼ਖਸੀਅਤ, ਕਵਿਤਾ ਤੇ ਸਾਹਿਤਕ ਪ੍ਰਭਾਵਾਂ ਬਾਰੇ ਪੇਪਰ ਪੜ੍ਹੇ ਗਏ। ਸਮਾਗਮ ’ਚ ਹਾਜ਼ਰ ਲੇਖਕਾਂ ਅਤੇ ਪਾਠਕਾਂ ਨੇ ਆਪਣੇ ਮੁੱਲਵਾਨ ਵਿਚਾਰ ਸਾਂਝੇ ਕਰਦਿਆਂ ਇਨ੍ਹਾਂ ਤਿੰਨੋਂ ਸ਼ਾਇਰਾਂ ਨੂੰ ਯਾਦ ਕੀਤਾ।






ਪਿਆਰਾ ਸਿੰਘ ਕੁੱਦੋਵਾਲ ਨੇ ਡਾ. ਚੰਦ ਬਾਰੇ ਆਪਣੇ ਪੇਪਰ ਵਿਚ ਜਿੱਥੇ ਉਨ੍ਹਾਂ ਦੀਆਂ ਪੁਸਤਕਾਂ ਅਤੇ ਉਨ੍ਹਾਂ ਦੀ ਸਾਹਿਤਕ ਮਹੱਤਤਾ ਬਾਰੇ ਚਾਨਣਾ ਪਾਇਆ, ਓਥੇ ਡਾ. ਚੰਦ ਦੀ ਸਾਹਿਤਕ ਦੇਣ ਦੇ ਪ੍ਰਭਾਵਾਂ ਨੂੰ ਵੀ ਉਜਾਗਰ ਕੀਤਾ। ਉਨ੍ਹਾਂ ਕਿਹਾ ਕਿ ਨਵੀਨ, ਪੁਰਾਤਨ ਕਾਵਿ ਬਿੰਬਾਵਲੀ ਤੇ ਸ਼ੈਲੀ ਡਾ. ਚੰਦ ਦੀ ਪਹਿਚਾਣ ਸੀ। ਉਹ ਪੁਰਾਣੇ ਅਤੇ ਨਵੇਂ ਗਜ਼ਲਗੋਆਂ ਵਿਚਕਾਰ ਇੱਕ ਪੁਲ਼ ਵਾਂਗ ਸਨ। ਸ਼ਬਦਾਂ ਦੇ ਬਹੁਪੱਖੀ ਪਾਸਾਰ ਨੂੰ ਨਜ਼ਮ ਕਰਨ, ਘੱਟ ਸ਼ਬਦਾਂ ’ਚ ਚੁੱਪ ਦੀ ਸ਼ਿਅਰੀਅਤ ਉਨ੍ਹਾਂ ਦੀ ਕਵਿਤਾ ਦੇ ਪ੍ਰਮੁੱਖ ਖਾਸੇ ਸਨ। ਸਾਹਿਤਕ ਪੱਖ ਦੇ ਨਾਲ-ਨਾਲ ਡਾ. ਚੰਦ ਨੇ ਅਪਣੇ ਸਮਕਾਲੀ ਜੀਵਨ ਦੇ ਧਾਰਮਿਕ ਅਤੇ ਸਮਾਜਿਕ ਪੱਖ ਬਾਰੇ ਵੀ ਅਹਿਮ ਲਿਖਤਾਂ, ਮੁੱਲਾਂਕਣ ਅਤੇ ਖੋਜ ਕਾਰਜ ਕੀਤੇ। ਇਸ ਮੌਕੇ ਕੁੱਦੋਵਾਲ ਜੀ ਨੇ ਡਾ. ਚੰਦ ਦੀ ਸ਼ਾਇਰੀ ਚੋਂ ਚੋਣਵੇਂ ਸ਼ਿਅਰ, ਗੀਤ ਅਤੇ ਨਜ਼ਮਾਂ ਦੇ ਅੰਸ਼ ਵੀ ਸਾਂਝੇ ਕੀਤੇ।

ਡਾ. ਰਣਧੀਰ ਸਿੰਘ ਚੰਦ ਹੁਰਾਂ ਦੇ ਸਪੁੱਤਰ ਅਤੇ ਉੱਘੇ ਸ਼ਾਇਰ ਭੁਪਿੰਦਰ ਦੁਲੇ ਨੇ ਇਸ ਮੌਕੇ ਅਪਣੇ ਪਿਤਾ ਜੀ ਦੀਆਂ ਨਿੱਜੀ ਭਾਵਪੂਰਤ ਯਾਦਾਂ ਦੇ ਨਾਲ ਨਾਲ ਬਚਪਨ ਤੋਂ ਆਪਣੇ ਉਪਰ ਪਏ ਉਨ੍ਹਾਂ ਦੇ ਸਾਹਿਤਕ ਪ੍ਰਭਾਵ ਨੂੰ ਵੀ ਹਾਜ਼ਰ ਸਰੋਤਿਆਂ ਨਾਲ ਸਾਂਝਾ ਕੀਤਾ। ਇਸ ਮੌਕੇ ਉੱਘੇ ਗਜ਼ਲ ਗਾਇਕ ਹਰਜੀਤ ਪਾਬਲਾ ਜੀ ਨੇ ਡਾ. ਚੰਦ ਅਤੇ ਭੁਪਿੰਦਰ ਦੁਲੇ ਦੀਆਂ ਗਜ਼ਲਾਂ ਦਾ ਖ਼ੂਬਸੂਰਤ, ਸੋਜ਼ਮਈ ਗਾਇਨ ਪੇਸ਼ ਕੀਤਾ।

ਕੁਲਵਿੰਦਰ ਖ਼ਹਿਰਾ ਨੇ ਪਾਸ਼ ਨੂੰ ਯਾਦ ਕਰਦਿਆਂ ਆਪਣੇ ਸੰਬੋਧਨ ਵਿਚ ਪਾਸ਼ ਦੀ ਕਵਿਤਾ ਵਿਚਲੀ ਸੂਝ ਅਤੇ ਲੋਕਪੱਖਤਾ ਨੂੰ ਉਜਾਗਰ ਕਰਦਿਆਂ ਉਨ੍ਹਾਂ ਨਾਲ ਜੁੜੀਆਂ ਅਪਣੀਆਂ ਭਾਵਪੂਰਤ ਯਾਦਾਂ ਨੂੰ ਵੀ ਸਾਂਝਾ ਕੀਤਾ। ਪਾਸ਼ ਦੀ ਕਵਿਤਾ ਦੀ ਸਾਰਥਿਕਤਾ ਅਤੇ ਧਰਤੀ ਨਾਲ ਸਿੱਧੇ ਜੁੜੇ ਹੋਣ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਪਾਸ਼ ਦੇ ਜਾਣ ਤੋਂ ਦਹਾਕਿਆਂ ਬਾਅਦ ਵੀ ਕਿਸਾਨ ਅੰਦੋਲਨ ਦੌਰਾਨ ਪਾਸ਼ ਦੀ ਕਵਿਤਾ ਨੂੰ ਸਭ ਤੋਂ ਜ਼ਿਆਦਾ ਕੋਟ ਕੀਤਾ ਗਿਆ ਅਤੇ ਸਮੇਂ-ਸਮੇਂ ਉਠਣ ਵਾਲੇ ਸਭ ਲੋਕ ਰੋਹਾਂ ਅਤੇ ਉਭਾਰਾਂ ਦੌਰਾਨ ਇਸਨੂੰ ਲਗਾਤਾਰ ਕੋਟ ਕੀਤਾ ਜਾ ਰਿਹਾ ਹੈ। ਇਸਦਾ ਵੱਡਾ ਕਾਰਨ ਪਾਸ਼ ਦੀ ਕਵਿਤਾ ਵਿਚਲੀ ਸਿੰਬਲੀ ਦਾ ਸਿੱਧਾ ਆਮ ਲੋਕਾਂ ਨਾਲ ਜੁੜੇ ਹੋਣਾ ਹੈ। ਪਾਸ਼ ਦੀ ਕਵਿਤਾ ਸਿੱਧ ਕਰਦੀ ਹੈ ਕਿ ਹਰ ਲੋਕਪੱਖੀ ਕਲਾ ਤੇ ਸਾਹਿਤ ਲੋਕਾਂ ਦੀ ਦੇਣ ਹੁੰਦੇ ਹਨ। ਕਿਸੇ ਸਮੇਂ ਦਾ ਅਸਲੀ ਇਤਿਹਾਸ ਅਜਿਹੀ ਲੋਕਪੱਖੀ ਕਲਾ ਤੇ ਕਵਿਤਾ ’ਚ ਪਿਆ ਹੁੰਦਾ ਹੈ। ਕੁਲਵਿੰਦਰ ਖ਼ਹਿਰਾ ਨੇ ਇਸ ਮੌਕੇ ਆਪਣੇ ਸੰਬੋਧਨ ’ਚ ਪਾਸ਼ ਦੀਆਂ ਕਈ ਸ਼ਾਹਕਾਰ ਨਜ਼ਮਾਂ ਦੇ ਅੰਸ਼ ਵੀ ਸਾਂਝੇ ਕੀਤੇ। ਇਸ ਮੌਕੇ ਮੀਟਿੰਗ ’ਚ ਸ਼ਾਮਲ ਹਰਜੀਤ ਸਿੰਘ ਨੇ ਪਾਸ਼ ਦਾ ਗੀਤ ‘ਕਿਰਤੀ ਦੀ ਕੁੱਲੀ’ ਗਾ ਕੇ ਪੇਸ਼ ਕੀਤਾ।

ਡਾ. ਜਗਤਾਰ ਬਾਰੇ ਬੋਲਦਿਆਂ ਉਂਕਾਰਪ੍ਰੀਤ ਨੇ ਉਨ੍ਹਾਂ ਦੀ ਸਮੁੱਚੀ ਸ਼ਾਇਰੀ ਦੇ ਨਕਸ਼ ਅਤੇ ਪੈੜਾਂ ਨੂੰ ਬਾਖ਼ੂਬੀ ਉਜਾਗਰ ਕੀਤਾ। ਉਨ੍ਹਾਂ ਡਾ. ਜਗਤਾਰ ਦੀ ਪੁਸਤਕ ‘ਦੁੱਧ ਪੱਥਰੀ’ ਬਾਰੇ ਅਪਣੇ ਇੱਕ ਨਿਵੇਕਲੇ ਅੰਦਾਜ਼ ਵਾਲੇ ਲੇਖ ਦੇ ਕੁਝ ਅੰਸ਼ ਵੀ ਸਾਂਝੇ ਕੀਤੇ। ਡਾਕਟਰ ਜਗਤਾਰ ਹੁਰਾਂ ਦੀ ਸ਼ਾਇਰੀ ਬਾਰੇ ਬੋਲਦਿਆਂ ਉਨ੍ਹਾਂ ਦੱਸਿਆ ਕਿ ਅਪਣੇ ਆਰੰਭਲੇ ਪੜਾਅ ’ਤੇ ਹੀ ਡਾ. ਜਗਤਾਰ ਦੀ ਸ਼ਾਇਰੀ ਵਿਚਲੀ ਵਿਚਾਰਧਾਰਕ ਪ੍ਰੌੜਤਾ, ਸੂਖਮਤਾ, ਸੰਵੇਦਨਾ ਅਤੇ ਸੁਹਜਾਤਮਿਕਤਾ ਆਦਿ ਗੁਣ ਇੱਕ ਸਿਰਮੌਰ ਕਵੀ ਵਾਲੇ ਸਨ। ਉਨ੍ਹਾਂ ਦੀ ਬੇਮੁਹਤਾਜ਼ ਸ਼ਖਸੀਅਤ ਲੋਕਾਂ ਲਈ ਦਰਦ ਤਾਂ ਰੱਖਦੀ ਸੀ ਪਰ ਆਪਣੇ ਲਈ ਤਰਸ ਮੰਗਣ ਪ੍ਰਤੀ ਵਿਦਰੋਹੀ ਸੀ। ਜਗਤਾਰ ਦੀ ਸ਼ਾਇਰੀ ਦੀ ਪ੍ਰਤੀਬੱਧਤਾ ਸਾਹਿਤਕ-ਵਾਦਾਂ ਨਾਲੋਂ ਮਨੁੱਖ ਨਾਲ ਵੱਧ ਹੈ। ਇਹ ਮਨੁੱਖ ਕਦੇ ਰਾਜ-ਪ੍ਰਬੰਧ ਨਾਲ ਟਕਰਾਉਣ ਦਾ ਹੌਂਸਲਾ ਬੁਲੰਦ ਕਰਦਾ ਹੈ ਅਤੇ ਕਦੇ ਸਾਸ਼ਨ ਦੀ ਅੱਤਿਆਚਾਰੀ ਸਮਰੱਥਾ ਉੱਤੇ ਗਲਿਆਨੀ ਪ੍ਰਗਟ ਕਰਦਾ ਹੈ। ਵਾਦਾਂ ਦੀ ਲਕੀਰੀ ਸੀਮਾ ਨਾ ਉਸਦੀ ਕਵਿਤਾ ਵਿਚ ਹੈ, ਨਾ ਉਸਦੀ ਸ਼ਖਸੀਅਤ ਵਿਚ ਸੀ। ਨਕਸਲੀ ਅੰਦੋਲਨ ਤੋਂ ਪ੍ਰਭਾਵਿਤ ਪੰਜਾਬੀ ਕਵਿਤਾ ਦੇ ਆਰੰਭਲੇ ਪੜਾਅ ’ਤੇ ਹੀ ਪਾਸ਼ ਸਮੇਤ ਡਾ. ਜਗਤਾਰ ਦੀ ਵੀ ਅਹਿਮ ਭੂਮਿਕਾ ਰਹੀ। ਜਗਤਾਰ ਆਪਣੀ ਵਿਚਾਰਧਾਰਾ ਨੂੰ ਕਾਵਿਕ-ਭਾਸ਼ਾ ’ਚ ਰੁਪਾਂਤਰਿਤ ਕਰਨ ਵਾਲਾ ਮਾਹਿਰ ਕਵੀ ਹੈ। ਤਦ ਹੀ ਵੀਹਵੀਂ ਸਦੀ ਦੇ ਛੇਵੇਂ ਦਹਾਕੇ ਤੋਂ ਆਪਣਾ ਸਿਰਜਣਾਤਮਿਕ ਸਫ਼ਰ ਆਰੰਭ ਕਰਨ ਵਾਲਾ ਇਹ ਲੋਕ-ਪੱਖੀ ਸ਼ਾਇਰ ਇਕੀਵੀਂ ਸਦੀ ਦੇ ਨਵੇਂ ਕਵੀਆਂ ਲਈ ਉਸੇ ਤਰ੍ਹਾਂ ਪ੍ਰਸੰਗਿਕ ਹੈ, ਜਿਵੇਂ ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਵਿਚ ਉਹ ਨਵ-ਪ੍ਰਗਤੀਸ਼ੀਲਾਂ ਅਤੇ ਕ੍ਰਾਂਤੀਕਾਰੀ ਕਵੀਆਂ ਲਈ ਚਾਨਣ-ਮੁਨਾਰਾ ਸੀ।


ਇਸ ਮੌਕੇ ਉਂਕਾਰਪ੍ਰੀਤ ਨੇ ਡਾਕਟਰ ਜਗਤਾਰ ਦੇ ਕਈ ਸ਼ਿਅਰਾਂ ਸਮੇਤ ਉਨ੍ਹਾਂ ਦੀ ਸਦਾਬਹਾਰ ਨਜ਼ਮ ‘ਵਸੀਅਤ’ ਵੀ ਪੇਸ਼ ਕੀਤੀ। ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਡਾਕਟਰ ਨਾਹਰ ਸਿੰਘ ਹੁਰਾਂ ਨੇ ਇਸ ਮੌਕੇ ਡਾਕਟਰ ਚੰਦ, ਡਾਕਟਰ ਜਗਤਾਰ ਤੇ ਪਾਸ਼ ਦੇ ਸਮੇਂ ਨੂੰ ਸਾਹਿਤਕਾਰਾਂ ਦੇ ਉੱਚਪਾਏ ਵਾਲੀ ਸਾਹਿਤਕਤਾ ਵਾਲੇ ਮਾਹੌਲ ਵਜੋਂ ਯਾਦ ਕੀਤਾ। ਉਹ ਮਾਹੌਲ ਜੋ ਹੁਣ ਦੇ ਸਾਹਿਤਕ ਗਲਿਆਰਿਆਂ ’ਚੋਂ ਲਗਭਗ ਮਨਫ਼ੀ ਹੈ। ਉਨ੍ਹਾਂ ਕਿਹਾ ਕਿ ਡਾਕਟਰ ਚੰਦ ਦੀ ਸਾਰੀ ਕਵਿਤਾ ’ਚ ਇੱਕ ਭਾਵੁਕ ਤੌਰ ’ਤੇ ਅਤ੍ਰਿਪਤ ਮਨੁੱਖ ਦੀ ਭਟਕਣਾ ਮੌਜੂਦ ਹੈ, ਜੋ ਰਿਸ਼ਤਿਆਂ ਦੇ ਸੰਸਾਰ ਵਿਚ ਮੋਹ ਪਿਆਰ ਦੀ ਭਟਕਣਾ ਦਾ ਹੀ ਪ੍ਰਤੀਰੂਪ ਹੈ। ਉਨ੍ਹਾਂ ਅਨੁਸਾਰ ਡਾਕਟਰ ਜਗਤਾਰ ਇੱਕ ਪੁਖਤਾ ਕਵੀ ਸੀ, ਜੋ ਪੰਜਾਬੀ ਵਿਚ ਉਰਦੂ ਫਾਰਸੀ ਵਾਲੀ ਕਾਵਿ ਪ੍ਰੰਪਰਾ ਦਾ ਆਖਰੀ ਕਵੀ ਵੀ ਹੈ। ਪਾਸ਼ ਬਾਰੇ ਆਪਣੀਆਂ ਕਈ ਭਾਵਪੂਰਤ ਯਾਦਾਂ ਸਾਂਝਾ ਕਰਦਿਆਂ ਉਨ੍ਹਾਂ ਕਿਹਾ ਕਿ ਪਾਸ਼ ਸ਼ਿੱਦਤ ਨਾਲ ਜ਼ਿੰਦਗੀ ਜੀਣ ਵਾਲਾ ਕਵੀ ਸੀ। ਉਹ ਆਪਣੀ ਕਵਿਤਾ ਵਿਚ ਹਰ ਝੂਠ ਤੋਂ ਮੁਕਤ ਵਧਾ-ਚੜ੍ਹਾ ਕੇ ਗੱਲ ਨਾ ਕਰਨ ਵਾਲਾ ਕਵੀ ਵੀ ਹੈ। 1960-70 ਦੇ ਦਹਾਕਿਆਂ ਦੌਰਾਨ ਹਿੰਦੁਸਤਾਨ ਭਰ ’ਚ ਚੱਲੀ ਨੈਕਸਲਾਈਟ ਲਹਿਰ ਦੇ ਸਿਰਮੌਰ ਕਵੀ ਪਾਸ਼ ਨੇ ਰਵਾਇਤੀ ਪੰਜਾਬੀ ਕਵਿਤਾ ਦੇ ਮੁਹਾਵਰੇ ਅਤੇ ਰੂਪ ਨੂੰ ਪੁਨਰ ਪ੍ਰੀਭਾਸ਼ਤ ਕਰਦਿਆਂ ਇਸ ਵਿਚ ਅਸਥੈਟਿਕ ਸੁਹਜ, ਕੌਂਕਰੀਟ ਬਿੰਬਾਵਲੀ ਸਮੇਤ ਅਕਾਲਿਕ ਨਵੀਨਤਾ ਭਰੀ।

ਇਸ ਮੌਕੇ ਪ੍ਰੋਫੈਸਰ ਜਗੀਰ ਕਾਹਲੋਂ ਹੁਰਾਂ ਨੇ ਡਾਕਟਰ ਜਗਤਾਰ ਅਤੇ ਡਾਕਟਰ ਚੰਦ ਹੁਰਾਂ ਨਾਲ ਜੁੜੀਆਂ ਆਪਣੀਆਂ ਅਧਿਆਪਨ ਦੌਰ ਦੀਆਂ ਯਾਦਾਂ ਸਾਂਝੀਆਂ ਕੀਤੀਆਂ। ਉਨ੍ਹਾਂ ਕਿਹਾ ਕਿ ਡਾਕਟਰ ਚੰਦ ਹੁਰਾਂ ਦੇ ਨਾਲ-ਨਾਲ ਪਾਸ਼ ਅਤੇ ਡਾਕਟਰ ਜਗਤਾਰ ਵਿਚ ਪ੍ਰਗੀਤਕਤਾ ਦੀ ਸਾਂਝ ਹੈ ਅਤੇ ਤਿੰਨਾਂ ਨੇ ਹੀ ਲੋਕਾਂ ਦੀ ਤੰਗੀ-ਤੁਰਸ਼ੀ, ਗਮੀ-ਖੁਸ਼ੀ ਨੂੰ ਆਪਣੀ ਸ਼ਇਰੀ ਰਾਹੀਂ ਜ਼ੁਬਾਨ ਦਿੱਤੀ। ਪ੍ਰਧਾਨਗੀ ਮੰਡਲ ’ਚ ਸੁਸ਼ੋਭਿਤ ਸ਼ਾਮ ਸਿੰਘ ‘ਅੰਗ-ਸੰਗ’ ਨੇ ਵੀ ਡਾਕਟਰ ਚੰਦ, ਜਗਤਾਰ ਅਤੇ ਪਾਸ਼ ਦੇ ਸਮੇਂ ਦੇ ਅੱਖੀਂ ਡਿੱਠੇ ਪੰਜਾਬੀ ਸਾਹਿਤਕ ਮਾਹੌਲ ਬਾਰੇ ਭਾਵਪੂਰਤ ਅਤੇ ਰੌਚਕ ਟਿੱਪਣੀਆਂ ਕੀਤੀਆਂ। ਮੀਟਿੰਗ ’ਚ ਹਾਜ਼ਰ ਉੱਘੇ ਰੰਗਕਰਮੀ ਤੇ ਸ਼ਾਇਰ ਕਿਰਪਾਲ ਕੰਵਲ, ਗੁਰਿੰਦਰ ਸਿੰਘ, ਸ਼ਿੰਦ ਸ਼ਿੰਦਰ, ਸੁਰਜੀਤ ਕੌਰ ਅਤੇ ਪ੍ਰੀਤ ਗਿੱਲ ਨੇ ਵੀ ਤਿੰਨਾਂ ਕਵੀਆਂ ਬਾਰੇ ਆਪਣੇ ਵਿਚਾਰਾਂ ਦੇ ਨਾਲ-ਨਾਲ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ।

ਹੋਰਨਾਂ ਤੋਂ ਇਲਾਵਾਂ ਕਾਫ਼ਲੇ ਵਲੋਂ ਆਯੋਜਿਤ ਇਸ ਭਾਵਪੂਰਤ ਮਿਲਣੀ ਵਿਚ ਹਰਜਿੰਦਰ ਸਿੰਘ, ਸੁੱਚਾ ਸਿੰਘ ਮਾਂਗਟ, ਗੁਰਦੇਵ ਚੌਹਾਨ, ਗੁਰਪ੍ਰੀਤ ਬਟਾਲਵੀ, ਪ੍ਰੀਤੀ ਦੁਲੇ, ਰਾਵੀ ਕੌਰ, ਬਲਰਾਜ ਸਿੰਘ, ਹਰਮੇਸ਼ ਜੀਂਦੋਵਾਲ, ਸੁਰਿੰਦਰ ਸਿੰਘ, ਵਿਨੋਦ ਬਾਲੀ, ਇਕਬਾਲ ਬਰਾੜ, ਗੁਰਦੇਵ ਸਿੰਘ ਮਾਨ, ਪ੍ਰਤੀਕ ਸਿੰਘ, ਅਵਤਾਰ ਜੰਡੂ, ਸੁਮੀਤ ਸਿੰਘ, ਗੁਰਮੇਜ ਸਿੰਘ, ਸੁਰਜੀਤ ਸਿੰਘ, ਹਰਦਿਆਲ ਝੀਤਾ, ਹਰਜਸਪ੍ਰੀਤ ਗਿੱਲ, ਅਤੇ ਭੁਪਿੰਦਰ ਸਿੰਘ ਦੀ ਵੀ ਮਾਣਮੱਤੀ ਹਾਜ਼ਰੀ ਰਹੀ।

ਤਕਰੀਬਨ ਚਾਰ ਘੰਟੇ ਚੱਲੀ ਇਸ ਅਹਿਮ ਤੇ ਭਾਵਪੂਰਤ ਮਿਲਣੀ ਦੌਰਾਨ ਚਾਹ-ਪਾਣੀ ਅਤੇ ਆਏ ਮਹਿਮਾਨਾਂ ਦੀ ਦੇਖ-ਰੇਖ ਸਮੇਤ ਕਾਫ਼ਲੇ ਦੀ ਵਿੱਤ-ਸੰਚਾਲਿਕਾ ਰਸ਼ਪਾਲ ਕੌਰ ਗਿੱਲ ਜੀ ਨੇ ਸਾਰੇ ਆਏ ਮਹਿਮਾਨਾਂ ਨੂੰ ਜੀ-ਆਇਆਂ ਅਤੇ ਆਪਣੇ ਸਮਾਪਤੀ ਸੰਬੋਧਨ ਦੌਰਾਨ ਸਭਨਾਂ ਦਾ ਧੰਨਵਾਦ ਕੀਤਾ। ਸਾਰੀ ਮੀਟਿੰਗ ਦਾ ਮੰਚ ਸੰਚਾਲਨ ਕੁਲਵਿੰਦਰ ਖ਼ਹਿਰਾਂ ਜੀ ਵਲੋਂ ਬਾਖ਼ੂਬੀ ਕੀਤਾ ਗਿਆ।



# ਇਰਾਨ ਵੱਲੋਂ ਅਮਰੀਕੀ ਨਾਗਰਿਕਾਂ ਦੇ ਨਾਂ ਖੁੱਲ੍ਹੀ ਚਿੱਠੀ; ਜੰਗ ਦੇ ਨਤੀਜਿਆਂ ਬਾਰੇ ਸੋਚਣ ਦੀ ਕੀਤੀ ਅਪੀਲ!

**ਵਾਸ਼ਿੰਗਟਨ, (ਪੰਜਾਬ ਮੇਲ)-** ਇਰਾਨ ਅਤੇ ਅਮਰੀਕਾ ਵਿਚਾਲੇ ਜਾਰੀ ਭਿਆਨਕ ਜੰਗ ਦਰਮਿਆਨ ਇਰਾਨ ਦੇ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ ਨੇ ਇੱਕ ਹੈਰਾਨੀਜਨਕ ਕਦਮ ਚੁੱਕਿਆ ਹੈ। ਉਨ੍ਹਾਂ ਨੇ ਅਮਰੀਕੀ ਨਾਗਰਿਕਾਂ ਦੇ ਨਾਂ ਇੱਕ ਖੁੱਲ੍ਹੀ ਚਿੱਠੀ ਲਿਖੀ ਹੈ, ਜਿਸ ਵਿਚ ਉਨ੍ਹਾਂ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਨੀਤੀਆਂ ਦੀ ਸਖ਼ਤ ਆਲੋਚਨਾ ਕੀਤੀ ਹੈ ਅਤੇ ਅਮਰੀਕੀ ਜਨਤਾ ਨੂੰ ਜੰਗ ਦੇ ਨਤੀਜਿਆਂ ਬਾਰੇ ਸੋਚਣ ਦੀ ਅਪੀਲ ਕੀਤੀ ਹੈ।



ਪੇਜ਼ੇਸ਼ਕੀਅਨ ਨੇ ਟਰੰਪ ਦੀ 'ਅਮਰੀਕਾ ਫਸਟ' ਨੀਤੀ 'ਤੇ ਸਵਾਲ ਉਠਾਉਂਦਿਆਂ ਪੁੱਛਿਆ ਕਿ ਕੀ ਹਜ਼ਾਰਾਂ ਮੀਲ ਦੂਰ ਇਰਾਨੀ ਬੱਚਿਆਂ ਅਤੇ ਬੇਗੁਨਾਹਾਂ ਦਾ ਖ਼ੂਨ ਵਹਾ ਕੇ ਅਮਰੀਕਾ ਸੱਚਮੁੱਚ ਮਹਾਨ ਬਣ ਰਿਹਾ ਹੈ? ਉਨ੍ਹਾਂ ਕਿਹਾ ਕਿ ਇਹ ਨੀਤੀ ਅਸਲ ਵਿਚ ਅਮਰੀਕਾ ਨੂੰ ਬਰਬਾਦ ਕਰ ਰਹੀ ਹੈ। ਇਰਾਨੀ ਰਾਸ਼ਟਰਪਤੀ ਨੇ ਅਮਰੀਕੀ ਟੈਕਸਦਾਤਾਵਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਤੁਹਾਡੀ ਮਿਹਨਤ ਦੀ ਕਮਾਈ ਮਿਜ਼ਾਈਲਾਂ ਅਤੇ ਬੰਬਾਂ 'ਤੇ ਖਰਚ ਕੀਤੀ ਜਾ ਰਹੀ ਹੈ, ਜਿਸ ਨਾਲ ਨਾ ਤਾਂ ਅਮਰੀਕਾ ਸੁਰੱਖਿਅਤ ਹੋ ਰਿਹਾ ਹੈ ਅਤੇ ਨਾ ਹੀ ਦੁਨੀਆਂ।

ਉਨ੍ਹਾਂ ਅੱਗੇ ਲਿਖਿਆ ਕਿ ਟਰੰਪ ਪ੍ਰਸ਼ਾਸਨ ਦੁਨੀਆਂ ਨੂੰ ਗੁੰਮਰਾਹ ਕਰ ਰਿਹਾ ਹੈ ਕਿ ਉਹ ਜੰਗ ਜਿੱਤ ਰਹੇ ਹਨ। ਪੇਜ਼ੇਸ਼ਕੀਅਨ ਅਨੁਸਾਰ, ਇਰਾਨੀ ਲੋਕ ਆਪਣੀ ਧਰਤੀ ਦੀ ਰੱਖਿਆ ਲਈ ਆਖਰੀ ਸਾਹ ਤੱਕ ਲੜਨਗੇ। ਚਿੱਠੀ ਵਿਚ ਉਨ੍ਹਾਂ ਨੇ ਅਮਰੀਕੀ ਜਨਤਾ ਨੂੰ ਅਪੀਲ ਕੀਤੀ ਕਿ ਉਹ ਆਪਣੇ ਨੇਤਾਵਾਂ ਨੂੰ ਸਵਾਲ ਕਰਨ ਕਿ ਲੋਕਤੰਤਰ ਦੇ ਨਾਂ 'ਤੇ ਦੂਜੇ ਦੇਸ਼ਾਂ ਦੀ ਪ੍ਰਭੂਸੱਤਾ ਨੂੰ ਕਿਉਂ ਕੁਚਲਿਆ ਜਾ ਰਿਹਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਪੇਜ਼ੇਸ਼ਕੀਅਨ ਦਾ ਇਹ ਕਦਮ ਅਮਰੀਕਾ ਦੇ ਅੰਦਰ ਟਰੰਪ ਪ੍ਰਸ਼ਾਸਨ ਵਿਰੁੱਧ ਜਨਤਕ ਰੋਸ ਪੈਦਾ ਕਰਨ ਦੀ ਇੱਕ ਦਿਮਾਗੀ ਜੰਗ ਦਾ ਹਿੱਸਾ ਹੈ। ਇਰਾਨ ਚਾਹੁੰਦਾ ਹੈ ਕਿ ਅਮਰੀਕੀ ਜਨਤਾ ਖ਼ੁਦ ਇਸ ਜੰਗ ਦਾ ਵਿਰੋਧ ਕਰੇ।

ਹਾਲਾਂਕਿ ਵ੍ਹਾਈਟ ਹਾਊਸ ਨੇ ਇਸ ਚਿੱਠੀ ਨੂੰ ਇਰਾਨੀ ਪ੍ਰੋਪੇਗੰਡਾ ਕਰਾਰ ਦਿੱਤਾ ਹੈ। ਟਰੰਪ ਨੇ ਇੱਕ ਬਿਆਨ ਵਿਚ ਕਿਹਾ ਕਿ ਇਰਾਨੀ ਲੀਡਰਸ਼ਿਪ ਆਪਣੀ ਹਾਰ ਦੇ ਡਰੋਂ ਹੁਣ ਅਮਰੀਕੀ ਜਨਤਾ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਇਹ ਇਰਾਨ ਦਾ ਇਕ ਸੋਚਿਆ-ਸਮਝਿਆ ਕਦਮ ਹੈ, ਤਾਂ ਜੋ ਅਮਰੀਕੀ ਨਾਗਰਿਕਾਂ ਨੂੰ ਟਰੰਪ ਦੀਆਂ ਨੀਤੀਆਂ ਤੋਂ ਜਾਣੂ ਕਰਵਾ ਕੇ ਉਨ੍ਹਾਂ ਖਿਲਾਫ਼ ਕੀਤਾ ਜਾ ਸਕੇ।

# ਜੰਗ ਦੌਰਾਨ ਈਰਾਨ 'ਚ ਸੱਤਾ ਸੰਘਰਸ਼ ਸ਼ੁਰੂ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਤੇ ਇਜ਼ਰਾਈਲ ਨਾਲ ਚੱਲ ਰਹੀ ਜੰਗ ਦੌਰਾਨ ਈਰਾਨ ਵਿਚ ਸੱਤਾ ਸੰਘਰਸ਼ ਸ਼ੁਰੂ ਹੋ ਗਿਆ ਹੈ। ਮੀਡੀਆ ਰਿਪੋਰਟਾਂ ਅਨੁਸਾਰ ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕੋਰ (ਆਈ.ਆਰ.ਜੀ.ਸੀ.) ਅਤੇ ਈਰਾਨੀ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ ਵਿਚਕਾਰ ਸੱਤਾ ਸੰਘਰਸ਼ ਚੱਲ ਰਿਹਾ ਹੈ। ਸਰਕਾਰੀ ਨਿਯੁਕਤੀਆਂ ਅਤੇ ਫੈਸਲਿਆਂ ਵਿਚ ਪੇਜ਼ੇਸ਼ਕੀਅਨ ਦੀ ਭੂਮਿਕਾ ਸੀਮਤ ਹੋ ਗਈ ਹੈ ਅਤੇ ਉਹ ਅਲੱਗ-ਥਲੱਗ ਪੈ ਗਏ ਹਨ, ਜਦੋਂ ਕਿ ਆਈ.ਆਰ.ਜੀ.ਸੀ. ਨੇ ਸਰਕਾਰ ਦਾ ਅਸਲ ਕੰਟਰੋਲ ਸੰਭਾਲ ਲਿਆ ਹੈ।

ਈਰਾਨ ਇੰਟਰਨੈਸ਼ਨਲ ਅਤੇ ਲੰਡਨ ਸਥਿਤ ਫਾਰਸੀ-ਭਾਸ਼ਾ ਦੇ ਨਿਊਜ਼ ਚੈਨਲ ਅਤੇ ਡਿਜੀਟਲ ਪਲੇਟਫਾਰਮ ਅਨੁਸਾਰ ਉਦਾਰਵਾਦੀ ਨੇਤਾ ਵਜੋਂ ਜਾਣੇ ਜਾਂਦੇ ਪੇਜ਼ੇਸ਼ਕੀਅਨ ਪੂਰੀ ਤਰ੍ਹਾਂ ਰਾਜਨੀਤਿਕ ਗਤੀਰੋਧ ਵਿਚ ਫਸੇ ਹੋਏ ਹਨ। ਆਈ.ਆਰ.ਜੀ.ਸੀ. ਨੇ ਦੇਸ਼ ਦੇ ਮਹੱਤਵਪੂਰਨ ਮਾਮਲਿਆਂ ਵਿਚ ਇੱਕ ਵੱਡੀ ਭੂਮਿਕਾ ਨਿਭਾਈ

**■ ਆਈ.ਆਰ.ਜੀ.ਸੀ. ਵੱਲੋਂ ਸਰਕਾਰੀ ਕੰਟਰੋਲ 'ਤੇ ਕਬਜ਼ਾ**

ਹੈ ਅਤੇ ਕਈ ਮੁੱਖ ਸਰਕਾਰੀ ਫੈਸਲਿਆਂ ਅਤੇ ਨਿਯੁਕਤੀਆਂ ਨੂੰ ਰੋਕ ਦਿੱਤਾ ਗਿਆ ਹੈ। ਇਹ ਈਰਾਨੀ ਖੁਫੀਆ ਮੰਤਰੀ ਦੀ ਹਾਲ ਹੀ ਵਿਚ ਹੋਈ ਨਿਯੁਕਤੀ ਵਿਚ ਸਪੱਸ਼ਟ ਸੀ, ਜਦੋਂ ਪੇਜ਼ੇਸ਼ਕੀਅਨ ਦੁਆਰਾ ਪ੍ਰਸਤਾਵਿਤ ਨਾਵਾਂ ਨੂੰ ਰੱਦ ਕਰ ਦਿੱਤਾ ਗਿਆ। ਰਿਪੋਰਟਾਂ ਅਨੁਸਾਰ ਰਾਸ਼ਟਰਪਤੀ ਨੇ ਹੁਸੈਨ ਦੇਹਘਾਨ ਦਾ ਸੁਝਾਅ ਦਿੱਤਾ ਸੀ, ਪਰ ਆਈ.ਆਰ.ਜੀ.ਸੀ. ਦੇ ਚੋਟੀ ਦੇ ਕਮਾਂਡਰ ਅਹਿਮਦ ਵਹੀਦੀ ਨੇ ਸਪੱਸ਼ਟ ਕੀਤਾ ਹੈ ਕਿ ਮੌਜੂਦਾ ਜੰਗ ਵਰਗੀ ਸਥਿਤੀ ਵਿਚ, ਸੰਵੇਦਨਸ਼ੀਲ ਅਤੇ ਮਹੱਤਵਪੂਰਨ ਅਹੁਦਿਆਂ 'ਤੇ ਨਿਯੁਕਤੀ ਦਾ ਅਧਿਕਾਰ ਸਿਰਫ਼ ਆਈ.ਆਰ.ਜੀ.ਸੀ. ਕੋਲ ਹੈ। ਇਸ ਲਈ, ਈਰਾਨੀ ਰਾਸ਼ਟਰਪਤੀ ਦੁਆਰਾ ਪ੍ਰਸਤਾਵਿਤ ਉਮੀਦਵਾਰਾਂ ਨੂੰ ਅੱਗੇ ਨਹੀਂ ਰੱਖਿਆ ਗਿਆ।

ਸਫਾ 1 ਦਾ ਬਾਕੀ

## ਅਮਰੀਕਾ-ਇਰਾਨ ਜੰਗ; ਅਮਰੀਕਾ ਵੱਲੋਂ 2 ਹਫ਼ਤਿਆਂ...

ਇਰਾਨ ਵੱਲੋਂ ਇੱਕ ਦਸ ਨੁਕਤਿਆਂ ਵਾਲਾ ਪ੍ਰਸਤਾਵ ਵੀ ਪੇਸ਼ ਕੀਤਾ ਗਿਆ ਹੈ, ਜਿਸ ਵਿਚ ਸੁਰੱਖਿਆ ਅਤੇ ਆਰਥਿਕ ਮਸਲਿਆਂ ਨੂੰ ਲੈ ਕੇ ਗੱਲ ਕੀਤੀ ਗਈ ਹੈ।

ਦੂਜੇ ਪਾਸੇ, ਹਾਲਾਤ ਹਜੇ ਵੀ ਪੂਰੀ ਤਰ੍ਹਾਂ ਸਥਿਰ ਨਹੀਂ ਹਨ। ਭਾਵੇਂ ਜੰਗ-ਵਿਰਾਮ ਦਾ ਐਲਾਨ ਹੋ ਗਿਆ ਹੈ, ਪਰ ਇਰਾਨ ਵੱਲੋਂ ਇਸ ਨੂੰ ਪੂਰੀ ਤਰ੍ਹਾਂ ਅਤੇ ਖੁੱਲ੍ਹ ਕੇ ਸਵੀਕਾਰਿਆ ਗਿਆ ਹੈ ਜਾਂ ਨਹੀਂ, ਇਸ ਬਾਰੇ ਅਜੇ ਵੀ ਅਸਪੱਸ਼ਟਤਾ ਬਣੀ ਹੋਈ ਹੈ। ਇਸ ਕਾਰਨ ਦੁਨੀਆਂ ਦੇ ਕਈ ਦੇਸ਼ ਇਸ ਸਥਿਤੀ 'ਤੇ ਬੜੀ ਧਿਆਨ ਨਾਲ ਨਜ਼ਰ ਰੱਖ ਰਹੇ ਹਨ।

ਇਸ ਘਟਨਾ ਦਾ ਤੁਰੰਤ ਅਸਰ ਵਿਸ਼ਵ ਬਾਜ਼ਾਰਾਂ 'ਤੇ ਵੀ ਵੇਖਣ ਨੂੰ ਮਿਲਿਆ ਹੈ। ਜਿਵੇਂ ਹੀ ਜੰਗ-ਵਿਰਾਮ ਦੀ ਖ਼ਬਰ ਸਾਹਮਣੇ ਆਈ, ਤੇਲ ਦੀਆਂ ਕੀਮਤਾਂ ਵਿਚ ਕਮੀ ਆ ਗਈ ਅਤੇ ਵਪਾਰਕ ਬਾਜ਼ਾਰਾਂ ਵਿਚ ਕੁਝ ਹੱਦ ਤੱਕ ਸਥਿਰਤਾ ਵਾਪਸ ਆ ਗਈ। ਜੇਕਰ ਜੰਗ ਸ਼ੁਰੂ ਹੋ ਜਾਂਦੀ, ਤਾਂ ਇਸ ਦਾ ਸਿੱਧਾ ਅਸਰ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ, ਮਹਿੰਗਾਈ ਅਤੇ ਆਮ ਲੋਕਾਂ ਦੀ ਜ਼ਿੰਦਗੀ 'ਤੇ ਪੈਣਾ ਸੀ। ਇਹ ਵੀ ਯਾਦ ਰਹੇ ਕਿ ਪਿਛਲੇ ਕੁਝ ਸਮੇਂ ਤੋਂ ਅਮਰੀਕਾ ਨੇ ਵਿਦੇਸ਼ ਨੀਤੀ ਅਤੇ ਸਰਹੱਦੀ ਸੁਰੱਖਿਆ ਦੇ ਮਾਮਲਿਆਂ 'ਚ ਕਾਫੀ ਸਖ਼ਤ ਰਵੱਈਆ ਅਪਣਾਇਆ ਹੋਇਆ ਹੈ ਅਤੇ ਇਰਾਨ ਨਾਲ ਤਣਾਅ ਵੀ ਉਸੇ ਨੀਤੀ ਦਾ ਹਿੱਸਾ ਮੰਨਿਆ ਜਾ ਰਿਹਾ ਹੈ।

ਡੋਨਾਲਡ ਟਰੰਪ ਵੱਲੋਂ ਪਹਿਲਾਂ ਵੀ ਕਈ ਵਾਰ ਇਹ ਕਿਹਾ ਗਿਆ ਹੈ ਕਿ ਉਹ ਅਮਰੀਕਾ ਦੇ ਹਿਤਾਂ ਦੀ ਰੱਖਿਆ ਲਈ ਹਰ ਸੰਭਵ ਕਦਮ ਚੁੱਕਣਗੇ। ਇਸ ਵੇਲੇ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕੀ ਇਹ ਜੰਗ-ਵਿਰਾਮ ਲੰਬੇ ਸਮੇਂ ਦੀ ਸ਼ਾਂਤੀ ਵੱਲ ਇੱਕ ਕਦਮ ਸਾਬਤ ਹੋਵੇਗਾ ਜਾਂ ਫਿਰ ਸਿਰਫ ਇੱਕ ਅਸਥਾਈ ਰੋਕ ਹੈ, ਜਿਸ ਤੋਂ ਬਾਅਦ ਹਾਲਾਤ ਦੁਬਾਰਾ ਤਣਾਅਪੂਰਨ ਹੋ ਸਕਦੇ ਹਨ। ਅਗਲੇ ਦੋ ਹਫ਼ਤੇ ਇਸ ਮਾਮਲੇ ਵਿਚ ਬਹੁਤ ਹੀ ਅਹਿਮ ਸਾਬਤ ਹੋਣਗੇ। ਜੇਕਰ ਦੋਵੇਂ ਪੱਖ ਕਿਸੇ ਸਾਂਝੇ ਸਮਝੌਤੇ 'ਤੇ ਪਹੁੰਚ ਜਾਂਦੇ ਹਨ, ਤਾਂ ਇਹ ਦੁਨੀਆਂ ਲਈ ਇੱਕ ਵੱਡੀ ਰਾਹਤ ਹੋਵੇਗੀ, ਨਹੀਂ ਤਾਂ ਮੁੜ ਟਕਰਾਅ ਦਾ ਖ਼ਤਰਾ ਵੱਧ ਸਕਦਾ ਹੈ।

ਸਫਾ 1 ਦਾ ਬਾਕੀ

## ਅਮਰੀਕੀ ਅਦਾਲਤ ਵੱਲੋਂ ਟਰੰਪ ਦੀ 'ਮੈਂਡੇਟਰੀ ਡਿਟੇਨਸ਼ਨ'...

ਇਹ ਫੈਸਲਾ ਇਸ ਵੇਲੇ ਸਿਰਫ਼ ਨੇਵਾਡਾ ਸੂਬੇ ਵਿਚ ਲਾਗੂ ਹੋਵੇਗਾ, ਪਰ ਅੱਗੇ ਚੱਲ ਕੇ ਇਹ ਮਾਮਲਾ ਹੋਰ ਉੱਚ ਅਦਾਲਤਾਂ ਤੱਕ ਵੀ ਜਾ ਸਕਦਾ ਹੈ। ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ ਅਤੇ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ (935) ਨੇ ਕਿਹਾ ਹੈ ਕਿ ਉਹ ਅਦਾਲਤੀ ਫੈਸਲਿਆਂ ਦੀ ਪਾਲਣਾ ਕਰਦੇ ਰਹਿਣਗੇ ਪਰ ਇਸ ਮਾਮਲੇ ਨੂੰ ਉੱਚ ਅਦਾਲਤ ਵਿਚ ਚੁਣੌਤੀ ਵੀ ਦੇ ਸਕਦੇ ਹਨ। ਇਸ ਫੈਸਲੇ ਨਾਲ ਇਮੀਗ੍ਰੈਂਟਾਂ ਲਈ ਇਕ ਨਵੀਂ ਉਮੀਦ ਜਗੀ ਹੈ ਕਿਉਂਕਿ ਹੁਣ ਉਨ੍ਹਾਂ ਨੂੰ ਬਿਨਾਂ ਸੁਣਵਾਈ ਦੇ ਲੰਮੇ ਸਮੇਂ ਲਈ ਹਿਰਾਸਤ ਵਿਚ ਨਹੀਂ ਰੱਖਿਆ ਜਾ ਸਕੇਗਾ ਅਤੇ ਉਨ੍ਹਾਂ ਨੂੰ ਆਪਣੀ ਆਜ਼ਾਦੀ ਲਈ ਲੜਨ ਦਾ ਮੌਕਾ ਮਿਲੇਗਾ।

ਸਫਾ 1 ਦਾ ਬਾਕੀ

## ਯੂ.ਐੱਸ. ਏਅਰਪੋਰਟ ਡਾਟਾ ਨਾਲ 935 ਵੱਲੋਂ 800 ਤੋਂ...


ਉਨ੍ਹਾਂ ਦਾ ਕਹਿਣਾ ਹੈ ਕਿ ਸੁਰੱਖਿਆ ਲਈ ਇਕੱਠੇ ਕੀਤੇ ਡਾਟਾ ਦਾ ਹੋਰ ਮਕਸਦ ਲਈ ਇਸਤੇਮਾਲ ਨਿੱਜਤਾ ਦੇ ਅਧਿਕਾਰਾਂ ਦੀ ਉਲੰਘਣਾ ਹੋ ਸਕਦਾ ਹੈ। ਇਸ ਨਾਲ ਆਮ ਯਾਤਰੀਆਂ ਵਿਚ ਡਰ ਅਤੇ ਅਣਨਿਸ਼ਚਿਤਤਾ ਦਾ ਮਾਹੌਲ ਪੈਦਾ ਹੋ ਰਿਹਾ ਹੈ। ਰਿਪੋਰਟਾਂ ਇਹ ਵੀ ਦਰਸਾਉਂਦੀਆਂ ਹਨ ਕਿ ਏਅਰਪੋਰਟਾਂ 'ਤੇ ਇਮੀਗ੍ਰੇਸ਼ਨ ਏਜੰਸੀ ਦੀ ਮੌਜੂਦਗੀ ਵਧ ਰਹੀ ਹੈ ਅਤੇ ਕੁਝ ਮਾਮਲਿਆਂ ਵਿਚ ਲੋਕਾਂ ਨੂੰ ਉਡਾਣ ਤੋਂ ਪਹਿਲਾਂ ਹੀ ਰੋਕਿਆ ਗਿਆ। ਇਹ ਹਾਲਾਤ ਦਰਸਾਉਂਦੇ ਹਨ ਕਿ ਏਅਰਪੋਰਟ ਹੁਣ ਸਿਰਫ਼ ਯਾਤਰਾ ਕੇਂਦਰ ਨਹੀਂ ਰਹੇ, ਸਗੋਂ ਇਮੀਗ੍ਰੇਸ਼ਨ ਨਿਗਰਾਨੀ ਦੇ ਮਹੱਤਵਪੂਰਨ ਕੇਂਦਰ ਬਣ ਰਹੇ ਹਨ। ਰਾਜਨੀਤਿਕ ਪੱਧਰ 'ਤੇ ਵੀ ਇਹ ਮਾਮਲਾ ਗਰਮਾਇਆ ਹੋਇਆ ਹੈ। ਵਿਰੋਧੀ ਧਿਰ ਦੇ ਨੇਤਾ 935 ਦੀ ਕਾਰਵਾਈ 'ਤੇ ਸਵਾਲ ਉਠਾ ਰਹੇ ਹਨ, ਜਦਕਿ ਸਰਕਾਰ ਇਸਨੂੰ ਕਾਨੂੰਨ ਲਾਗੂ ਕਰਨ ਲਈ ਜ਼ਰੂਰੀ ਕਦਮ ਦੱਸ ਰਹੀ ਹੈ। ਮਾਹਿਰਾਂ ਅਤੇ ਵਿਸ਼ਲੇਸ਼ਕਾਂ ਅਨੁਸਾਰ, ਇਹ ਮਾਮਲਾ ਸਿਰਫ਼ ਗ੍ਰਿਫ਼ਤਾਰੀਆਂ ਤੱਕ ਸੀਮਿਤ ਨਹੀਂ, ਸਗੋਂ ਇੱਕ ਵੱਡੇ ਨੀਤੀਗਤ ਬਦਲਾਅ ਦੀ ਨਿਸ਼ਾਨੀ ਹੈ, ਜਿੱਥੇ ਸੁਰੱਖਿਆ ਪ੍ਰਣਾਲੀਆਂ ਨੂੰ ਇਮੀਗ੍ਰੇਸ਼ਨ ਲਾਗੂ ਕਰਨ ਲਈ ਵਧ-ਚੜ੍ਹ ਕੇ ਵਰਤਿਆ ਜਾ ਰਿਹਾ ਹੈ। ਆਉਣ ਵਾਲੇ ਸਮੇਂ ਵਿਚ ਇਹ ਮੁੱਦਾ ਅਮਰੀਕਾ ਵਿਚ ਇਮੀਗ੍ਰੇਸ਼ਨ ਨੀਤੀ ਅਤੇ ਨਾਗਰਿਕ ਆਜ਼ਾਦੀਆਂ ਵਿਚਕਾਰ ਵੱਡੀ ਕਾਨੂੰਨੀ ਅਤੇ ਰਾਜਨੀਤਿਕ ਚਰਚਾ ਦਾ ਕੇਂਦਰ ਬਣ ਸਕਦਾ ਹੈ।

ਸਫਾ 1 ਦਾ ਬਾਕੀ

## ਕੈਲੀਫੋਰਨੀਆ 'ਚ ਹਰਿਆਣਾ ਦੇ ਰਹਿਣ ਵਾਲੇ ਗੈਂਗਸਟਰ...

ਸਿੱਧੂ ਮੂਸੇਵਾਲਾ ਕਤਲ ਕਾਂਡ ਤੋਂ ਬਾਅਦ ਇਹ ਗੈਂਗ ਲਗਾਤਾਰ ਵਿਦੇਸ਼ਾਂ ਵਿਚ ਆਪਣੇ ਵਿਰੋਧੀਆਂ ਨੂੰ ਨਿਸ਼ਾਨਾ ਬਣਾ ਰਿਹਾ ਹੈ।

ਫਿਲਹਾਲ ਕੈਲੀਫੋਰਨੀਆ ਪੁਲਿਸ ਨੇ ਇਸ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਅਮਰੀਕੀ ਜਾਂਚ ਏਜੰਸੀਆਂ ਇਸ ਗੱਲ ਦੀ ਜਾਂਚ ਕਰ ਰਹੀਆਂ ਹਨ ਕਿ ਭਾਰਤ ਦੀ ਇੱਕ ਗੈਂਗ ਨੇ ਅਮਰੀਕਾ ਵਿਚ ਸ਼ੂਟਰਾਂ ਦਾ ਪ੍ਰਬੰਧ ਕਿਵੇਂ ਕੀਤਾ ਅਤੇ ਇਸ ਕਤਲ ਦੇ ਤਾਰ ਕਿੱਥੇ ਜੁੜੇ ਹੋਏ ਹਨ।

ਗੁਰਜਤਿੰਦਰ ਸਿੰਘ ਰੰਧਾਵਾ
ਸੈਕਰਾਮੈਂਟੋ, ਕੈਲੀਫੋਰਨੀਆ
916-320-9444
ਪੰਜਾਬ ਮੇਲ USA



# ਟਰੰਪ ਦਾ ਇਰਾਨ ਨੂੰ ਅਲਟੀਮੇਟਮ: ਗੱਲਬਾਤ ਜਾਂ ਸਖ਼ਤ ਕਾਰਵਾਈ




ਤਾਜ਼ਾ ਪ੍ਰੈੱਸ ਕਾਨਫਰੰਸ ਦੌਰਾਨ ਟਰੰਪ ਨੇ ਹੋਰ ਵੀ ਤਿੱਖੇ ਸ਼ਬਦ ਵਰਤਦੇ ਹੋਏ ਕਿਹਾ ਕਿ ਜੇ ਇਰਾਨ ਨੇ ਮੰਗਾਂ ਨਹੀਂ ਮੰਨੀਆਂ, ਤਾਂ ਅਮਰੀਕਾ "ਇੱਕ ਰਾਤ ਵਿਚ ਪੂਰੇ ਦੇਸ਼ ਨੂੰ ਨਿਸ਼ਾਨਾ ਬਣਾ ਸਕਦਾ ਹੈ"। ਉਨ੍ਹਾਂ ਨੇ ਇਹ ਵੀ ਕਿਹਾ ਕਿ ਅਮਰੀਕਾ ਕੋਲ ਐਸੀ ਯੋਜਨਾ ਮੌਜੂਦ ਹੈ, ਜਿਸ ਦੇ ਤਹਿਤ ਇਰਾਨ ਦੇ ਬਿਜਲੀ ਘਰਾਂ, ਪੁਲਾਂ ਅਤੇ ਹੋਰ ਅਹਿਮ ਢਾਂਚਿਆਂ ਨੂੰ ਤਬਾਹ ਕੀਤਾ ਜਾ ਸਕਦਾ ਹੈ, ਹਾਲਾਂਕਿ ਉਨ੍ਹਾਂ ਨੇ ਇਹ ਵੀ ਜੋੜਿਆ ਕਿ "ਅਸੀਂ ਇਹ ਨਹੀਂ ਕਰਨਾ ਚਾਹੁੰਦੇ, ਪਰ ਕਰ ਸਕਦੇ ਹਾਂ।"

ਅਮਰੀਕਾ ਦੇ ਪ੍ਰੈਜ਼ੀਡੈਂਟ ਟਰੰਪ ਵੱਲੋਂ ਇਰਾਨ ਸਬੰਧੀ ਦਿੱਤਾ ਗਿਆ ਤਾਜ਼ਾ ਬਿਆਨ ਅੰਤਰਰਾਸ਼ਟਰੀ ਰਾਜਨੀਤੀ ਵਿਚ ਇੱਕ ਨਵਾਂ ਤਣਾਅ ਪੈਦਾ ਕਰ ਰਿਹਾ ਹੈ। ਇਹ ਸੰਬੋਧਨ ਸਿਰਫ਼ ਇੱਕ ਆਮ ਰਾਜਨੀਤਿਕ ਬਿਆਨ ਨਹੀਂ, ਸਗੋਂ ਇੱਕ ਸਪੱਸ਼ਟ ਸੰਦੇਸ਼ ਵਜੋਂ ਦੇਖਿਆ ਜਾ ਰਿਹਾ ਹੈ ਕਿ ਅਮਰੀਕਾ ਹੁਣ ਇਰਾਨ ਨਾਲ ਆਪਣੀ ਨੀਤੀ ਵਿਚ ਹੋਰ ਸਖ਼ਤੀ ਲਿਆਉਣ ਲਈ ਤਿਆਰ ਹੈ।

ਟਰੰਪ ਨੇ ਆਪਣੇ ਬਿਆਨ ਵਿਚ ਕਿਹਾ ਕਿ ਜੇ ਇਰਾਨ ਨੇ ਅਮਰੀਕਾ ਦੀਆਂ ਸ਼ਰਤਾਂ ਨੂੰ ਨਹੀਂ ਮੰਨਿਆ, ਤਾਂ ਉਨ੍ਹਾਂ ਨੂੰ ਭਾਰੀ ਨਤੀਜੇ ਭੁਗਤਣੇ ਪੈ ਸਕਦੇ ਹਨ। ਖ਼ਾਸ ਤੌਰ 'ਤੇ ਉਨ੍ਹਾਂ ਨੇ ਇਰਾਨ ਦੇ ਨਿਊਕਲੀਅਰ ਪ੍ਰੋਗਰਾਮ ਨੂੰ ਲੈ ਕੇ ਚਿੰਤਾ ਜ਼ਾਹਰ ਕੀਤੀ ਅਤੇ ਕਿਹਾ ਕਿ ਅਮਰੀਕਾ ਕਿਸੇ ਵੀ ਹਾਲਤ ਵਿਚ ਇਰਾਨ ਨੂੰ ਨਿਊਕਲੀਅਰ ਤਾਕਤ ਬਣਨ ਦੀ ਇਜਾਜ਼ਤ ਨਹੀਂ ਦੇਵੇਗਾ। ਉਨ੍ਹਾਂ ਨੇ ਇਹ ਵੀ ਕਿਹਾ ਕਿ ਜੇ ਲੋੜ ਪਈ, ਤਾਂ ਅਮਰੀਕਾ ਵੱਲੋਂ ਸਿੱਧੇ ਫੌਜੀ ਕਦਮ ਵੀ ਚੁੱਕੇ ਜਾ ਸਕਦੇ ਹਨ।

ਟਰੰਪ ਦੇ ਬਿਆਨ ਵਿਚ ਸਭ ਤੋਂ ਵੱਧ ਚਰਚਾ ਉਸ ਵੇਲੇ ਹੋਈ, ਜਦੋਂ ਉਨ੍ਹਾਂ ਨੇ ਕਿਹਾ ਕਿ ਇਰਾਨ ਨੂੰ "ਬਹੁਤ ਤੇਜ਼ ਅਤੇ ਤਾਕਤਵਰ ਕਾਰਵਾਈ ਨਾਲ ਨਿਸ਼ਾਨਾ ਬਣਾਇਆ ਜਾ ਸਕਦਾ ਹੈ"। ਇਹ ਬਿਆਨ ਸਿੱਧੀ ਤੌਰ 'ਤੇ ਇੱਕ ਫੌਜੀ ਚੇਤਾਵਨੀ ਵਜੋਂ ਦੇਖਿਆ ਜਾ ਰਿਹਾ ਹੈ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਅਮਰੀਕਾ ਦੀ ਫੌਜ ਪੂਰੀ ਤਰ੍ਹਾਂ ਤਿਆਰ ਹੈ ਅਤੇ ਜੇ ਕੋਈ ਵੀ ਖ਼ਤਰਾ ਪੈਦਾ ਹੁੰਦਾ ਹੈ, ਤਾਂ ਉਸ ਦਾ ਤੁਰੰਤ ਜਵਾਬ ਦਿੱਤਾ ਜਾਵੇਗਾ।

ਤਾਜ਼ਾ ਪ੍ਰੈੱਸ ਕਾਨਫਰੰਸ ਦੌਰਾਨ ਟਰੰਪ ਨੇ ਹੋਰ ਵੀ ਤਿੱਖੇ ਸ਼ਬਦ ਵਰਤਦੇ ਹੋਏ ਕਿਹਾ ਕਿ ਜੇ ਇਰਾਨ ਨੇ ਮੰਗਾਂ ਨਹੀਂ ਮੰਨੀਆਂ, ਤਾਂ ਅਮਰੀਕਾ "ਇੱਕ ਰਾਤ ਵਿਚ ਪੂਰੇ ਦੇਸ਼ ਨੂੰ ਨਿਸ਼ਾਨਾ ਬਣਾ ਸਕਦਾ ਹੈ"। ਉਨ੍ਹਾਂ ਨੇ ਇਹ ਵੀ ਕਿਹਾ ਕਿ ਅਮਰੀਕਾ ਕੋਲ ਐਸੀ ਯੋਜਨਾ ਮੌਜੂਦ ਹੈ, ਜਿਸ ਦੇ ਤਹਿਤ ਇਰਾਨ ਦੇ ਬਿਜਲੀ ਘਰਾਂ, ਪੁਲਾਂ ਅਤੇ ਹੋਰ ਅਹਿਮ ਢਾਂਚਿਆਂ ਨੂੰ ਤਬਾਹ ਕੀਤਾ ਜਾ ਸਕਦਾ ਹੈ, ਹਾਲਾਂਕਿ ਉਨ੍ਹਾਂ ਨੇ ਇਹ ਵੀ ਜੋੜਿਆ ਕਿ "ਅਸੀਂ ਇਹ ਨਹੀਂ ਕਰਨਾ ਚਾਹੁੰਦੇ, ਪਰ ਕਰ ਸਕਦੇ ਹਾਂ।"

ਉਨ੍ਹਾਂ ਨੇ ਇਹ ਵੀ ਦੱਸਿਆ ਕਿ ਅਮਰੀਕੀ ਫੌਜ ਨੇ ਇਕ ਵੱਡੀ ਰੈਸਕਿਊ ਕਾਰਵਾਈ ਸਫਲਤਾਪੂਰਵਕ ਅੰਜਾਮ ਦਿੱਤੀ ਹੈ, ਜਿਸ ਵਿਚ ਫਸੇ ਹੋਏ ਅਮਰੀਕੀ ਜਵਾਨਾਂ ਨੂੰ ਬਚਾਇਆ ਗਿਆ। ਟਰੰਪ ਨੇ ਇਸ ਕਾਰਵਾਈ ਨੂੰ ਇਤਿਹਾਸਕ ਕਰਾਰ ਦਿੰਦੇ ਹੋਏ ਅਮਰੀਕੀ ਫੌਜ ਦੀ ਯੋਗਤਾ ਦੀ ਖੁੱਲ੍ਹ ਕੇ ਤਾਰੀਫ਼ ਕੀਤੀ।

ਟਰੰਪ ਨੇ ਆਪਣੇ ਬਿਆਨ ਵਿਚ ਇਹ ਵੀ ਕਿਹਾ ਕਿ ਇਰਾਨ ਇਸ ਵੇਲੇ "ਆਪਣੀ ਸਭ ਤੋਂ ਕਮਜ਼ੋਰ ਸਥਿਤੀ ਵਿਚ ਹੈ" ਅਤੇ ਅਮਰੀਕਾ ਕੋਲ ਇਸ ਸਮੇਂ ਵੱਡਾ ਦਬਦਬਾ ਹੈ। ਉਨ੍ਹਾਂ ਨੇ ਦਾਅਵਾ ਕੀਤਾ ਕਿ ਇਰਾਨ ਦੇ ਅੰਦਰ ਕਈ ਲੋਕ ਮੌਜੂਦਾ ਹਾਲਾਤਾਂ ਨਾਲ ਖੁਸ਼ ਨਹੀਂ ਹਨ ਅਤੇ ਬਦਲਾਅ ਦੀ ਮੰਗ ਕਰ ਰਹੇ ਹਨ, ਹਾਲਾਂਕਿ ਇਸ ਗੱਲ 'ਤੇ ਵੱਖ-ਵੱਖ ਪ੍ਰਤੀਕਿਰਿਆਵਾਂ ਸਾਹਮਣੇ ਆ ਰਹੀਆਂ ਹਨ।



ਮੱਧ-ਪੂਰਬ ਵਿਚ ਚੱਲ ਰਹੇ ਤਣਾਅ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਨੇ ਕਿਹਾ ਕਿ ਇਰਾਨ ਦੀਆਂ ਗਤੀਵਿਧੀਆਂ ਨੇ ਖੇਤਰ ਵਿਚ ਅਸਥਿਰਤਾ ਪੈਦਾ ਕੀਤੀ ਹੈ ਅਤੇ ਅਮਰੀਕਾ ਆਪਣੇ ਸਾਥੀਆਂ ਦੀ ਸੁਰੱਖਿਆ ਲਈ ਪੂਰੀ ਤਰ੍ਹਾਂ ਤਿਆਰ ਹੈ। ਉਨ੍ਹਾਂ ਨੇ ਇਹ ਵੀ ਸੰਕੇਤ ਦਿੱਤਾ ਕਿ ਜੇ ਗੱਲਬਾਤ ਸਫਲ ਰਹੀ ਤਾਂ ਜੰਗ ਤੋਂ ਬਚਿਆ ਜਾ ਸਕਦਾ ਹੈ, ਨਹੀਂ ਤਾਂ ਹਾਲਾਤ ਹੋਰ ਗੰਭੀਰ ਹੋ ਸਕਦੇ ਹਨ।

ਆਰਥਿਕ ਪੱਖ ਤੋਂ ਵੀ ਇਸ ਤਣਾਅ ਦੇ ਪ੍ਰਭਾਵ ਸਾਹਮਣੇ ਆ ਰਹੇ ਹਨ। ਗਲੋਬਲ ਤੇਲ ਬਾਜ਼ਾਰ ਵਿਚ ਅਸਥਿਰਤਾ ਵਧ ਰਹੀ ਹੈ ਅਤੇ ਇਸਦਾ ਅਸਰ ਅਮਰੀਕਾ ਸਮੇਤ ਦੁਨੀਆਂ ਦੇ ਕਈ ਦੇਸ਼ਾਂ 'ਤੇ ਪੈ ਸਕਦਾ ਹੈ। ਗੈਸ ਦੀਆਂ ਕੀਮਤਾਂ ਵਿਚ ਉਤਾਰ-ਚੜ੍ਹਾਅ ਆਉਣ ਦੀ ਸੰਭਾਵਨਾ ਵੀ ਜਤਾਈ ਜਾ ਰਹੀ ਹੈ।



ਇਸ ਦੇ ਜਵਾਬ ਵਿਚ ਇਰਾਨ ਵੱਲੋਂ ਵੀ ਤਿੱਖੀ ਪ੍ਰਤੀਕਿਰਿਆ ਆਈ ਹੈ। ਇਰਾਨੀ ਅਧਿਕਾਰੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਜੇ ਅਮਰੀਕਾ ਨੇ ਕਿਸੇ ਵੀ ਤਰ੍ਹਾਂ ਦੀ ਫੌਜੀ ਕਾਰਵਾਈ ਕੀਤੀ, ਤਾਂ ਉਸਦਾ ਜਵਾਬ "ਬਹੁਤ ਹੀ ਸਖ਼ਤ ਅਤੇ ਵਿਆਪਕ ਤਰੀਕੇ ਨਾਲ" ਦਿੱਤਾ ਜਾਵੇਗਾ।

ਅੰਤਰਰਾਸ਼ਟਰੀ ਭਾਈਚਾਰੇ ਵਿਚ ਵੀ ਇਸ ਮਾਮਲੇ 'ਤੇ ਚਿੰਤਾ ਜਤਾਈ ਜਾ ਰਹੀ ਹੈ। ਕਈ ਦੇਸ਼ਾਂ ਨੇ ਦੋਵਾਂ ਪੱਖਾਂ ਨੂੰ ਸੰਯਮ ਬਰਤਣ ਅਤੇ ਗੱਲਬਾਤ ਰਾਹੀਂ ਹੱਲ ਲੱਭਣ ਦੀ ਅਪੀਲ ਕੀਤੀ ਹੈ।

ਕੁੱਲ ਮਿਲਾ ਕੇ, ਪ੍ਰੈਜ਼ੀਡੈਂਟ ਟਰੰਪ ਦਾ ਇਹ ਤਾਜ਼ਾ ਬਿਆਨ ਅਤੇ ਪ੍ਰੈੱਸ ਕਾਨਫਰੰਸ ਦਰਸਾਉਂਦੇ ਹਨ ਕਿ ਅਮਰੀਕਾ ਅਤੇ ਇਰਾਨ ਦੇ ਵਿਚਕਾਰ ਤਣਾਅ ਆਪਣੇ ਚਰਮ ਵੱਲ ਵੱਧ ਰਿਹਾ ਹੈ। ਹੁਣ ਇਹ ਦੇਖਣਾ ਮਹੱਤਵਪੂਰਨ ਹੋਵੇਗਾ ਕਿ ਆਉਣ ਵਾਲੇ ਦਿਨਾਂ ਵਿਚ ਇਹ ਸਥਿਤੀ ਗੱਲਬਾਤ ਰਾਹੀਂ ਠੰਡੀ ਪੈਂਦੀ ਹੈ ਜਾਂ ਫਿਰ ਇੱਕ ਵੱਡੇ ਸੰਘਰਸ਼ ਦਾ ਰੂਪ ਧਾਰ ਲੈਂਦੀ ਹੈ।

# ਖ਼ਤਰਨਾਕ ਮੋੜ 'ਤੇ ਪਹੁੰਚੀ ਇਰਾਨ ਅਮਰੀਕਾ-ਇਜ਼ਰਾਈਲ ਜੰਗ

ਡਾ. ਸੁਰਿੰਦਰ ਮੰਡ
(ਪ੍ਰੋਫੈਸਰ)
ਸੁੰਦਰ ਵਿਹਾਰ, ਤਲਵਾੜਾ
(ਹੁਸ਼ਿਆਰਪੁਰ)
94173-24543



ਪੰਜਾਬ ਮੇਲ USA



*ਟਰੰਪ ਦੇ ਸੰਬੋਧਨ ਉਪਰੰਤ ਦੋਵਾਂ ਪਾਸਿਓਂ ਹਮਲੇ ਹੋਰ ਪ੍ਰਚੰਡ ਹੋ ਗਏ ਹਨ। ਜਾਨੀ-ਮਾਲੀ ਨੁਕਸਾਨ ਵਧਿਆ ਹੈ। 18 ਅਮਰੀਕੀ ਕੰਪਨੀਆਂ ਉੱਤੇ ਖਾੜੀ ਦੇਸ਼ਾਂ ਵਿਚ ਹਮਲੇ ਕਾਰਨ ਇਮਾਰਤਾਂ ਖਾਲੀ ਹੋ ਗਈਆਂ ਹਨ। ਇਜ਼ਰਾਈਲ-ਅਮਰੀਕਾ 200 ਜਹਾਜ਼ਾਂ ਨਾਲ ਲਗਾਤਾਰ ਵਿਨਾਸ਼ਕਾਰੀ ਹਮਲੇ ਕਰ ਰਹੇ ਹਨ, ਜਦਕਿ ਇਰਾਨ, ਲਿਬਨਾਨੀ ਹਿਜ਼ਬੁੱਲਾ ਅਤੇ ਯਮਨ ਦੇ ਹੂਤੀ ਮੋੜਵਾਂ ਮਾਰੂ ਜਵਾਬ ਦੇ ਕੇ ਹੈਰਾਨ ਕਰ ਰਹੇ ਹਨ। ਸ਼ੁੱਕਰਵਾਰ ਇਕ ਦਿਨ ਵਿਚ ਹੀ ਅਮਰੀਕਾ ਦੇ ਚਾਰ ਲੜਾਕੂ ਜਹਾਜ਼ ਅਤੇ ਤਿੰਨ ਹੈਲੀਕਾਪਟਰ ਇਰਾਨ ਨੇ ਮਾਰ ਗਿਰਾਏ ਹਨ। ਇਰਾਨ ਦੁਆਲੇ ਅਮਰੀਕੀ ਫੌਜੀ ਜਮਾਵੜਾ, ਹਮਲੇ ਅਤੇ ਤਬਾਹੀ ਵੀ ਜਾਰੀ ਹੈ।*

ਅਮਰੀਕੀ ਰਾਸ਼ਟਰਪਤੀ ਟਰੰਪ ਨੇ ਇਰਾਨ ਉੱਤੇ ਹਮਲੇ ਦੇ ਇਕ ਮਹੀਨੇ ਉਪਰੰਤ ਆਪਣੇ ਕੌਮ ਦੇ ਨਾਮ ਸੰਦੇਸ਼ ਵਿਚ ਐਲਾਨ ਕੀਤਾ ਕਿ ਇਰਾਨ ਨਾਲ ਜੰਗ ਜਿੱਤੀ ਪਈ ਹੈ ਤੇ ਬਸ ਦੋ-ਤਿੰਨ ਹਫਤਿਆਂ ਤੱਕ ਹੋਰ ਚੱਲੇਗੀ। ਉਸਨੇ ਇਰਾਨੀ ਨੇਵੀ, ਰਾਡਾਰ, ਹਵਾਈ ਤਾਕਤ, ਪ੍ਰਮਾਣੂ ਕੇਂਦਰ ਅਤੇ ਮਿਜ਼ਾਈਲ ਲਾਂਚ ਸਿਸਟਮ ਤਬਾਹ ਕਰ ਦੇਣ ਦਾ ਦਾਅਵਾ ਕੀਤਾ। ਫੜ੍ਹ ਵੀ ਮਾਰੀ ਕਿ ਇਰਾਨ 6 ਅਪ੍ਰੈਲ ਤੱਕ ਸਮਝੌਤੇ ਲਈ ਝੁਕੇ, ਨਹੀਂ ਤਾਂ ਬੰਬਾਰੀ ਨਾਲ ਪੱਥਰ ਯੁੱਗ ਵਿਚ ਪੁਚਾ ਦਿਆਂਗਾ। ਪਰ ਟਰੰਪ ਨੇ ਆਪਣੇ ਸੰਬੋਧਨ ਵਿਚ ਇਰਾਨ ਅੰਦਰ ਕਿਸੇ ਤਰ੍ਹਾਂ ਦੇ ਗਰਾਊਂਡ ਉਪਰੇਸ਼ਨ ਕਰਨ ਦਾ ਨਾਮ ਨਹੀਂ ਸੀ ਲਿਆ ਅਤੇ ਹੋਰਮੂਜ਼ ਸਮੁੰਦਰੀ ਲਾਂਘਾ ਖੁੱਲ੍ਹਵਾਉਣ ਬਾਰੇ ਵੀ ਆਖਿਆ ਕਿ ਅਮਰੀਕਾ ਦਾ ਇਸ ਨਾਲ ਕੋਈ ਲੈਣਾ-ਦੇਣਾ ਨਹੀਂ। ਜਿਨ੍ਹਾਂ ਨੇ ਓਧਰੋਂ ਲੰਘਣਾ ਜਾਂ ਤੇਲ ਲੰਘਾਉਣਾ, ਉਹ ਕਰਨ ਜੋ ਕਰਨਾ। ਇਸ ਨਾਲ ਖਾੜੀ ਦੇ ਅਰਬ ਦੇਸ਼ਾਂ ਨੂੰ ਸਭ ਤੋਂ ਵੱਡਾ ਝਟਕਾ ਲੱਗਾ ਹੋਵੇਗਾ। ਕਿਉਂਕਿ ਉਨ੍ਹਾਂ ਨੇ ਤਾਂ ਸਭ ਖੁਰਾਕੀ ਤੇ ਲੋੜ ਦਾ ਸਾਰਾ ਕੁਝ ਵੀ ਮੰਗਾਉਣਾ ਹੁੰਦਾ। ਉਨ੍ਹਾਂ ਨੂੰ ਤਾਂ ਆਪਣੀ ਧਰਤੀ ਉੱਤੇ ਅਮਰੀਕੀ ਫੌਜੀ ਅੱਡੇ ਬਣਵਾਉਣ ਕਾਰਨ ਹੀ ਜੰਗ ਦਾ ਸੇਕ ਲੱਗ ਰਿਹਾ, ਵਰਨਾ ਇਰਾਨ ਨਾਲ ਕੋਈ ਝਗੜਾ ਹੀ ਨਹੀਂ ਸੀ। ਟਰੰਪ ਨੇ ਇਹ ਵੀ ਕਿਹਾ ਕਿ ਇਰਾਨ ਸਰਕਾਰ ਬਦਲਣੀ ਸਾਡਾ ਮਕਸਦ ਹੀ ਨਹੀਂ ਸੀ। ਸੁਣਕੇ ਲੱਗਾ ਜਿਵੇਂ ਪਹਿਲਾਂ ਵੀ ਤੇ ਹੁਣ ਵੀ ਇਰਾਨ ਨੂੰ ਸਿਰਫ ਤਬਾਹ ਕਰਨਾ ਹੀ ਜੰਗ ਦਾ ਅਸਲੀ ਮਕਸਦ ਹੋਵੇ।

ਟਰੰਪ ਦੇ ਸੰਬੋਧਨ ਉਪਰੰਤ ਦੋਵਾਂ ਪਾਸਿਓਂ ਹਮਲੇ ਹੋਰ ਪ੍ਰਚੰਡ ਹੋ ਗਏ ਹਨ। ਜਾਨੀ-ਮਾਲੀ ਨੁਕਸਾਨ ਵਧਿਆ ਹੈ। 18 ਅਮਰੀਕੀ ਕੰਪਨੀਆਂ ਉੱਤੇ ਖਾੜੀ ਦੇਸ਼ਾਂ ਵਿਚ ਹਮਲੇ ਕਾਰਨ ਇਮਾਰਤਾਂ ਖਾਲੀ ਹੋ ਗਈਆਂ ਹਨ। ਇਜ਼ਰਾਈਲ-ਅਮਰੀਕਾ 200 ਜਹਾਜ਼ਾਂ ਨਾਲ ਲਗਾਤਾਰ ਵਿਨਾਸ਼ਕਾਰੀ ਹਮਲੇ ਕਰ ਰਹੇ ਹਨ, ਜਦਕਿ ਇਰਾਨ, ਲਿਬਨਾਨੀ ਹਿਜ਼ਬੁੱਲਾ ਅਤੇ ਯਮਨ ਦੇ ਹੂਤੀ ਮੋੜਵਾਂ ਮਾਰੂ ਜਵਾਬ ਦੇ ਕੇ ਹੈਰਾਨ ਕਰ ਰਹੇ ਹਨ। ਸ਼ੁੱਕਰਵਾਰ ਇਕ ਦਿਨ ਵਿਚ ਹੀ ਅਮਰੀਕਾ ਦੇ ਚਾਰ ਲੜਾਕੂ ਜਹਾਜ਼ ਅਤੇ ਤਿੰਨ ਹੈਲੀਕਾਪਟਰ ਇਰਾਨ ਨੇ ਮਾਰ ਗਿਰਾਏ ਹਨ। ਇਰਾਨ ਦੁਆਲੇ ਅਮਰੀਕੀ ਫੌਜੀ ਜਮਾਵੜਾ, ਹਮਲੇ ਅਤੇ ਤਬਾਹੀ ਵੀ ਜਾਰੀ ਹੈ।

ਇਸਲਾਮਾਬਾਦ ਸਮਝੌਤਾ ਵਾਰਤਾ ਦੀ ਚਰਚਾ ਫਿਲਹਾਲ ਠੱਪ ਹੈ। ਇਜ਼ਰਾਈਲ ਤਾਂ ਪਹਿਲਾਂ ਤੋਂ ਹੀ ਇਰਾਨ ਨਾਲ ਕਿਸੇ ਵੀ ਸਮਝੌਤੇ ਦਾ ਸਖ਼ਤ ਵਿਰੋਧੀ ਹੈ, ਤੇ ਅਮਰੀਕੀ ਸ਼ਮੂਲੀਅਤ ਵਾਲੀ ਇਸ ਜੰਗ ਨੂੰ ਇਰਾਨ ਦੀ ਤਬਾਹੀ ਦੇ ਇਕ ਸੁਨਹਿਰੀ ਮੌਕੇ ਵਜੋਂ ਵੇਖ ਰਿਹਾ। ਇਰਾਨ ਅਗਾਂਹ ਲਈ ਸੁਰੱਖਿਆ ਗਰੰਟੀ ਅਤੇ ਆਪਣੇ ਬਾਬਤ ਹਰ ਪੱਖੋਂ ਨਿਆਈਂ ਵਤੀਰੇ ਤੋਂ ਬਿਨਾ ਸਮਝੌਤਾ ਨਹੀਂ ਕਰਨਾ ਚਾਹੁੰਦਾ। ਮੇਰਾ ਖਿਆਲ ਕਿ ਇਰਾਨ ਦਾ ਅਮਰੀਕਾ ਨਾਲ ਤਾਂ ਕਦੀ ਨਾ ਕਦੀ ਸਮਝੌਤਾ ਹੋ ਸਕਦਾ, ਪਰ ਨੇਤਨਯਾਹੂ ਦੇ ਹੁੰਦਿਆਂ ਇਜ਼ਰਾਈਲ ਨਾਲ ਸੰਭਵ ਨਹੀਂ।

ਇੰਜ ਦੋਵੇਂ ਧਿਰਾਂ ਆਪਸੀ ਸਹਿਮਤੀ ਬਣਨ ਪੱਖੋਂ ਉਸ ਤੋਂ ਵੀ ਦੂਰ ਚਲੇ ਗਈਆਂ ਹਨ, ਜਿੱਥੇ ਜੰਗ ਲੱਗਣ ਤੋਂ ਪਹਿਲਾਂ ਸਨ। ਬੇਵਿਸ਼ਵਾਸੀ ਸਿਖਰ ਉੱਤੇ ਹੈ। ਜੰਗ ਹਰ ਤਰ੍ਹਾਂ ਦੀਆਂ ਹੱਦਾਂ ਲੰਘ ਜਾਣ ਵਾਲੇ ਪਾਸੇ ਤੁਰਦੀ ਦਿੱਸਦੀ ਹੈ।

ਅਮਰੀਕਾ ਦੀ 'ਬਿਊਰੋ ਆਫ ਕਾਊਂਟਰ ਟੈਰਿਰਿਜ਼ਮ' ਦੇ ਮੁਖੀ ਕੈਂਟ ਨੇ ਵੀ ਇਹ ਆਖ ਕੇ ਅਸਤੀਫਾ ਦੇ ਚੁੱਕਾ ਕਿ ਇਰਾਨ ਕੋਲੋਂ ਅਮਰੀਕਾ ਨੂੰ ਕੋਈ ਖ਼ਤਰਾ ਨਹੀਂ ਸੀ, ਇਰਾਨ ਉੱਤੇ ਹਮਲਾ ਟਰੰਪ ਤੇ ਨੇਤਨਯਾਹੂ ਦੀ ਜ਼ਿਆਦਤੀ ਹੈ, ਇਹ ਅਮਰੀਕਾ ਦੇ ਹਿੱਤ ਵਿਚ ਨਹੀਂ। ਦੁਨੀਆਂ ਦੇ 100 ਪ੍ਰਮੁੱਖ ਕਾਨੂੰਨੀ ਮਾਹਰਾਂ ਨੇ ਸਾਂਝਾ ਬਿਆਨ ਦਿੱਤਾ ਹੈ ਕਿ ਅਮਰੀਕਾ ਇਜ਼ਰਾਈਲ ਵੱਲੋਂ ਇਹ ਹਮਲਾ ਯੂ.ਐੱਨ. ਚਾਰਟਰ ਦੀ ਘੋਰ ਉਲੰਘਣਾ ਹੈ।



ਮੈਂ 30 ਜਨਵਰੀ 2003 ਨੂੰ ਪੰਜਾਬੀ ਟ੍ਰਿਬਿਊਨ ਵਿਚ ਛਪੇ ਆਪਣੇ ਲੇਖ 'ਏਸ਼ੀਆ ਵਿਚ ਦਨਦਨਾਉਂਦਾ ਅਮਰੀਕੀ ਸਾਮਰਾਜ' ਵਿਚ ਹੀ ਲਿਖਿਆ ਸੀ ਕਿ "ਇਹ ਖਿੱਤਾ ਤੇਲ ਭੰਡਾਰਾਂ ਨਾਲ ਮਾਲਾਮਾਲ ਹੈ.... ਇਸ ਖਿੱਤੇ ਵਿਚ ਹਰ ਤਰ੍ਹਾਂ ਦੀ ਫੌਜੀ ਚੁਣੌਤੀ ਨੂੰ ਉੱਗਣ ਨਾ ਦੇਣਾ ਅਮਰੀਕਾ ਦੀ ਯੁੱਧ ਨੀਤੀ ਹੈ। ਕੋਈ ਵੱਡੀ ਗੱਲ ਨਹੀਂ ਜੇ ਇਰਾਕ ਉੱਤੇ ਹਮਲੇ ਤੋਂ ਬਾਅਦ ਇਰਾਨ, ਉੱਤਰੀ ਕੋਰੀਆ, ਜਾਂ ਲੀਬੀਆ ਉੱਤੇ ਵੀ ਹਮਲਾ ਕਰ ਦਿੱਤਾ ਜਾਵੇ"।

ਸੋਵੀਅਤ ਯੂਨੀਅਨ ਦੇ 15 ਦੇਸ਼ਾਂ ਵਿਚ ਵੰਡੇ ਜਾਣ ਉਪਰੰਤ 1992 'ਚ ਅਮਰੀਕਾ ਦੇ ਰਾਸ਼ਟਰਪਤੀ ਜਾਰਜ ਬੁਸ਼ ਨੇ ਆਪਣੀ ਪਾਰਲੀਮੈਂਟ ਵਿਚ ਐਲਾਨ ਕੀਤਾ ਸੀ ਕਿ, "ਜਦੋਂ ਮੈਂ ਅਮਰੀਕਾ ਦਾ ਪ੍ਰਧਾਨ ਬਣਿਆਂ ਸੀ, ਤਾਂ ਦੁਨੀਆਂ ਵਿਚ ਦੋ ਮਹਾਂਸ਼ਕਤੀਆਂ ਸਨ। ਮੈਂ ਫ਼ਖ਼ਰ ਨਾਲ ਐਲਾਨ ਕਰ ਰਿਹਾ ਹਾਂ ਕਿ ਦੂਜੀ ਮਹਾਂਸ਼ਕਤੀ ਨੂੰ ਖ਼ਤਮ ਕਰ ਦਿੱਤਾ ਗਿਆ ਹੈ। ਹੁਣ ਅਮਰੀਕਾ ਹੀ ਇਕੋ ਇਕ ਮਹਾਂਸ਼ਕਤੀ ਹੈ"।

'ਇਕੋ ਇਕ ਮਹਾਂਸ਼ਕਤੀ' ਹੋਣ ਵਾਲਾ ਨਸ਼ਾ ਟਰੰਪ ਦੇ ਆਉਣ ਤੋਂ ਬਾਅਦ ਤਾਂ ਏਨਾ ਸਿਰ ਨੂੰ ਚੜ੍ਹ ਗਿਆ ਕਿ ਆਪਣੇ ਫੌਜੀ ਗਠਜੋੜ 'ਨਾਟੋ' ਦੇ ਮੈਂਬਰ ਦੇਸ਼ਾਂ (ਗਰੀਨਲੈਂਡ, ਕੈਨੇਡਾ) ਉੱਤੇ ਕਬਜ਼ਾ ਕਰ ਲੈਣ ਦੇ ਬਿਆਨ, ਦੁਨੀਆਂ ਉੱਤੇ ਇਕਪਾਸੜ ਟੈਰਿਫ ਵਧਾਉਣ ਦੇ ਚਲਨ ਨੇ 'ਨਾਟੋ' ਗਠਜੋੜ ਨੂੰ ਅੰਦਰੋਂ ਕਮਜ਼ੋਰ ਕਰ ਦਿੱਤਾ ਹੈ। ਏਸੇ ਲਈ ਟਰੰਪ ਦੀਆਂ ਬਾਰ-ਬਾਰ ਅਪੀਲਾਂ ਦੇ ਬਾਵਜੂਦ ਕੋਈ ਵੀ 'ਨਾਟੋ' ਦੇਸ਼ ਅਮਰੀਕਾ ਨਾਲ ਇਰਾਨ ਵਿਰੁੱਧ ਲੜਨ ਲਈ ਨਹੀਂ ਆਇਆ। ਸਗੋਂ ਫਰਾਂਸ, ਸਪੇਨ, ਇਟਲੀ, ਜਰਮਨ, ਇੰਗਲੈਂਡ, ਸਵਿਟਜ਼ਰਲੈਂਡ, ਜਪਾਨ, ਆਸਟ੍ਰੇਲੀਆ, ਆਸਟਰੀਆ ਨੇ ਆਖਿਆ ਕਿ ਇਹ ਸਾਡੀ ਜੰਗ ਨਹੀਂ। ਇਟਲੀ ਨੇ ਤਾਂ ਅਮਰੀਕੀ ਜਹਾਜ਼ ਆਪਣੀ ਧਰਤੀ 'ਤੇ ਨਹੀਂ ਉਤਰਨ ਦਿੱਤੇ। ਅਮਰੀਕਾ ਨੇ ਵੀ ਅੱਗੋਂ ਆਖ ਦਿੱਤਾ ਕਿ ਯੂਕਰੇਨ ਵੀ ਫਿਰ ਸਾਡੀ ਜੰਗ ਨਹੀਂ। ਸ਼ਾਇਦ ਹੁਣ 'ਨਾਟੋ' ਦਾ ਵਜੂਦ ਪਹਿਲਾਂ ਵਾਲਾ ਨਹੀਂ ਰਹਿ ਸਕੇਗਾ। ਸਿਆਸੀ ਪੱਖੋਂ ਇਹ ਜੰਗ ਅਮਰੀਕਾ ਨੂੰ ਸਭ ਤੋਂ ਵੱਧ ਮਹਿੰਗੀ ਪਵੇਗੀ।

ਆਮ ਲੋਕ ਸੋਚਦੇ ਕਿ ਜੇ ਪ੍ਰਮਾਣੂ ਬੰਬਾਂ ਨਾਲ ਲੈਸ ਮੁਲਕਾਂ ਨੇ ਇਹ ਧੌਂਸ ਵਿਖਾ ਕੇ ਦੂਜੇ ਮੁਲਕਾਂ ਦਾ ਇਰਾਨ ਵਾਲਾ ਹਾਲ ਕਰਨਾ ਹੈ, ਤਾਂ ਫਿਰ 'ਮਰਦਾ ਕੀ ਨਹੀਂ ਕਰਦਾ' ਦੇ ਅਖਾਣ ਮੁਤਾਬਕ ਉਨ੍ਹਾਂ ਕੋਲ ਵੀ ਅੱਗੋਂ ਉੱਤਰੀ ਕੋਰੀਆ ਵਾਂਗ ਐਟਮ ਬੰਬ ਬਣਾ ਕੇ ਆਪਣਾ ਬਚਾਅ ਕਰ ਲੈਣ ਤੋਂ ਸਿਵਾ ਹੋਰ ਚਾਰਾ ਵੀ ਕੀ ਹੈ? ਟਰੰਪ ਤਾਂ ਕਹਿ ਚੁੱਕਾ ਕਿ ਜ਼ਰਾ ਕੁ ਇੰਤਜ਼ਾਰ ਕਰੋ, ਇਰਾਨੀ ਤੇਲ ਵੀ ਸਾਡਾ ਹੋਵੇਗਾ।

ਇਜ਼ਰਾਈਲ ਇਸ ਜੰਗ ਦੀ ਆੜ ਵਿਚ 'ਗਰੇਟਰ ਇਜ਼ਰਾਈਲ' ਅਜੰਡੇ ਤਹਿਤ ਲਿਬਨਾਨ ਦੇ ਦੱਖਣੀ ਇਲਾਕੇ ਉੱਤੇ 'ਲਿਤਾਨੀ' ਦਰਿਆ ਜੋ ਇਜ਼ਰਾਈਲੀ ਹੱਦ ਤੋਂ 30 ਕਿਲੋਮੀਟਰ ਦੂਰ ਹੈ, ਤੱਕ ਕਬਜਾ ਕਰਨ ਲਈ ਵੀ ਹਮਲੇ ਕਰ ਰਿਹਾ ਹੈ। ਇਜ਼ਰਾਈਲ ਦੀ ਸਰਕਾਰ ਨੇ ਨਵਾਂ ਕਾਨੂੰਨ ਪਾਸ ਕੀਤਾ ਹੈ ਕਿ ਹਿਰਾਸਤ ਵਿਚਲੇ ਸਜ਼ਾਯਾਫ਼ਤਾ ਲੋਕਾਂ (ਯਹੂਦੀਆਂ ਨੂੰ ਨਹੀਂ) ਨੂੰ 90 ਦਿਨਾਂ ਦੇ ਅੰਦਰ-ਅੰਦਰ ਫਾਂਸੀ ਦੇ ਦਿੱਤੀ ਜਾ ਸਕੇਗੀ। ਇਸ ਨਸਲੀ ਜਬਰ ਉੱਤੇ ਯੂਰਪੀ ਦੇਸ਼ ਵੀ ਭੜਕ ਗਏ ਹਨ। ਸਭ ਮੁਸਲਿਮ ਦੇਸ਼ ਡਹਿੰਬਰੇ ਤੇ ਚੁੱਪ ਹਨ। ਇਜ਼ਰਾਈਲ ਆਸ-ਪਾਸ 'ਪੁਆੜੇ ਦੀ ਜੜ੍ਹ' ਮੁਲਕ ਵਾਂਗ ਹਰਕਤਾਂ ਕਰ ਰਿਹਾ।

ਜਦਕਿ ਇਰਾਨ ਵਾਸਤੇ ਇਹ ਥੋਪੀ ਗਈ ਜੰਗ ਲੜਨਾ ਆਪਣੀ ਹੋਂਦ ਅਤੇ ਅਣਖ ਨੂੰ ਬਚਾਉਣ ਦਾ ਕੌਮੀ ਯੁੱਧ ਬਣ ਗਿਆ ਹੈ। ਇਰਾਨ ਦੇ ਹੌਂਸਲੇ ਬੁਲੰਦ ਹਨ। ਇਜ਼ਰਾਈਲੀ ਜਨਤਾ ਇਕ ਤਰ੍ਹਾਂ ਬੰਕਰਾਂ ਵਿਚ ਹੈ। ਇਕ ਕਰੋੜ ਅਮਰੀਕੀ ਜਨਤਾ ਜੰਗ ਵਿਰੋਧੀ ਮੁਜ਼ਾਹਰਿਆਂ ਵਿਚ ਸ਼ਾਮਲ ਹੋਈ ਹੈ। ਤਾਜ਼ੀ ਖ਼ਬਰ ਕਿ ਟਰੰਪ ਨੇ ਅਮਰੀਕੀ ਸੈਨਾਵਾਂ ਦੇ ਮੁਖੀ ਰੈਂਡੀ ਜਾਰਜ਼ ਅਤੇ ਸੋਲਿਸਟਰ ਜਨਰਲ ਪਾਮ ਬੈਂਡੀ ਨੂੰ ਅਹੁਦਿਆਂ ਤੋਂ ਹਟਾ ਦਿੱਤਾ ਹੈ। ਅਹੁਦਿਓਂ ਹਟਾਏ ਫੌਜ ਮੁਖੀ ਨੇ ਟਰੰਪ ਉੱਤੇ ਨਿਸ਼ਾਨਾ ਸਾਧਦਿਆਂ ਪੱਤਰ ਲਿਖਿਆ ਹੈ ਕਿ ਅਮਰੀਕੀ ਸੈਨਾਵਾਂ ਦਾ ਸੁਪਰੀਮ ਕਮਾਂਡਰ ਚਰਿੱਤਰਵਾਨ ਹੋਣਾ ਚਾਹੀਦਾ ਹੈ। ਉਥੋਂ ਦੇ ਸਰਵੇਖਣਾਂ ਵਿਚ ਯੁੱਧ ਕਾਰਨ ਟਰੰਪ ਦਾ ਸਮਰਥਨ 35% ਰਹਿ ਗਿਆ ਹੈ। ਯੂ.ਐੱਨ. ਸਕੱਤਰ ਜਨਰਲ ਗੁਟੇਰੇਸ ਨੇ ਅਮਰੀਕਾ ਇਜ਼ਰਾਈਲ ਨੂੰ ਹਮਲੇ ਫੌਰੀ ਰੋਕਣ ਲਈ ਆਖਿਆ ਹੈ। ਅਮਰੀਕੀ ਮੈਗਜ਼ੀਨ 'ਟਾਈਮਜ਼' ਨੇ ਆਪਣੇ 'ਕਵਰ ਪੰਨੇ' ਉੱਤੇ ਟਰੰਪ ਦੀ ਫੋਟੋ ਲਾ ਕੇ ਉੱਪਰ ਲਿਖਿਆ ਹੈ ਕਿ "ਟਰੰਪ ਬਾਹਰ ਨਿਕਲਣ ਦਾ ਰਸਤਾ ਲੱਭ ਰਿਹਾ"।

ਇਕ ਮਹੀਨੇ ਦੀ ਲੜਾਈ ਦਾ ਨਿਚੋੜ ਇਹ ਹੈ ਕਿ ਅਮਰੀਕਾ ਇਜ਼ਰਾਈਲ ਆਪਣੇ ਸਰਕਾਰ ਬਦਲਣ ਦੇ ਐਲਾਨਾਂ ਤੋਂ ਮੁੱਕਰ ਗਏ ਹਨ, ਸਗੋਂ ਉਲਟਾ ਇਰਾਨੀ ਆਗੂਆਂ ਦੇ ਕਤਲਾਂ ਦੇ ਬਾਵਜੂਦ ਅਮਰੀਕੀ ਏਜੰਸੀ 'ਰਾਈਟਰਜ਼' ਦੀ ਰਿਪੋਰਟ ਹੈ ਕਿ ਇਰਾਨ ਸਰਕਾਰ ਨੂੰ ਲੋਕਾਂ ਦੀ ਹਮਾਇਤ ਬਹੁਤ ਵਧ ਗਈ ਹੈ। ਪ੍ਰਮਾਣੂੰ ਮੁੱਦੇ ਬਾਰੇ ਤਾਂ ਸੰਭਾਵਨਾ ਹੈ ਕਿ ਇਰਾਨ ਪ੍ਰਮਾਣੂੰ ਬੰਬ ਬਣਾਉਣ ਨੂੰ ਹੁਣ ਆਪਣੀ ਜ਼ਰੂਰਤ ਵਜੋਂ ਪੇਸ਼ ਕਰਨ ਵੱਲ ਵਧੇਗਾ। ਇਰਾਨ ਦੀ ਮਿਜ਼ਾਈਲ ਡਰੋਨ ਸ਼ਕਤੀ ਅਜਿੱਤ ਜਾਪਣ ਲੱਗੀ ਹੈ। ਟਰੰਪ ਜਦੋਂ ਸੰਬੋਧਨ ਵਿਚ ਕਹਿ ਰਿਹਾ ਸੀ ਕਿ ਇਰਾਨ ਦੀ ਲੜਨ ਸ਼ਕਤੀ ਖ਼ਤਮ ਕਰ ਦਿੱਤੀ ਗਈ ਹੈ, ਉਸ ਤੋਂ 34 ਮਿੰਟ ਬਾਅਦ ਇਰਾਨ ਨੇ ਜੋ ਇਜ਼ਰਾਈਲ ਉੱਤੇ ਹਮਲਾ ਕੀਤਾ, ਉਸ ਬਾਰੇ ਇਜ਼ਰਾਈਲ ਨੇ ਕਿਹਾ ਕਿ ਇਹ ਅੱਜ ਤੱਕ ਦਾ ਸਭ ਤੋਂ ਵੱਡਾ ਹਮਲਾ ਸੀ। ਦੂਜੇ ਬੰਨ੍ਹੇ ਅਮਰੀਕਾ ਇਜ਼ਰਾਈਲ ਵੀ ਇਰਾਨ ਦੀ ਮੁਕੰਮਲ ਬਰਬਾਦੀ ਕਰਨ ਵੱਲ ਵਧ ਰਹੇ ਹਨ।

ਹੋਰਮੂਜ਼ ਸਮੁੰਦਰੀ ਲਾਂਘਾ ਅਮਰੀਕਾ ਇਜ਼ਰਾਈਲ ਤੇ ਉਨ੍ਹਾਂ ਦੇ ਸਹਿਯੋਗੀਆਂ ਲਈ ਇਰਾਨ ਨੇ ਫਿਲਹਾਲ ਬੰਦ ਕਰ ਦਿੱਤਾ ਹੈ। ਮੱਧ ਪੂਰਬੀ ਅਰਬ ਦੇਸ਼ਾਂ ਦਾ ਕਾਰੋਬਾਰ ਚੌਪਟ ਹੋਣ ਵੱਲ ਹੈ। ਅਰਬ ਦੇਸ਼ਾਂ ਵਿਚਲੇ ਅਮਰੀਕੀ ਫੌਜੀ ਅੱਡਿਆਂ ਦਾ ਬਹੁਤ ਨੁਕਸਾਨ ਹੋਇਆ ਹੈ, ਇਕੋ ਇਕ ਮਹਾਂਸ਼ਕਤੀ ਵਾਲਾ ਭਰਮ ਟੁੱਟਾ ਹੈ।

ਇਰਾਨ ਦਾ ਪੈਂਤੜਾ ਹੈ ਕਿ ਉਹ ਹੁਣ ਕਿਸੇ ਧੋਖੇ ਵਿਚ ਨਹੀਂ ਆਵੇਗਾ। ਜਦਕਿ ਟਰੰਪ ਇਕ ਪਾਸੇ ਡੀਲ ਕਰਨ ਲਈ ਧਮਕਾ ਰਿਹਾ ਤੇ ਦੂਜੇ ਪਾਸੇ ਕਿਸੇ ਅਪ੍ਰੇਸ਼ਨ ਲਈ ਘੇਰਾਬੰਦੀ ਵੀ ਜ਼ੋਰ-ਸ਼ੋਰ ਨਾਲ ਜਾਰੀ ਹੈ। ਟਰੰਪ ਦੀ ਗੱਲ 'ਤੇ ਹੁਣ ਕੋਈ ਯਕੀਨ ਨਹੀਂ ਕਰਦਾ।

ਸੰਸਾਰ ਭਰ ਵਿਚ ਤੇਲ ਗੈਸ ਦਾ ਵੱਡਾ ਸੰਕਟ ਆ ਚੁੱਕਾ ਦਿੱਸ ਰਿਹਾ। 85 ਦੇਸ਼ਾਂ ਵਿਚ ਤੇਲ ਦੇ ਭਾਅ 50% ਤੱਕ ਵਧ ਚੁੱਕੇ ਹਨ। ਸ਼ੇਅਰ ਬਜ਼ਾਰ ਮੂਧੇ ਮੂੰਹ ਡਿੱਗੇ ਪਏ ਹਨ। ਮਹਿੰਗਾਈ ਤੇਜ਼ੀ ਨਾਲ ਵਧੀ। ਹਾਹਾਕਾਰ ਮੱਚੀ ਪਈ ਹੈ। ਰੂਸ ਨੇ ਇਕ ਅਪ੍ਰੈਲ ਤੋਂ ਅਗਲੇ 4 ਮਹੀਨਿਆਂ ਲਈ ਆਪਣੀ ਤੇਲ ਗੈਸ ਦੇ ਨਿਰਯਾਤ ਉੱਤੇ ਰੋਕ ਲਾ ਦਿੱਤੀ ਹੈ। ਇਹ ਖ਼ਤਰਨਾਕ ਹਾਲਾਤ ਹਤਾਸ਼ਾ ਵਿਚ ਕੋਈ ਵੀ ਮੋੜ ਲੈ ਸਕਦੇ ਹਨ।

ਲੋਕੋ, ਬੰਦੇ ਵੱਲੋਂ ਸਾਰੀ ਕੁਦਰਤੀ ਲੀਲਾ ਨੂੰ ਫ਼ਨਾਹ ਕਰਨ ਲਈ ਐਟਮ ਬੰਬ ਬਣਾਉਣੇ ਧਰਤੀ ਵਿਰੋਧੀ ਗੁਨਾਹ ਹੈ। ਕਾਸ਼! ਇਨਸਾਨ ਆਪਣਾ ਮੂਲ ਪਛਾਣ ਕੇ ਧਰਤੀ ਮਾਂ ਨਾਲ, ਕੁਦਰਤ ਨਾਲ ਆਪਣਾ ਪਿਆਰਾ ਰਿਸ਼ਤਾ ਬਣਾ ਲਵੇ।

# ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਸ. ਹਰਵਿੰਦਰ ਸਿੰਘ ਫੂਲਕਾ ਨੇ ਭਾਰਤੀ ਜਨਤਾ ਪਾਰਟੀ 'ਚ ਸ਼ਮੂਲੀਅਤ ਕਰਕੇ ਕੀ ਖੱਟਿਆ ਤੇ ਕੀ ਗੁਆਇਆ, 'ਤੇ ਸਰਬ ਪੱਖੀ ਝਾਤ!!




**ਜੰਗ ਸਿੰਘ**
ਮਰਸੱਡ ਕੈਲੀਫੋਰਨੀਆ (ਅਮਰੀਕਾ)
ਮੋਬਾਇਲ ਨੰ: +1-415-603-7380
ਪੰਜਾਬ ਮੇਲ USA


ਸਿੱਖ ਜਗਤ ਵਿਚ ਬੜੀ ਚੰਗੀ ਤਰ੍ਹਾਂ ਜਾਣੇ ਜਾਂਦੇ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਸ. ਹਰਵਿੰਦਰ ਸਿੰਘ ਫੂਲਕਾ ਜਿਹੜੇ ਹਾਲ ਹੀ ਵਿਚ ਭਾਰਤੀ ਜਨਤਾ ਪਾਰਟੀ ਵਿਚ ਸ਼ਮੂਲੀਅਤ ਕਰਕੇ ਗਏ ਹਨ, ਉਨ੍ਹਾਂ ਨੇ ਸੰਸਾਰ ਭਰ ਵਿਚ ਜਾਣੀ ਜਾਂਦੀ ਇਹ ਪਾਰਟੀ ਜਿਸ ਨੂੰ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ "ਹਿੰਦੂ ਮਹਾਂ ਸਭਾ" ਦੇ ਤੌਰ 'ਤੇ ਜਾਣਿਆ ਜਾਂਦਾ ਸੀ ਤੇ ਦੇਸ਼ ਦੀ ਆਜ਼ਾਦੀ ਤੋਂ ਬਾਅਦ "ਜੰਨ ਸੰਘ" ਬਣ ਗਈ ਤੇ ਹੁਣ ਪਿਛਲੇ ਕਈ ਦਹਾਕਿਆਂ ਤੋਂ ਭਾਰਤੀ ਜਨਤਾ ਪਾਰਟੀ ਕਰਕੇ ਜਾਣੀ ਜਾਂਦੀ ਹੈ। ਇਸ ਦੀ ਵਿਚਾਰਧਾਰਾ ਕੀ ਹੈ? ਇਸ ਪਾਰਟੀ ਨੂੰ ਹਰੇਕ ਅਨਪੜ੍ਹ ਤੋਂ ਅਨਪੜ੍ਹ ਬੰਦਾ ਵੀ ਜਾਣਦਾ ਹੈ ਕਿ ਇਹ 'ਹਿੰਦੂਤਵੀ ਪਾਰਟੀ' ਹੈ, ਇਸ ਦਾ ਇਕੋ-ਇਕ ਉਦੇਸ਼ ਦੇਸ਼ ਨੂੰ 'ਹਿੰਦੂ ਰਾਸ਼ਟਰ' ਬਣਾਉਣਾ ਹੈ, ਜਿਸ ਵਿਚ ਸਿਰਫ ਤੇ ਸਿਰਫ ਹਿੰਦੂਆਂ ਦਾ ਹੀ ਬੋਲਬਾਲਾ ਹੋਵੇ। ਕਹਿਣ ਦਾ ਭਾਵ ਕਿ ਇਸ ਪਾਰਟੀ ਦੇ ਮਨ ਅੰਦਰ ਘੱਟ ਗਿਣਤੀਆਂ ਕੀ ਮੁਸਲਮਾਨਾਂ, ਕੀ ਸਿੱਖਾਂ, ਕੀ ਈਸਾਈਆਂ ਤੇ ਕੀ ਬੋਧੀਆਂ, ਜੈਨੀਆਂ ਅਤੇ ਦਲਿਤਾਂ ਸਭ ਪ੍ਰਤੀ ਨਫਰਤ ਭਰੀ ਸੋਚ ਹੈ। ਦੇਸ਼ ਵਿਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣਨ ਉਪਰੰਤ ਮੁਸਲਮਾਨਾਂ ਤੇ ਉਨ੍ਹਾਂ ਦੀ ਸਟੇਟ ਜੰਮੂ ਕਸ਼ਮੀਰ ਨਾਲ ਕੀ ਕੀਤਾ ਗਿਆ, ਉਨ੍ਹਾਂ 'ਤੇ ਕਿਸ-ਕਿਸ ਪ੍ਰਕਾਰ ਦੇ ਜ਼ੁਲਮ ਇਸ ਪਾਰਟੀ ਦੇ ਆਗੂਆਂ ਨੇ ਕੀਤੇ, ਸੰਸਾਰ ਭਰ ਦੇ ਲੋਕ ਭਲੀਭਾਂਤ ਜਾਣਦੇ ਹਨ। 1984 ਵਿਚ ਭਾਰਤ ਦੀ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਸਿੱਖਾਂ ਦੇ ਮੱਕੇ ਕਹੇ ਜਾਂਦੇ ਧਰਮ ਅਸਥਾਨ ਸ੍ਰੀ 'ਦਰਬਾਰ ਸਾਹਿਬ ਅੰਮ੍ਰਿਤਸਰ' 'ਤੇ ਹਮਲਾ ਬਿਲਕੁਲ ਨਹੀਂ ਸੀ ਕਰਨਾ ਚਾਹੁੰਦੀ। ਉਸ ਨੂੰ ਭਾਰਤੀ ਜਨਤਾ ਪਾਰਟੀ ਦੇ ਸਿਰਕੱਢ ਆਗੂ ਸ਼੍ਰੀ ਲਾਲ ਕਿਸ਼ਨ ਅਡਵਾਨੀ ਨੇ ਮਜਬੂਰ ਕਰ ਕੇ ਉਸ ਕੋਲੋਂ ਫੌਜੀ ਟੈਂਕਾਂ ਤੇ ਤੋਪਾਂ ਨਾਲ ਹਮਲਾ ਕਰਾ ਕੇ ਢਹਿ-ਢੇਰੀ ਕਰਾਇਆ ਸੀ, ਜਿਸ ਦਾ ਜ਼ਿਕਰ ਖੁਦ ਲਾਲ ਕਿਸ਼ਨ ਅਡਵਾਨੀ ਨੇ ਆਪਣੀ ਪੁਸਤਕ "ਮਾਈ ਕੰਟਰੀ ਮਾਈ ਪੀਪਲ" ਵਿਚ ਜ਼ਿਕਰ ਕੀਤਾ ਹੋਇਆ ਹੈ। ਇਸ ਤੋਂ ਭਾਜਪਾ ਵਾਲੇ ਮੁਨਕਰ ਨਹੀਂ ਹੋ ਸਕਦੇ। ਕਿਸ ਨੂੰ ਨਹੀਂ ਪਤਾ ਸ੍ਰੀ ਦਰਬਾਰ ਸਾਹਿਬ 'ਤੇ ਹੋਏ ਹਮਲੇ ਪ੍ਰਤੀ ਖੁਸ਼ੀ ਦਾ ਪ੍ਰਗਟਾਵਾ ਕਰਦੇ ਉਸ ਵੇਲੇ ਇਸੇ ਭਾਜਪਾ ਦੀ ਇਕ ਸਿਰਕੱਢ ਆਗੂ ਸ਼੍ਰੀਮਤੀ ਲਕਸ਼ਮੀ ਕਾਂਤ ਚਾਵਲਾ ਨੇ ਆਪਣੇ ਸਹਿਯੋਗੀਆਂ ਨੂੰ ਨਾਲ ਲੈ ਕੇ ਸ਼ਹਿਰ ਵਿਚ ਜਲੂਸ ਕੱਢਕੇ ਲੱਡੂ ਵੰਡੇ ਸਨ। ਫੂਲਕਾ ਸਾਹਿਬ ਲੋਕ ਤਾਂ ਇਹ ਵੀ ਦੱਸਦੇ ਹਨ ਕਿ ਸ੍ਰੀ ਅੰਮ੍ਰਿਤਸਰ ਦੇ ਰੇਲਵੇ ਸਟੇਸ਼ਨ ਤੇ 'ਸ੍ਰੀ ਹਰਿਮੰਦਰ ਸਾਹਿਬ' ਦੀ ਲਗੀ ਫੋਟੋ ਨੂੰ ਲਾਹ ਕੇ ਇਨ੍ਹਾਂ ਭਾਜਪਾਈਆਂ ਨੇ ਪੈਰ ਮਾਰ-ਮਾਰ ਕੇ ਉਸ ਦੀ ਰੱਜ ਕੇ ਬੇਹੁਰਮਤੀ ਕੀਤੀ ਸੀ। ਭਾਰਤ ਦਾ ਲਗਭਗ ਹਰੇਕ ਚੇਤੰਨ ਮਨੁੱਖ ਇਹ ਭਲੀਭਾਂਤ ਜਾਣਦਾ ਹੈ ਕਿ ਭਾਰਤੀ ਜਨਤਾ ਪਾਰਟੀ ਦੀ ਜਦੋਂ ਤੋਂ ਕੇਂਦਰ ਵਿਚ ਸਰਕਾਰ ਬਣੀ ਹੈ, ਇਸ ਨੂੰ ਚਲਾਉਣ ਵਾਲੇ ਭਾਰਤੀ ਜਨਤਾ ਪਾਰਟੀ ਦੇ ਲੀਡਰਾਂ ਦਾ ਨਾਂ ਤਾਂ ਸਿਰਫ ਨਾਂ ਦਾ ਹੀ ਹੈ। ਅਸਲ ਵਿਚ ਇਸ ਸਰਕਾਰ ਨੂੰ ਚਲਾਉਣ ਵਾਲੀ ਕੱਟੜ ਫਾਸ਼ੀਵਾਦੀ ਹਿੰਦੂ ਸੰਸਥਾ "ਆਰ.ਐੱਸ.ਐੱਸ." ਹੈ। ਦੇਸ਼ ਨੂੰ ਪਿਆਰ ਕਰਨ ਵਾਲੇ ਲੋਕਾਂ ਨੂੰ ਇਹ ਗੱਲ ਸਮਝ ਨਹੀਂ ਲੱਗ ਰਹੀ ਕਿ ਇੰਨਾ ਪੜ੍ਹਿਆ-ਲਿਖਿਆ ਤੇ ਫਿਰ ਭਾਰਤ ਦੀ ਸਰਬਉੱਚ ਅਦਾਲਤ ਸੁਪਰੀਮ ਕੋਰਟ ਦਾ ਸਿਰਕੱਢ ਵਕੀਲ ਹੋਵੇ, ਉਸ ਨੂੰ ਸਭ ਕੁਝ ਪਤਾ ਹੋਣ ਦੇ ਬਾਵਜੂਦ ਉਹ ਇਸ ਸਿਖਰਾਂ ਦੀ ਫਿਰਕੂ ਪਾਰਟੀ ਵਿਚ ਸ਼ਾਮਲ ਹੋ ਗਿਆ ਹੋਵੇ। ਚੰਗਾ ਹੋਵੇਗਾ ਕਿ ਜੇਕਰ ਸ. ਹਰਵਿੰਦਰ ਸਿੰਘ ਫੂਲਕਾ ਸੋਸ਼ਲ ਮੀਡੀਆ ਵਿਚ ਜੋ-ਜੋ ਅੱਜਕੱਲ੍ਹ ਕੁਮੈਂਟ ਦੇਸ਼ ਦੇ ਲੋਕ ਵਿਸ਼ੇਸ਼ ਕਰਕੇ ਪੰਜਾਬੀਆਂ ਸਮੇਤ ਸਿੱਖ ਜਗਤ ਦੇ ਰਿਹਾ ਹੈ, ਉਨ੍ਹਾਂ ਨੂੰ ਪੜ੍ਹ ਲੈਣ, ਤਾਂ ਉਨ੍ਹਾਂ ਨੂੰ ਸਿਰਫ ਇੰਨੇ ਤੋਂ ਹੀ ਉਜਾਲਾ ਹੋ ਜਾਵੇਗਾ ਕਿ ਉਨ੍ਹਾਂ ਨੇ ਪਤਾ ਨਹੀਂ ਕੁਝ ਖੱਟਿਆ ਹੋਵੇ ਕਿ ਨਾ ਪਰ ਉਨ੍ਹਾਂ ਨੇ ਸੰਸਾਰ ਭਰ ਵਿਚ ਆਪਣਾ ਸਭ ਕੁਝ ਗਵਾਇਆ ਹੀ ਗਵਾਇਆ ਹੈ। ਜੇ ਇਹ ਆਖ ਲਿਆ ਜਾਵੇ ਕਿ ਉਨ੍ਹਾਂ ਦੇ ਭਾਜਪਾ ਵਿਚ ਸ਼ਾਮਲ ਹੋਣ ਬਾਅਦ ਦੇਸ਼ ਦੇ ਚੈਨਲਾਂ ਨੇ ਸ. ਹਰਵਿੰਦਰ ਸਿੰਘ ਫੂਲਕਾ ਦੀ ਸਾਰੀ ਜ਼ਿੰਦਗੀ ਦਾ ਹੀਝ ਪਿਆਜ ਨੰਗਾ ਕਰਕੇ ਰੱਖ ਦਿੱਤਾ ਹੈ, ਜੇ ਇਹ ਆਖ ਲਈਏ ਕਿ ਸ. ਫੂਲਕਾ ਦੇ ਪੋਤੜੇ ਤੱਕ ਫਰੋਲ ਕੇ ਰੱਖ ਦਿੱਤੇ ਹਨ, ਤਾਂ ਇਹ ਵੀ ਗਲਤ ਨਹੀਂ ਹੋਵੇਗਾ। ਲੋਕਾਂ ਦਾ ਇਹ ਵੀ ਕਹਿਣਾ ਹੈ ਕਿ ਆਖਰ ਕਿਹੜੀ ਇਹੋ ਜਿਹੀ ਗੱਲ ਹੈ ਕਿ ਜਦੋਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਪੰਜਾਬ ਕਾਂਗਰਸ ਦੇ ਰਹਿ ਚੁੱਕੇ ਪ੍ਰਧਾਨ ਸ਼੍ਰੀ ਸੁਨੀਲ ਜਾਖੜ ਤੇ ਸਾਬਕਾ ਮੰਤਰੀ ਸ. ਬਲਬੀਰ ਸਿੰਘ ਸਿੱਧੂ ਜਿਹੜੇ ਕੁਝ ਸਮਾਂ ਪਹਿਲਾਂ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋਏ ਸਨ, ਉਹ ਭਾਜਪਾ ਵਿਚ ਇੰਨੀ ਘੁਟਣ ਮਹਿਸੂਸ ਕਰ ਰਹੇ ਸਨ। ਉਨ੍ਹਾਂ ਦੇ ਕਈ ਵਾਰ ਅਖਬਾਰਾਂ ਵਿਚ ਘਰ ਵਾਪਸੀ ਭਾਵ ਕਾਂਗਰਸ ਵਿਚ ਮੁੜ ਆਉਣ ਦੀਆਂ ਬਿਆਨ ਅਖਬਾਰਾਂ ਵਿਚ ਲੱਗਦੇ ਰਹੇ ਹਨ। ਇਸ ਸਭ ਕੁਝ ਨੂੰ ਜਾਣਦੇ ਹੋਏ ਫਿਰ ਉਨ੍ਹਾਂ ਨੇ ਭਾਜਪਾ ਦਾ ਪੱਲਾ ਫੜ੍ਹ ਲਿਆ ਹੈ। ਇਨ੍ਹਾਂ ਦੀ ਭਵਿੱਖ ਵਿਚ ਕਿਸ ਤਰ੍ਹਾਂ ਦੀ ਹਾਲਤ ਹੋਵੇਗੀ, ਇਸ ਦੀ ਪਹਿਲਾਂ ਬਿਆਨੀ ਕਰਨੀ ਸੰਭਵ ਨਹੀਂ। ਕਈ ਚੈਨਲ ਤਾਂ ਇਹ ਕਹਿ ਰਹੇ ਹਨ ਕਿ ਜਿਥੋਂ ਤੱਕ ਭਾਰਤੀ ਜਨਤਾ ਪਾਰਟੀ ਵਿਚ ਜਾ ਕੇ ਇਨ੍ਹਾਂ ਨੂੰ ਮਿਲ ਸਕਦਾ ਹੈ, ਤਾਂ ਉਹ ਵੱਧ ਤੋਂ ਵੱਧ "ਰਾਜ ਸਭਾ" ਦੀ ਮੈਂਬਰੀ ਹੋ ਸਕਦੀ ਹੈ। ਕਿਉਂਕਿ ਭਾਰਤੀ ਜਨਤਾ ਪਾਰਟੀ ਦੇ ਆਪਣੇ ਆਗੂਆਂ ਦੀ ਵੀ ਤਾਂ ਇਕ ਵੱਡੀ ਕਤਾਰ ਲਗੀ ਹੋਈ ਹੋਵੇਗੀ, ਜਿਹੜੀ ਇਹ ਆਸ ਰੱਖਦੀ ਹੋਵੇਗੀ ਕਿ ਸਮਾਂ ਮਿਲਣ 'ਤੇ ਉਨਾਂ ਨੂੰ ਵੀ ਕੋਈ ਅਹੁਦਾ ਮਿਲੇਗਾ। ਸ. ਹਰਵਿੰਦਰ ਸਿੰਘ ਫੂਲਕਾ ਭਾਜਪਾ ਦਾ ਗੁਣਗਾਣ ਕਰਦੇ ਇਹ ਕਹਿੰਦੇ ਹਨ ਕਿ ਉਨ੍ਹਾਂ ਦਾ ਭਾਜਪਾ ਵਿਚ ਸ਼ਾਮਲ ਹੋਣ ਦਾ ਕਾਰਨ ਇਹ ਹੈ ਕਿ ਦਿੱਲੀ ਵਿਖੇ 1984 ਦੇ ਸਿੱਖ ਕਤਲੇਆਮ ਵਿਚ ਜਦੋਂ ਉਨ੍ਹਾਂ ਦੀ ਪਤਨੀ ਗਰਭਵਤੀ ਸੀ, ਤਾਂ ਉਨ੍ਹਾਂ ਦੇ ਇਕ ਗਵਾਂਢੀ ਹਿੰਦੂ ਪ੍ਰੀਵਾਰ ਜਿਹੜਾ ਭਾਜਪਾ ਨਾਲ ਸਬੰਧਤ ਸੀ, ਉਸ ਨੇ ਉਨ੍ਹਾਂ ਨੂੰ ਆਪਣੇ ਘਰ ਵਿਚ ਆਪਣੀ ਜਾਨ ਨੂੰ ਖਤਰੇ ਵਿਚ ਪਾ ਕੇ ਸਾਨੂੰ ਲੁਕੋ ਕੇ ਰੱਖਿਆ ਸੀ। ਹੁਣ ਤਾਂ ਫੂਲਕਾ ਸਾਹਿਬ ਤਾਂ ਇਹ ਵੀ ਕਹਿ ਰਹੇ ਹਨ ਕਿ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਪੰਜਾਬ ਤੇ ਸਿੱਖਾਂ ਨੂੰ ਬੜਾ ਪਿਆਰ ਕਰਦੇ ਹਨ। ਉਹ ਤਾਂ ਮੈਨੂੰ ਆਪਣੇ ਨਾਲ ਕੁਰਸੀ 'ਤੇ ਬਿਠਾਉਂਦੇ ਰਹੇ ਹਨ। ਸ. ਫੂਲਕਾ ਸਾਹਿਬ 1984 ਦੀ ਸਿੱਖ ਕਤਲੇਆਮ ਦੀ ਘਟਨਾ ਹੋਣ ਤੋਂ 42 ਸਾਲ ਬਾਅਦ ਜਦੋਂ ਤੁਸੀਂ ਪਤਾ ਨਹੀਂ ਕਿਹੜੀ ਲਾਲਸਾ ਹੇਠ ਭਾਜਪਾ ਵਿਚ ਸ਼ਾਮਲ ਹੋਏ ਹੋ, ਤਾਂ ਇਹੋ ਜਿਹੀਆਂ ਸਿਫਤਾਂ ਦੇ ਪੁੱਲ ਬੰਨਣ ਲੱਗ ਪਏ ਹੋ ਕਿ ਭਾਜਪਾ, ਆਰ.ਐੱਸ.ਐੱਸ. ਦੇ ਬੰਦਿਆਂ ਨੇ ਸਿੱਖਾਂ ਦੀ ਜਾਨ ਬਚਾਈ ਹੈ। ਅਸਲ ਵਿਚ ਕਤਲੇਆਮ ਤਾਂ ਕਾਂਗਰਸ ਪਾਰਟੀ ਦੇ ਆਗੂਆਂ ਤੇ ਉਨ੍ਹਾਂ ਦੇ ਗੁੰਡਿਆਂ ਨੇ ਕੀਤਾ ਸੀ। ਜਦੋਂਕਿ ਫੂਲਕਾ ਸਾਹਿਬ ਦੇ ਬਾਰੇ ਇਹ ਕਿਹਾ ਜਾ ਰਿਹਾ ਹੈ ਕਿ ਅੱਜ ਤੱਕ ਇਸ ਕਤਲੇਆਮ ਦਾ ਦੋਸ਼ ਇਹ ਕਾਂਗਰਸ ਦੇ ਬਰਾਬਰ ਭਾਜਪਾ ਅਤੇ ਆਰ.ਐੱਸ.ਐੱਸ. ਉਤੇ ਲਗਾਉਂਦੇ ਰਹੇ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਦਿੱਲੀ ਦੇ ਸਿੱਖ ਕਤਲੇਆਮ ਦੀ ਦੇਸ਼ ਦੀਆਂ ਕੁਝ ਸੰਸਥਾਵਾਂ ਜਿਨ੍ਹਾਂ ਨੇ ਇਸ ਘਟਨਾ ਦੀ ਜਾਂਚ ਕੀਤੀ ਸੀ, ਉਨ੍ਹਾਂ ਨੇ ਵੀ ਕਾਂਗਰਸ ਦੇ ਨਾਲ ਭਾਜਪਾ ਤੇ ਆਰ.ਐੱਸ.ਐੱਸ. ਨੂੰ ਵੀ ਬਰਾਬਰ ਦਾ ਦੋਸ਼ੀ ਮੰਨਿਆ ਹੈ। ਰਿਪੋਰਟ ਵਿਚ ਤਾਂ ਇਹ ਵੀ ਦੱਸਿਆ ਗਿਆ ਹੈ ਕਿ ਭਾਜਪਾ ਤੇ ਆਰ.ਐੱਸ.ਐੱਸ. ਦੇ ਆਗੂਆਂ ਵਿਰੁੱਧ ਕਈ ਕੇਸ ਦਿੱਲੀ ਦੇ ਥਾਣਿਆਂ ਵਿਚ ਦਰਜ ਕੀਤੇ ਗਏ ਸਨ। ਦੇਸ਼ ਦੇ ਲੋਕ ਹੈਰਾਨ ਹਨ ਕਿ ਉਹ ਹੀ ਫੂਲਕਾ ਸਾਹਿਬ ਹਨ, ਜਿਹੜੇ ਪਾਣੀ ਪੀ-ਪੀ ਕੇ ਭਾਜਪਾ ਨੂੰ ਕੋਸਣ ਵਾਲੇ ਸਨ ਅਤੇ ਹੁਣ ਭਾਜਪਾ ਵਿਚ ਸ਼ਾਮਲ ਹੋਣ ਤੋਂ ਤੁਰੰਤ ਬਾਅਦ ਭਾਜਪਾ ਦੇ ਸੋਹਿਲੇ ਗਾਉਣ ਲੱਗ ਪਏ ਹਨ। ਕੁਝ ਵਿਚਾਰਵਾਨਾਂ ਦਾ ਕਹਿਣਾ ਹੈ ਕਿ ਭਾਜਪਾ ਨੂੰ ਫੂਲਕਾ ਸਾਹਿਬ ਦੀ ਕੋਈ ਵੱਡੀ ਕਮਜ਼ੋਰੀ ਉਨ੍ਹਾਂ ਦੇ ਕੰਮਕਾਜ ਵਿਚੋਂ ਲੱਭ ਗਈ ਹੋਣੀ ਹੈ, ਜਿਸ ਦੇ ਡਰੋਂ ਇਨ੍ਹਾਂ ਨੇ ਆਪਣੇ ਸਾਰੇ ਅਸੂਲਾਂ ਨੂੰ ਤਿਆਗ ਕੇ ਭਾਜਪਾ ਜੁਆਇਨ ਨੂੰ ਹੀ ਨਹੀਂ ਕੀਤਾ, ਬਲਕਿ ਉਸ ਦਾ ਗੁਣਗਾਣ ਕਰਨਾ ਸ਼ੁਰੂ ਕਰ ਦਿੱਤਾ ਹੈ। ਕੁਝ ਚੈਨਲ ਤਾਂ ਇਹ ਵੀ ਕਹਿ ਰਹੇ ਹਨ ਕਿ ਫੂਲਕਾ ਸਾਹਿਬ ਤਾਂ ਅੰਦਰੋਂ ਅੰਦਰੀ 1992-95 ਤੋਂ ਹੀ ਆਰ.ਐੱਸ.ਐੱਸ. ਤੇ ਭਾਜਪਾ ਨਾਲ ਜੁੜੇ ਹੋਏ ਸਨ। ਉਹ ਇਸ ਦੀ ਦਲੀਲ ਦੇਂਦੇ ਇਹ ਕਹਿੰਦੇ ਹਨ ਕਿ ਜਦੋਂ ਅੰਨਾ ਹਜ਼ਾਰੇ ਮੂਵਮੈਂਟ ਚੱਲੀ ਸੀ, ਉਸ ਦਾ ਨਿਸ਼ਾਨਾ ਕਾਂਗਰਸ ਪਾਰਟੀ ਤੋਂ ਬਿਨਾ ਸਰਕਾਰ ਦਾ ਨਿਰਮਾਣ ਕਰਨਾ ਸੀ। ਜਿਸ ਨੂੰ ਅੰਨਾ ਹਜ਼ਾਰੇ ਸਮਝ ਗਏ ਸਨ ਕਿ ਇਸ ਪਿੱਛੇ ਕੰਮ ਕਰਨ ਵਾਲੇ ਭਾਜਪਾ ਤੇ ਆਰ.ਐੱਸ.ਐੱਸ. ਵਾਲੇ ਹਨ। ਇਸੇ ਕਰਕੇ ਅੰਨਾ ਹਜ਼ਾਰੇ ਵਿਚੇ ਵਿਚ ਸਭ ਕੁਝ ਛੱਡ ਛੱਡਾ ਕੇ ਆਪਣੇ ਪਿੰਡ ਚਲੇ ਗਏ ਸਨ। ਉਸ ਵਿਚੋਂ ਨਿਕਲੀ "ਆਮ ਆਦਮੀ ਪਾਰਟੀ" ਨੂੰ ਸ. ਹਰਵਿੰਦਰ ਸਿੰਘ ਫੂਲਕਾ ਬਦਲਾਵ ਦੀ ਪਾਰਟੀ ਕਹਿੰਦੇ ਰਹੇ। ਇਸ ਪਾਰਟੀ ਬਾਰੇ ਵੀ ਬਹੁਤ ਸਾਰੇ ਲੋਕਾਂ ਦਾ ਭੁਲੇਖਾ ਦੂਰ ਹੋ ਗਿਆ ਹੈ। ਇਸੇ ਕਰਕੇ ਆਮ ਆਦਮੀ ਪਾਰਟੀ ਨੂੰ ਭਾਜਪਾ ਦੀ 'ਬੀ' ਟੀਮ ਕਿਹਾ ਜਾਣ ਲੱਗ ਪਿਆ ਹੈ। ਸਭ ਨੂੰ ਇਹ ਵੀ ਪਤਾ ਹੈ ਕਿ ਫੂਲਕਾ ਸਾਹਿਬ ਦੇ ਦੇਸ਼ ਦੇ ਪ੍ਰਧਾਨ ਮੰਤਰੀ ਸ਼੍ਰੀ ਅੱਟਲ ਬਿਹਾਰੀ ਬਾਜਪਾਈ ਨਾਲ ਬੜੇ ਨੇੜਲੇ ਸੰਬਧ ਸਨ। ਉਹ ਦਿੱਲੀ ਦੇ ਭਾਜਪਾ ਦੇ ਇਕ ਮੁੱਖ ਮੰਤਰੀ ਨਾਲ ਉਨ੍ਹਾਂ ਦੇ ਸਲਾਹਕਾਰ ਵਜੋਂ ਵੀ ਕੰਮ ਕਰਦੇ ਰਹੇ ਸਨ। ਸ. ਫੂਲਕਾ ਨੇ ਪੰਜਾਬ ਵਿਚ ਆਮ ਆਦਮੀ ਪਾਰਟੀ ਵਲੋਂ ਸਭ ਤੋਂ ਪਹਿਲਾ ਲੁਧਿਆਣੇ ਤੋਂ ਲੋਕ ਸਭਾ ਦੀ ਚੋਣ ਲੜੀ ਸੀ, ਜਿਸ ਵਿਚ ਹਾਰ ਗਏ ਸਨ। ਉਪਰੰਤ ਇਨ੍ਹਾਂ ਨੇ ਪੰਜਾਬ ਵਿਧਾਨ ਸਭਾ ਦੀ ਚੋਣ 'ਦਾਖਾ' ਤੋਂ ਲੜ ਕੇ ਜਿੱਤ ਹਾਸਲ ਕੀਤੀ ਸੀ ਤੇ ਬਾਅਦ ਵਿਚ ਆਮ ਆਦਮੀ ਪਾਰਟੀ ਨੇ ਇਨ੍ਹਾਂ ਨੂੰ ਪੰਜਾਬ ਵਿਧਾਨ ਸਭਾ ਵਿਚ 'ਵਿਰੋਧੀ ਧਿਰ' ਦੇ ਆਗੂ ਵੀ ਬਣਾਇਆ ਗਿਆ ਸੀ। ਜੋ ਬਾਅਦ ਵਿਚ ਉਥੋਂ ਵੀ ਅਸਤੀਫਾ ਦੇ ਕੇ ਮੁੜ ਦਿੱਲੀ ਚਲੇ ਗਏ ਸਨ ਕਿ ਉਨ੍ਹਾਂ ਦੇ ਸੁਪਰੀਮ ਕੋਰਟ ਦੇ ਕੇਸਾਂ ਵਿਚ ਨੁਕਸਾਨ ਹੋ ਰਿਹਾ ਹੈ। ਜਦੋਂਕਿ 'ਦਾਖਾ' ਹਲਕੇ ਦੇ ਲੋਕਾਂ ਨੇ ਸ. ਫੂਲਕਾ ਸਾਹਿਬ ਨੂੰ ਸ਼ਰੇਆਮ ਇਹ ਆਖਿਆ ਸੀ ਕਿ ਉਨ੍ਹਾਂ ਨੇ 'ਦਾਖਾ' ਹਲਕੇ ਦੇ ਲੋਕਾਂ ਨੂੰ ਨਿਆਸਰਾ ਛੱਡ ਕੇ ਉਨ੍ਹਾਂ ਦੀ ਪਿੱਠ ਵਿਚ ਛੁਰਾ ਮਾਰਿਆ ਹੈ। ਕੁਝ ਚੈਨਲਾਂ ਦਾ ਇਨ੍ਹਾਂ ਬਾਰੇ ਇਹ ਵੀ ਕਿਹਾ ਜਾਂਦਾ ਹੈ ਕਿ ਇਨ੍ਹਾਂ ਨੇ ਦਿੱਲੀ ਦੇ ਸਿੱਖ ਕਤਲੇਆਮ ਦੇ ਕੇਸ ਬੜੀ ਸੰਜੀਦਗੀ ਨਾਲ ਲੜੇ ਸਨ। ਉਹ ਇਹ ਦਾਅਵਾ ਵੀ ਕਰਦੇ ਰਹੇ ਹਨ ਕਿ ਉਨ੍ਹਾਂ ਨੇ ਕਿਸੇ ਤੋਂ ਕੇਸ ਲੜਣ ਦਾ ਕੋਈ ਪੈਸਾ ਤੱਕ ਨਹੀਂ ਲਿਆ, ਬਿਲਕੁਲ ਮੁਫਤ ਲੜੇ ਹਨ। ਪਰ ਕੁਝ ਲੋਕ ਤਾਂ ਇਹ ਵੀ ਆਖਦੇ ਹਨ ਕਿ ਫੂਲਕਾ ਸਾਹਿਬ ਨੂੰ ਜਦੋਂ ਕੁਝ ਲੋਕ ਫੀਸ ਬਾਰੇ ਪੁੱਛਦੇ ਸਨ, ਤਾਂ ਉਹ ਇਹ ਕਹਿ ਦੇਂਦੇ ਸਨ ਕਿ 'ਮੇਰੀ ਤਾਂ ਕੋਈ ਫੀਸ ਨਹੀਂ, ਪਰ ਤੁਸੀਂ ਦੂਸਰੇ ਸਹਾਇਕਾਂ ਨਾਲ ਗੱਲ ਕਰ ਲਓ'। ਕੁਝ ਲੋਕ ਤਾਂ ਇਹ ਵੀ ਦੋਸ਼ ਲਗਾ ਰਹੇ ਹਨ ਕਿ ਇਨ੍ਹਾਂ ਕੋਲ ਇਕ ਟੁੱਟਿਆ ਜਿਹਾ 'ਲੰਬਰੇਟਾ' ਸਕੂਟਰ ਹੁੰਦਾ ਸੀ। ਅੱਜ ਇਨ੍ਹਾਂ ਕੋਲ ਕਈ ਕੀਮਤੀ ਤੋਂ ਕੀਮਤੀ ਕਾਰਾਂ ਤੇ ਕਈ ਆਲੀਸ਼ਾਨ ਕੋਠੀਆਂ ਤੇ ਹੋਰ ਕਈ ਪ੍ਰਕਾਰ ਦੀਆਂ ਸਹੂਲਤਾਂ ਹਨ। ਇਤਿਹਾਸ ਦੇ ਖੋਜੀ ਤੇ ਪ੍ਰੌਫੈਸਰ ਸ. ਗੁਰਦਰਸ਼ਨ ਸਿੰਘ ਢਿੱਲੋਂ ਤਾਂ ਇਸੇ ਫੂਲਕਾ ਸਾਹਿਬ ਬਾਰੇ ਇਹ ਕਹਿੰਦੇ ਹਨ ਕਿ 'ਫੂਲਕਾ' ਧੋਖੇਬਾਜ਼ ਬੰਦਾ ਹੈ। ਲੋਕਾਂ ਨੇ ਅਣਗਿਣਤ ਪੈਸਾ ਇਕੱਠਾ ਕਰਕੇ ਇਨ੍ਹਾਂ ਨੂੰ ਦਿੱਤਾ ਸੀ ਕਿਉਂਕਿ ਇਨ੍ਹਾਂ ਨੇ ਕਿਹਾ ਸੀ ਕਿ ਉਹ ਦਿੱਲੀ ਦੇ ਕਤਲੇਆਮ ਦੇ ਦੋਸ਼ੀਆਂ ਦੇ ਕੇਸ ਮੁਫਤ ਲੜਣਗੇ। ਸ. ਢਿਲੋਂ ਦਾ ਇਹ ਵੀ ਕਹਿਣਾ ਹੈ ਕਿ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਸਜਾ 'ਫੂਲਕਾ ਸਾਹਿਬ' ਨੇ ਨਹੀਂ ਦੁਆਈ, ਬਲਕਿ ਪੰਜਾਬ ਹਰਿਆਣਾ ਦੇ ਸੀਨੀਅਰ ਵਕੀਲ 'ਚੀਮਾ' ਨੇ ਦੁਆਈ ਹੈ, ਜਿਹੜੇ ਕਿ ਪੰਜਾਬ ਹਰਿਆਣਾ ਦੇ ਨਾਲ ਸੁਪਰੀਮ ਕੋਰਟ ਦੇ ਉੱਚ ਪਾਏ ਦੇ ਵਕੀਲ ਹਨ। ਉਨਾਂ ਨੂੰ ਪੰਜਾਬ ਹਰਿਆਣਾ ਹਾਈ ਕੋਰਟ ਦੇ ਜੱਜ ਵਜੋਂ ਵੀ ਚੁਣਿਆ ਗਿਆ ਸੀ ਪਰ ਐਡਵੋਕੇਟ ਚੀਮਾ ਨੇ ਉਸ ਆਲਾ ਦਰਜੇ ਦੀ ਪੋਸਟ ਨੂੰ ਵੀ ਠੁਕਰਾ ਦਿੱਤਾ ਸੀ। ਭਾਰਤੀ ਮੀਡੀਆ ਦੇ ਕੁਝ ਚੈਨਲਾਂ ਦਾ ਇਹ ਕਹਿਣਾ ਹੈ ਕਿ ਇਹ ਪੰਜਾਬ ਦੇ ਮੁੱਖ ਮੰਤਰੀ ਬਣਨ ਦੀ ਲਾਲਸਾ ਨਾਲ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋਏ ਹਨ। ਦੇਸ਼ ਦੇ ਲੋਕਾਂ ਨੂੰ ਪਤਾ ਹੈ ਕਿ ਇਸ ਵੇਲੇ ਭਾਜਪਾ ਦਾ ਸਾਰਾ ਜ਼ੋਰ ਲਗਾ ਹੋਇਆ ਹੈ, ਕਿਸੇ ਨਾ ਕਿਸੇ ਤਰ੍ਹਾਂ 2027 ਦੀਆਂ ਹੋ ਰਹੀਆਂ ਚੋਣਾਂ ਵਿਚ ਪੰਜਾਬ ਦਾ ਰਾਜ ਭਾਗ ਭਾਜਪਾ ਦੇ ਹੱਥ ਆ ਜਾਏ। ਇਸ ਦੀ ਪੂਰਤੀ ਲਈ ਭਾਜਪਾ ਹਰ ਹਰਬਾ-ਖਰਬਾ ਵਰਤ ਰਹੀ ਹੈ। ਇਸੇ ਸੋਚ ਨਾਲ ਉਹ ਸਿੱਖਾਂ ਦੇ ਉਹ ਚੇਹਰੇ ਜਿਹੜੇ ਧੰਨ ਕਮਾਉਣ ਤੇ ਗੱਦੀ ਦੀ ਲਾਲਸਾ ਰੱਖਣ ਵਾਲੇ ਹਨ, ਉਨ੍ਹਾਂ ਨੂੰ ਧੜਾਧੜ ਭਾਜਪਾ ਵਿਚ ਸ਼ਾਮਲ ਕਰ ਰਹੀ, ਤਾਂ ਕਿ ਸਿੱਖਾਂ ਵਿਚ ਪ੍ਰਭਾਵ ਦਿੱਤਾ ਜਾਵੇ ਕਿ ਪੰਜਾਬ ਵਿਚ ਭਾਜਪਾ ਦੀ ਦਿਨੋਂ-ਦਿਨ ਚੜ੍ਹਤ ਹੋ ਰਹੀ ਹੈ। ਪਰ ਭਾਜਪਾ ਨੂੰ ਇਹ ਨਹੀਂ ਪਤਾ ਕਿ ਪੰਜਾਬ ਦੇ ਲੋਕ ਤੁਹਾਡੇ ਵਲੋਂ ਹਰ ਤਰਕੀਬ ਘੜਣ ਦੇ ਬਾਵਜੂਦ ਇਹ ਫਿਰਕਾਪ੍ਰਸਤ ਨਹੀਂ ਬਣੇ। ਪੰਜਾਬ ਤੇ ਗੁਰੂਆਂ ਦੀ ਮਿਹਰ ਹੈ। ਗੁਰੂ ਸਾਹਿਬਾਨ ਦਾ ਫਲਸਫਾ ਸਭ ਨੂੰ ਜੋੜ ਕੇ ਰੱਖਣ ਵਾਲਾ ਹੈ, ਨਾ ਕਿ ਤੋੜਣ ਵਾਲਾ! ਪੰਜਾਬ ਵਿਚ ਭਾਜਪਾ ਨੂੰ ਮੂੰਹ ਦੀ ਖਾਣੀ ਪਵੇਗੀ। ਅੱਜ ਪੰਜਾਬ ਦਾ ਇਕ ਚੈਨਲ ਇਹ ਵੀ ਕਹਿ ਰਿਹਾ ਸੀ ਕਿ ਪੰਜਾਬ ਵਿਚ ਫੂਲਕਾ ਸਮੇਤ ਜਿਹੜੇ ਹੋਰ ਵੀ ਪਹਿਲਾਂ ਭਾਜਪਾ ਵਿਚ ਸ਼ਾਮਲ ਹੋਏ ਹਨ, ਇਨਾਂ ਨੂੰ ਚੋਣਾਂ ਲੜ੍ਹਾ ਕੇ ਵੇਖ ਲਓ। ਸਭ ਦੀਆਂ ਜ਼ਮਾਨਤਾਂ ਹੀ ਜਬਤ ਹੋਣਗੀਆਂ, ਜਿੱਤਣ ਦੀ ਗੱਲ ਤਾਂ ਬੜੀ ਦੂਰ ਦੀ ਹੈ। ਪੰਜਾਬ ਦੇ ਲੋਕਾਂ ਨੂੰ ਪਤਾ ਹੈ ਪੰਜਾਬ ਦੇ ਜੁਝਾਰੂ ਲੋਕਾਂ ਨੇ ਤਾਂ ਕੈਪਟਨ ਅਮਰਿੰਦਰ ਸਿੰਘ ਵਰਗਿਆਂ ਕਈਆਂ ਨੂੰ ਚੋਣਾਂ ਵਿਚ ਉਨ੍ਹਾਂ ਦੀਆਂ ਜ਼ਮਾਨਤਾਂ ਜ਼ਬਤ ਕਰਾ ਕੇ ਉਨ੍ਹਾਂ ਨੂੰ ਨੱਕੀਂ ਚਨੇ ਚੱਬਾ ਦਿੱਤੇ ਸਨ। ਤਾਜ਼ਾ ਤਾਜ਼ਾ ਭਾਜਪਾ ਵਿਚ ਸ਼ਾਮਲ ਹੋਏ ਆਗੂ ਕਿਹੜੇ ਬਾਗ ਦੀ ਮੂਲੀ ਹਨ। ਸ. ਹਰਵਿੰਦਰ ਸਿੰਘ ਫੂਲਕਾ ਜੀ ਹਾਲ੍ਹੇ ਵੀ ਡੁੱਲੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਸਾਨੂੰ ਸਭ ਨੂੰ ਪੰਜਾਬ ਨੂੰ ਬਚਾਉਣ ਲਈ ਜੰਗੀ ਉਪਰਾਲੇ ਕਰਨ ਦੀ ਲੋੜ੍ਹ ਹੈ। ਇਸ ਵੇਲੇ ਜ਼ਰੂਰਤ ਹੈ, ਆਉ ਸਾਰੇ ਰੱਲ ਕੇ ਭਾਜਪਾ ਨੂੰ ਛੱਡ ਕੇ ਪੰਜਾਬ ਦੇ ਹਿਤੈਸ਼ੀ ਤੇ ਈਮਾਨਦਾਰ ਲੀਡਰਾਂ ਨੂੰ ਇਕੱਠੇ ਕਰੀਏ। ਅੱਜ ਇਹ ਵੀ ਕੁਝ ਚੈਨਲਾਂ ਤੋਂ ਪਤਾ ਲੱਗਾ ਹੈ ਕਿ ਪੰਜਾਬ ਦੇ ਇਕ ਸੀਨੀਅਰ ਆਈ.ਏ.ਐੱਸ. ਅਧਿਕਾਰੀ ਸ. ਸਵਰਨ ਸਿੰਘ ਬੋਪਾਰਾਏ ਅਤੇ ਮਿਲਟਰੀ ਦੇ ਕੁਝ ਸੇਵਾਮੁਕਤ ਉੱਚ ਅਧਿਕਾਰੀਆਂ ਨੇ ਰੱਲ ਕੇ "ਪੰਜਾਬ ਜਾਗੋ" ਨਾਂ ਦੀ ਪਾਰਟੀ ਦਾ ਨਿਰਮਾਣ ਕੀਤੇ ਜਾਣ ਦਾ ਸੋਚਿਆ ਹੈ। ਜਿਨ੍ਹਾਂ ਨੇ ਆਪਣਾ ਮੰਤਵ ਵੀ ਈਮਾਨਦਾਰ ਆਗੂਆਂ ਨੂੰ ਇਕੱਠਿਆਂ ਕਰਨਾ ਰੱਖਿਆ ਹੈ। ਇਸ ਲਈ ਸਾਰਿਆਂ ਨੂੰ ਰੱਲ ਕੇ ਇਕ ਪਾਰਟੀ ਦਾ ਨਿਰਮਾਣ ਕਰਨਾ ਚਾਹੀਦਾ ਹੈ, ਜਿਸ ਦਾ ਵਕਾਰ ਚੰਗਾ ਦਿਖਾਈ ਦੇਵੇ ਤੇ ਇਹ ਵੀ ਪ੍ਰਭਾਵ ਵੀ ਲੋਕਾਂ ਵਿਚ ਦੇਵੇ ਕਿ ਇਹ ਪਾਰਟੀ ਆਮ ਆਦਮੀ ਪਾਰਟੀ ਤੇ ਦੂਜੀਆਂ ਹੋਰ ਰਵਾਇਤੀ ਪਾਰਟੀਆਂ ਵਰਗੀ ਨਹੀਂ ਹੋਵੇਗੀ। ਇਸ ਨਵਨਿਰਮਾਣ ਕੀਤੀ ਜਾਣ ਵਾਲੀ ਪਾਰਟੀ ਵਲੋਂ ਚੋਣਾਂ ਤੋਂ ਪਹਿਲਾਂ ਇਕ ਚੋਣ ਮੈਨੀਫੈਸਟੋ ਬਣਾਉਣਾ ਚਾਹੀਦਾ ਹੈ, ਜੋ ਇਹ ਪ੍ਰਭਾਵ ਦੇਵੇ ਕਿ ਇਹ ਪਾਰਟੀ ਚੋਣ ਜਿੱਤਣ ਉਪਰੰਤ ਹਕੀਕਤ ਵਿਚ ਉਸ 'ਤੇ ਅਮਲ ਕਰੇਗੀ। ਆਸ ਕੀਤੀ ਜਾਂਦੀ ਹੈ ਕਿ 2027 ਦੀਆਂ ਚੋਣਾਂ ਤੋਂ ਪਹਿਲਾਂ ਪੰਜਾਬ ਨੂੰ ਮਿਲਣ ਵਾਲੀ ਨਵਨਿਰਮਾਣ ਕੀਤੀ ਜਾ ਰਹੀ ਨਵੀਂ ਪਾਰਟੀ ਵਲੋਂ ਪੰਜਾਬ ਦੀ ਹਾਲਤ ਨੂੰ ਵੱਧ ਤੋਂ ਵੱਧ ਸੁਧਾਰਣ ਦਾ ਯਤਨ ਕੀਤਾ ਜਾਵੇਗਾ।

ਆਮੀਨ ! ਆਮੀਨ!!



ਫੂਲਕਾ ਸਾਹਿਬ ਲੋਕ ਤਾਂ ਇਹ ਵੀ ਦੱਸਦੇ ਹਨ ਕਿ ਸ੍ਰੀ ਅੰਮ੍ਰਿਤਸਰ ਦੇ ਰੇਲਵੇ ਸਟੇਸ਼ਨ ਤੇ 'ਸ੍ਰੀ ਹਰਿਮੰਦਰ ਸਾਹਿਬ' ਦੀ ਲਗੀ ਫੋਟੋ ਨੂੰ ਲਾਹ ਕੇ ਇਨ੍ਹਾਂ ਭਾਜਪਾਈਆਂ ਨੇ ਪੈਰ ਮਾਰ-ਮਾਰ ਕੇ ਉਸ ਦੀ ਰੱਜ ਕੇ ਬੇਹੁਰਮਤੀ ਕੀਤੀ ਸੀ। ਭਾਰਤ ਦਾ ਲਗਭਗ ਹਰੇਕ ਚੇਤੰਨ ਮਨੁੱਖ ਇਹ ਭਲੀਭਾਂਤ ਜਾਣਦਾ ਹੈ ਕਿ ਭਾਰਤੀ ਜਨਤਾ ਪਾਰਟੀ ਦੀ ਜਦੋਂ ਤੋਂ ਕੇਂਦਰ ਵਿਚ ਸਰਕਾਰ ਬਣੀ ਹੈ, ਇਸ ਨੂੰ ਚਲਾਉਣ ਵਾਲੇ ਭਾਰਤੀ ਜਨਤਾ ਪਾਰਟੀ ਦੇ ਲੀਡਰਾਂ ਦਾ ਨਾਂ ਤਾਂ ਸਿਰਫ ਨਾਂ ਦਾ ਹੀ ਹੈ।

# "ਵਿਸਾਖੀ - ਖਾਲਸਾ ਸਾਜਨਾ ਦਿਵਸ"




ਪ੍ਰਮਿੰਦਰ ਸਿੰਘ 'ਪ੍ਰਵਾਨਾ'
ਕੈਲੀਫੋਰਨੀਆ
510-415-9377
ਪੰਜਾਬ ਮੇਲ USA


ਵੈਸਾਖ ਮਹੀਨੇ ਦੇ ਪਹਿਲੇ ਦਿਨ ਵਿਸਾਖੀ ਆਉਂਦੀ ਹੈ। ਇਸ ਸਮੇਂ ਮੌਸਮ ਵਿਚ ਤਬਦੀਲੀ ਆਉਂਦੀ ਹੈ। ਹਾੜੀ ਦੀ ਫਸਲ ਕਣਕ ਦੀਆਂ ਵਾਡੀਆਂ ਮੁੱਕ ਜਾਂਦੀਆਂ ਹਨ। ਸੋਨੇ ਰੰਗੀ ਕਣਕ ਦੀਆਂ ਬਲੀਆਂ ਦੇਖ ਕੇ ਕਿਸਾਨ ਖੁਸ਼ੀ ਵਿਚ ਖੀਵਾ ਹੋ ਉੱਠਦਾ ਹੈ। ਫਸਲ ਦੀ ਵਟਕ ਦਾ ਪੈਸਾ ਹੈ। ਉਹ ਬੇਫਿਕਰ ਮਸਤੀ ਵਿਚ ਝੂਮਦਾ ਹੈ। ਉਸ ਕੋਲ ਸਮੇਂ ਦੀ ਵਿਹਲ ਹੁੰਦੀ ਹੈ। ਵਿਸਾਖੀ ਦੇ ਸੱਭਿਆਚਾਰਕ ਮੇਲੇ ਮਨਾਉਂਦਾ ਹੈ। ਧਾਰਮਿਕ ਤੌਰ 'ਤੇ ਵਿਸਾਖੀ ਦਿਹਾੜਾ ਗੁਰਦੁਆਰਿਆਂ ਵਿਚ ਬੜੀ ਸ਼ਰਧਾ-ਭਾਵਨਾ ਨਾਲ ਮਨਾਇਆ ਜਾਂਦਾ ਹੈ। ਜਿੱਥੇ ਵਿਸ਼ੇਸ਼ ਦੀਵਾਨ ਸੱਜਦੇ ਹਨ। ਅਖੰਡ ਪਾਠ, ਕਥਾ, ਕੀਰਤਨ, ਕਵੀਸ਼ਰੀ, ਢਾਡੀ, ਬੀਰ ਰਸੀ ਧਾਰਮਿਕ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰਦੇ ਹਨ। ਇਸ ਤਰ੍ਹਾਂ ਵਿਸਾਖੀ ਦੇ ਸਜੇ ਦੀਵਾਨਾਂ 'ਚ ਸੰਗਤਾਂ ਨੂੰ ਗੌਰਵਮਈ ਧਾਰਮਿਕ ਸਿੱਖ ਵਿਰਸੇ ਨਾਲ ਜੋੜਿਆ ਜਾਂਦਾ ਹੈ।

ਅਨੰਦਪੁਰ ਸਾਹਿਬ ਵਿਖੇ 1699 ਦੀ ਵਿਸਾਖੀ ਦਾ ਦਿਹਾੜਾ ਸੰਸਾਰ ਦੇ ਧਾਰਮਿਕ ਇਤਿਹਾਸ ਵਿਚ ਬੜਾ ਮਹੱਤਵਪੂਰਨ ਹੈ। ਜਦੋਂ ਦਸ਼ਮੇਸ਼ ਪਿਤਾ ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕਰਕੇ ਇਤਿਹਾਸ ਵਿਚ ਇੱਕ ਕ੍ਰਾਂਤੀਕਾਰੀ ਅਧਿਆਇ ਜੋੜਿਆ। ਖਾਲਸੇ ਦੀ ਘਾੜਤ ਵਿਚ ਦਸ ਗੁਰੂ ਸਾਹਿਬਾਨ ਦੀ ਪਵਿੱਤਰ ਵਿਚਾਰਧਾਰਾ ਸ਼ਾਮਲ ਹੈ। ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਨੇ ਖਾਲਸਾ ਰੂਪੀ ਆਦਰਸ਼ਕ ਮਨੁੱਖ ਲਈ ਪਹਿਲੀ ਸ਼ਰਤ ਇਹ ਨਿਸ਼ਚਿਤ ਕੀਤੀ ਸੀ :

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰ ਧਰਿ ਤਲੀ ਗਲੀ ਮੇਰੀ ਆਉ ॥

ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨਾ ਕੀਜੈ ॥ (ਅੰਗ : 1412)

ਇਹ ਬਚਨ ਧਰਮ ਖੇਤਰ ਵਿਚ ਪ੍ਰਵਾਨ ਚੜ੍ਹਨ ਵਾਲਿਆਂ ਲਈ ਆਦਰਸ਼ ਹਨ। ਇਸ ਵਿਚ ਆਪਾ ਨਿਸ਼ਾਵਰ ਕਰਨ ਦੀ ਜੁਗਤ ਅਤੇ ਪ੍ਰੇਰਣਾ ਦਰਜ ਹੈ। ਪਹਿਲੇ ਪਾਤਸ਼ਾਹ ਤੋਂ ਬਾਅਦ ਬਾਕੀ ਗੁਰੂ ਸਾਹਿਬਾਨ ਨੇ ਵੀ ਸਿੱਖਾਂ ਨੂੰ ਇਹੋ ਦ੍ਰਿੜ੍ਹ ਕਰਵਾਇਆ। ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ 1699 ਦੀ ਵਿਸਾਖੀ ਦੇ ਦਿਹਾੜੇ 'ਤੇ ਖਾਲਸੇ ਦੀ ਸਿਰਜਣਾ ਕਰਕੇ, ਗੁਰੂ ਸਾਹਿਬਾਨ ਦੀ ਵਿਚਾਰਧਾਰਾ ਨੂੰ ਸਿਖਰ 'ਤੇ ਪਹੁੰਚਾਇਆ। ਇਸ ਅਦੁੱਤੀ ਕਾਰਨਾਮੇ ਨੇ ਸਦੀਆਂ ਤੋਂ ਲਤਾੜੇ ਗੁਲਾਮੀ ਵਾਲਾ ਜੀਵਨ ਜੀਅ ਰਹੇ ਲੋਕਾਂ ਨੂੰ ਆਤਮ ਵਿਸ਼ਵਾਸੀ ਬਣਾ ਕੇ ਸੰਤ ਸਿਪਾਹੀ ਸਾਜਿਆ। ਇਸ ਦਿਹਾੜੇ ਜਬਰ, ਜ਼ੁਲਮ, ਬੇਇਨਸਾਫੀ, ਵਿਤਕਰੇ, ਝੂਠ, ਪਾਖੰਡ ਅਤੇ ਅਨਿਆਂ ਵਿਰੁੱਧ ਸੰਘਰਸ਼ ਵਿੱਢਿਆ। ਇਹ ਦਿਹਾੜਾ ਇਸ ਲਈ ਵੀ ਨਿਵੇਕਲਾ ਹੈ, ਕਿਉਂਕਿ ਅਨੋਖਾ ਨਜ਼ਾਰਾ ਪੇਸ਼ ਕਰਨ ਵਾਲਾ ਹੈ। ਇਸ ਦਿਨ ਜਿੱਥੇ ਇਕ ਪਾਸੇ ਗੁਰੂ ਜੀ ਵੱਲੋਂ ਸਾਜੇ ਪੰਜ ਪਿਆਰੇ ਗੁਰੂ ਸਾਹਿਬ ਜੀ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਨਿਹਾਲ ਹੋਏ, ਉਥੇ ਹੀ ਦੂਸਰੇ ਪਾਸੇ ਗੁਰੂ ਸਾਹਿਬ ਜੀ ਨੇ ਖਾਲਸੇ ਪਾਸੋਂ ਆਪ ਅੰਮ੍ਰਿਤਪਾਨ ਕਰਕੇ ਦੁਨੀਆਂ ਦੇ ਧਾਰਮਿਕ ਇਤਿਹਾਸ ਵਿਚ ਨਿਵੇਕਲੀ ਮਿਸਾਲ ਕਾਇਮ ਕੀਤੀ। ਇਸ ਨਾਲ ਗੁਰੂ ਤੇ ਚੇਲੇ ਦਾ ਅਜਿਹਾ ਰੂਪ ਸਾਹਮਣੇ ਆਇਆ, ਜਿਸ ਵਿਚ ਗੁਰੂ-ਚੇਲੇ ਵਿਚ ਕੋਈ ਭਿੰਨ-ਭੇਦ ਨਹੀਂ ਹੈ। ਭਾਈ ਗੁਰਦਾਸ ਜੀ ਇਸ ਦ੍ਰਿਸ਼ ਨੂੰ ਵਾਹ-ਵਾਹ ਕਹਿ ਕੇ ਵਡਿਆਉਂਦੇ ਹਨ:

ਗੁਰ ਸੰਗਤ ਕੀਨੀ ਖਾਲਸਾ ਮਨਮੁਖੀ ਦੁਹੇਲਾ।

ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ-ਚੇਲਾ।

ਉਸ ਦਿਨ ਬਹੁਤ ਸਾਰੇ ਸਿੰਘਾਂ ਨੇ 'ਖੰਡੇ ਬਾਟੇ' ਦਾ ਅੰਮ੍ਰਿਤ ਛਕਿਆ। ਖਾਲਸਾ ਪੰਥ ਦੀ ਨੀਂਹ ਰੱਖੀ ਗਈ। ਉਦੋਂ ਇਕ ਪਾਸੇ ਅਮਨ-ਪਸੰਦ ਸੰਤ-ਸੁਭਾਅ ਹਕੂਮਤਾਂ ਦੇ ਦਬਾਏ ਸਤਾਏ ਹੋਏ ਲੋਕ ਸਨ, ਜਿਨ੍ਹਾਂ 'ਤੇ ਜਬਰੀ ਧਰਮ ਪ੍ਰੀਵਰਤਨ ਦੇ ਜ਼ੁਲਮ ਢਾਹੇ ਜਾਂਦੇ ਸਨ। ਨਿਕੰਮੇ, ਗਰੀਬ, ਕਮਜ਼ੋਰ ਜਾਣੇ ਜਾਂਦੇ ਸਨ। ਦੂਸਰੇ ਪਾਸੇ ਜ਼ਾਲਮ ਹਾਕਮ ਜਿਨ੍ਹਾਂ ਕੋਲ ਵਿਸ਼ਾਲ ਸਾਮਰਾਜ ਅਤੇ ਰਾਜ ਪ੍ਰਬੰਧ ਕੋਲ ਵੱਡੀ ਫੌਜੀ ਤਾਕਤ ਸੀ। ਗੁਰੂ ਜੀ ਨੇ ਜਨ ਸਾਧਾਰਨ ਵਿਚ ਚੜ੍ਹਦੀ ਕਲਾ ਦਾ ਜੋਸ਼ ਭਰਨ ਲਈ ਉਪਦੇਸ਼ ਦਿੱਤਾ ਕਿ ਜਦੋਂ ਸ਼ਾਂਤਮਈ ਢੰਗ ਦਾ ਹਰ ਵਸੀਲਾ ਵੀ ਜ਼ੁਲਮ ਨਾ ਰੋਕ ਸਕੇ, ਤਾਂ ਹਥਿਆਰ ਉਠਾਉਣਾ ਜਾਇਜ਼ ਬਣ ਜਾਂਦਾ ਹੈ। ਜਿਸ ਨਾਲ ਆਪਣੀ ਦੱਬੀ-ਕੁਚਲੀ ਲਿਤਾੜੀ ਪ੍ਰਜਾ ਦੀ ਰਾਖੀ ਕੀਤੀ ਜਾਵੇ। ਗੁਰੂ ਸਾਹਿਬ ਜੀ ਨੇ ਅਜਿਹਾ ਫੌਜੀ ਖਾਲਸਾ ਸਾਜਿਆ, ਜਿਸ ਨੇ ਕੌਮ ਦੀ ਤਕਦੀਰ ਬਦਲ ਦਿੱਤੀ। ਬੜੇ ਬਿਖੜੇ ਪੈਂਡਿਆਂ ਅਤੇ ਜ਼ੋਖਮਾਂ ਵਿਚੋਂ ਲੰਘਦੇ ਮੁਗਲ ਸਾਮਰਾਜ ਦੇ ਹਰ ਜ਼ੁਲਮ ਦਾ ਡੱਟ ਕੇ ਮੁਕਾਬਲਾ ਕੀਤਾ ਅਤੇ ਸੰਗਠਿਤ ਖਾਲਸਾ ਰਾਜ ਸਥਾਪਤ ਕੀਤਾ।

ਗੁਰੂ ਸਾਹਿਬ ਜੀ ਨੇ ਪੰਜ ਪਿਆਰਿਆਂ ਦੀ ਚੋਣ ਵੱਖ-ਵੱਖ ਜਾਤਾਂ ਵਿਚੋਂ ਕੀਤੀ ਅਤੇ ਪੰਥ ਨੂੰ ਏਕਤਾ ਦੀ ਲੜੀ ਵਿਚ ਪਰੋ ਦਿੱਤਾ। ਸਿੰਘਾਂ ਨੂੰ ਸ਼ਸਤਰਧਾਰੀ ਬਣਾ ਕੇ ਸੂਰਬੀਰ ਕੌਮ ਦੀ ਨੀਂਹ ਰੱਖੀ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਗੁਰੂ ਅਤੇ ਖਾਲਸੇ ਦੇ ਸੰਬੰਧਾਂ ਨੂੰ ਹਲੀਮੀ ਭਾਵ ਵਿਚ ਕਿਹਾ ਕਿ: 'ਇਨਹੀ ਕੀ ਕ੍ਰਿਪਾ ਸੇ ਸਜੇ ਹਮ ਹੈਂ। ਨਹੀਂ ਮੋਸੋ ਗਰੀਬ ਕਰੋਰ ਪੜੇ।'

ਸਮੁੱਚੀ ਮਾਨਵਤਾ ਦੇ ਭਲੇ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਸਿੱਖਾਂ ਵਿਚ ਆਤਮ-ਬਲ ਅਤੇ ਸਵੈ-ਮਾਣ ਦਾ ਵਿਸ਼ਵਾਸ ਜਾਗ੍ਰਿਤ ਕਰਕੇ ਖਾਲਸੇ ਨੂੰ ਸੰਤ ਸਿਪਾਹੀ ਦਾ ਅਸਲੀ ਰੂਪ ਦਿੱਤਾ। ਸਿੱਖ ਸਿਧਾਂਤ ਅਨੁਸਾਰ ਕੋਈ ਤਬਦੀਲੀ ਨਹੀਂ ਸੀ, ਬਲਕਿ ਗੁਰੂ ਨਾਨਕ ਦੇਵ ਸਾਹਿਬ ਜੀ ਤੋਂ ਸਥਾਪਤ ਮਨੋਰਥ ਨੂੰ ਪੱਕਾ ਕਰ ਦਿੱਤਾ ਕਿ ਖਾਲਸੇ ਸਮਾਜ ਦੇ ਰੱਖਿਅਕ ਅਤੇ ਸੇਵਕ ਹੋਣ। ਸਮਾਜ ਵਿਚੋਂ ਦੁੱਖਾਂ ਦਾ ਨਾਸ ਕਰਨ ਲਈ ਦੋਖੀਆਂ ਦੇ ਜ਼ੁਲਮ ਖਿਲਾਫ ਲੜਨ। ਜ਼ੁਲਮ ਦੀ ਸਤਾਈ ਜਨਤਾ ਅਮਨ ਦਾ ਜੀਵਨ ਬਸਰ ਕਰ ਸਕੇ। ਗੁਰ-ਸ਼ੋਭਾ ਦਾ ਕਰਤਾ ਸੈਨਾਪਤੀ ਲਿਖਦਾ ਹੈ:-

ਅਸੁਰ ਸਿੰਘਾਰਬੇ ਕੋ ਦੁਰਜਨ ਕੇ ਮਾਰਬੇ ਕੋ।

ਸੰਕਟ ਨਿਬਾਰਬੇ ਕੋ ਖਾਲਸਾ ਬਨਾਯੋ ਹੋ।

ਜਿਹੜੇ ਚਿੜੀਆਂ ਦੇ ਫੜਕਣ ਤੋਂ ਡਰ ਜਾਂਦੇ ਸਨ। ਨੀਵੀਆਂ ਜਾਂਤਾਂ ਦੇ ਨਿਕੰਮੇ ਸਮਝੇ ਜਾਂਦੇ ਸਨ, ਉਨ੍ਹਾਂ ਵਿਚ ਚੜ੍ਹਦੀ ਕਲਾ ਦੀ ਭਾਵਨਾ ਭਰ ਦਿੱਤੀ।

ਸ਼ੀ ਅਸਿਪਾਨਜ਼ ਤਬੈ ਕਹਾਉਂ
ਚਿੜੀਆ ਤੋਂ ਜਬ ਬਾਜ਼ ਤੁੜਾਉਂ
ਜਾਂ
ਸਵਾ ਲਾਖ ਸੇ ਏਕੁ ਲੜਾਉਂ
ਤਬੈ ਗੋਬਿੰਦ ਸਿੰਘ ਨਾਮੁ ਕਹਾਉਂ
---
ਲਘੁ ਜਾਤਨ ਕੋ ਬਡਪਨ ਦੇ ਹੈਂ
---
ਇਨਹੀ ਗਰੀਬ ਸਿੰਘਨ ਕੋ ਦੇਉਂ ਪਾਤਿਸ਼ਾਹੀ।
ਯੇ ਯਾਦ ਕਰੇਂ ਹਮਰੀ ਗੁਰਆਈ।
ਜੀਵਤ ਰਹੇ ਤੋਂ ਰਾਜ ਕਰੇਂ ਹੈਂ
ਮਰਹਿ ਤੋਂ ਗੁਰਪੁਰ ਜਾਈਂ।
-------

ਗੁਰੂ ਪਾਤਿਸ਼ਾਹ ਨੇ ਇਕ ਸਰੂਪ ਹੀ ਨਹੀਂ, ਬਲਕਿ ਜੀਵਨ ਮੰਤਵ ਵਿਸ਼ਵਾਸ ਤੇ ਅਸੂਲਾਂ ਦੀ ਸਮਰੂਪਤਾ ਵੀ ਬਖਸ਼ੀ। ਪਹਿਲੇ ਰੀਤੀ-ਰਿਵਾਜ਼ਾਂ, ਝੂਠੇ ਕਰਮਕਾਂਡਾਂ, ਵੰਡੀਆਂ, ਮਨੂੰ ਸ਼ਾਸਤਰ ਵਰਣ, ਜਾਤ-ਪਾਤ ਤੋਂ ਖਾਲਸੇ ਨੂੰ ਆਜ਼ਾਦ ਕਰ ਦਿੱਤਾ। ਖਾਲਸਾ ਕੇਵਲ ਇਕ ਸਰਬਸ਼ਕਤੀਮਾਨ, ਸ੍ਰਿਸ਼ਟੀ ਦੇ ਸਾਜਨਹਾਰ, ਪਾਲਣਹਾਰ ਪ੍ਰਮੇਸ਼ਰ ੧ਓ 'ਤੇ ਹੀ ਵਿਸ਼ਵਾਸ ਰੱਖੇਗਾ। ਇਕ ਅਕਾਲ ਪੁਰਖ ਦੀ ਸਿਫਤ-ਸਲਾਹ ਕਰੇਗਾ। ਖਾਲਸਾ ਵਾਹਿਗੁਰੂ ਦਾ ਹੈ ਅਤੇ ਫਤਹਿ ਵੀ ਅਕਾਲ ਪੁਰਖ ਵਾਹਿਗੁਰੂ ਦੀ ਹੈ। ਖਾਲਸਾ ਅਕਾਲ ਪੁਰਖ ਦੇ ਹੁਕਮ ਤੋਂ ਉਤਪੰਨ ਹੋਇਆ ਹੈ। ਇਹ ਮਿੱਟ ਨਹੀਂ ਸਕਦਾ। ਗੁਰੂ ਜੀ ਨੇ ਸਿੰਘਾਂ ਨੂੰ ਅਹਿਸਾਸ ਕਰਵਾਇਆ ਕਿ ਉਹ ਬਲਹੀਣ ਨਹੀਂ ਹਨ, ਸਗੋਂ ਉਨ੍ਹਾਂ ਨੂੰ ਆਪਣੀ ਅੰਦਰੂਨੀ ਸ਼ਕਤੀ ਨੂੰ ਪਛਾਨਣ ਦੀ ਲੋੜ ਹੈ। ਜੋ ਚੜ੍ਹਦੀ ਕਲਾ ਦਾ ਜੀਵਨ ਪ੍ਰਦਾਨ ਕਰਦੀ ਹੈ।

ਵਿਸਾਖੀ ਸਾਨੂੰ ਦ੍ਰਿੜ੍ਹ ਕਰਵਾਉਂਦੀ ਹੈ ਕਿ ਜੋ ਸੱਚਾ ਖਾਲਸਾ ਹੈ, ਉਹ ਪ੍ਰਮਾਤਮਾ ਦੀ ਪਰਮਸਤ ਹੋਂਦ ਨੂੰ ਮੰਨਦਾ ਹੈ। ਕਿਸੇ ਹੋਰ ਨੂੰ ਨਹੀਂ ਮੰਨਦਾ। ਪ੍ਰਮਾਤਮਾ ਦੀ ਆਸਥਾ ਵਿਚ ਗੁਰ ਉਪਦੇਸ਼ ਅਨੁਸਾਰ ਝੂਠੇ ਕਰਮਕਾਂਡਾਂ, ਵਹਿਮਾਂ-ਭਰਮਾਂ, ਪਾਖੰਡਾਂ ਦਾ ਵਿਰੋਧ ਕਰਦਾ ਹੈ। ਬਰਾਬਰੀ ਦੇ ਭਾਈਚਾਰੇ ਦੀ ਸਥਾਪਨਾ ਕਰਦਾ ਹੈ। ਉਸੇ ਖਾਲਸੇ ਦੀ ਚੜ੍ਹਦੀ ਕਲਾ ਦੀ ਕ੍ਰਿਪਾ ਨਾਲ ਯੁੱਧ ਜਿੱਤੇ ਗਏ। ਪ੍ਰਾਲਭਤ ਪ੍ਰਾਪਤ ਹੋਈ, ਮਾਇਆ ਆਈ, ਪਾਪਾਂ ਦਾ ਨਾਸ ਹੋਇਆ। ਅਧਿਆਤਮਕ ਵਿੱਦਿਆ ਵਿਚ ਉਨਤੀ ਹੋਈ। ਸ਼ਤਰੂਆਂ ਦਾ ਸੰਘਾਰ ਹੋਇਆ। ਇਹ ਸਭ ਕੁਝ ਖਾਲਸੇ ਕਰਕੇ ਹੋਇਆ। ਗੁਰੂ ਜੀ ਨੇ ਆਪਣੇ ਪੂਰਵਜ਼ਾਂ ਦੇ ਸਿਧਾਂਤ ਅਨੁਕੂਲ ਆਮ ਜਨਤਾ ਨਾਲ ਖੜ੍ਹੇ ਹੋਏ। ਗੁਰੂ ਸਾਹਿਬ ਜੀ ਦਾ ਉਪਦੇਸ਼ ਹੈ ਕਿ ਕਹਿਣੀ ਅਤੇ ਕਥਨੀ ਵਿਚ ਖਾਲਸਾ ਪੱਕਾ ਹੋਵੇ। ਮਨ ਵਿਚ ਹੋਰ ਮੁੱਖ ਵਿਚ ਹੋਰ ਨਾ ਹੋਵੇ। ਸੱਚਾਈ 'ਤੇ ਚੱਲਣਾ ਨੇਕੀ ਅਤੇ ਧਰਮ ਦਾ ਕੰਮ ਹੈ। ਸੰਗਤ ਨੂੰ ਸ਼ਬਦ ਗਿਆਨ ਨਾਲ ਜੋੜਿਆ। ਖਾਲਸਾ ਗੁਰੂ ਦੇ ਸਨਮੁੱਖ ਹੋ ਕੇ ਅਰਦਾਸ ਕਰੇ। ਪ੍ਰਮਾਤਮਾ ਨਾਲ ਸਿੱਧਾ ਰਾਬਤਾ ਬਣਾਵੇ। ਗੁਰੂ ਸਾਹਿਬ ਜੀ ਨੇ ਖਾਲਸੇ ਨੂੰ ਮੁਕਤੀ ਦਾ ਹੱਕਦਾਰ ਬਣਾ ਦਿੱਤਾ। ਸਿੰਘਾਂ ਨੂੰ ਬੁਰਾਈਆਂ ਤੋਂ ਬਚਾ ਕੇ, ਸ਼ਕਤੀ ਦੇ ਕੇ ਜ਼ੋਰਾਵਰ ਬਣਾ ਦਿੱਤਾ। ਗੁਰੂ ਸਾਹਿਬ ਜੀ ਦਾ ਉੱਤਮ ਉਪਦੇਸ਼ ਹੈ ਕਿ ਖਾਲਸਾ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੁੜੇ। ਸ਼ਬਦ ਰਾਹੀਂ ਗਿਆਨਵਾਨ ਬਣੇ। ਵਿਦਿਅਕ, ਅਧਿਆਤਮਕ, ਆਰਥਿਕ, ਰਾਜਨੀਤਿਕ ਅਤੇ ਵਿਵਹਾਰ ਵਿਚ ਸੂਝਵਾਨ ਬਣੇ।

**ਅੰਤਿਕਾ:-** ਵਿਸਾਖੀ ਸਿੱਖ-ਪੰਥ ਦਾ ਅਨਿੱਖੜਵਾਂ ਅੰਗ ਬਣ ਗਈ। ਖਾਲਸੇ ਦਾ ਜਨਮ ਦਿਨ ਹੋਣ ਕਰਕੇ ਇਹ ਸਿੱਖਾਂ ਦਾ ਮਹੱਤਵਪੂਰਨ ਦਿਹਾੜਾ ਹੈ। ਵਿਸਾਖੀ ਮਨਾਉਣ ਦਾ ਅਸਥਾਨ ਅੰਮ੍ਰਿਤਸਰ ਬਣ ਗਿਆ ਸੀ। ਅੰਮ੍ਰਿਤਸਰ ਦੀ ਮਹੱਤਤਾ ਗੁਰੂ ਰਾਮਦਾਸ ਸਾਹਿਬ ਜੀ ਦੇ ਸਮੇਂ ਤੋਂ ਹੈ, ਜੋ ਸਿੱਖ ਧਰਮ ਦਾ ਕੇਂਦਰ ਬਣਿਆ। ਸਿੱਖ ਇਤਿਹਾਸ ਦੀਪਮਾਲਾ ਅਤੇ ਵਿਸਾਖੀ ਨਾਲ ਜੁੜਿਆ ਹੈ। ਵਿਸਾਖੀ ਸਾਡੇ ਲਈ ਉਹ ਦਿਹਾੜਾ ਬਣ ਗਿਆ, ਜੋ ਸਾਨੂੰ ਜ਼ੁਲਮ ਦਾ ਟਾਕਰਾ ਕਰਨ ਲਈ ਪ੍ਰੇਰਨਾ ਦਿੰਦਾ ਹੈ। ਪੰਥ ਭਲਾਈ ਲਈ ਗੁਰਮਤੇ ਕਰਨ ਦਾ ਅਵਸਰ ਦਿੰਦਾ ਹੈ। ਕੌਮ ਨੂੰ ਮਜ਼ਬੂਤ ਕਰਨ ਦਾ ਉਤਸ਼ਾਹ ਭਰਦਾ ਹੈ। ਵਿਸਾਖੀ ਖਾਲਸੇ ਦਾ ਪ੍ਰਣ ਹੈ ਕਿ ਉਹ ਜ਼ੁਲਮਾਂ ਨਾਲ ਟਕਰਾਉਂਦਾ ਰਹੇਗਾ ਅਤੇ ਅੱਤਿਆਚਾਰ ਦਾ ਮੁਕਾਬਲਾ ਕਰਨ ਲਈ ਤੱਤਪਰ ਰਹੇਗਾ। ਚੜ੍ਹਦੀ ਕਲਾ ਵਿਚ ਵੱਧਦਾ ਰਹੇਗਾ।



ਵਿਸਾਖੀ ਸਾਨੂੰ ਦ੍ਰਿੜ੍ਹ ਕਰਵਾਉਂਦੀ ਹੈ ਕਿ ਜੋ ਸੱਚਾ ਖਾਲਸਾ ਹੈ, ਉਹ ਪ੍ਰਮਾਤਮਾ ਦੀ ਪਰਮਸਤ ਹੋਂਦ ਨੂੰ ਮੰਨਦਾ ਹੈ। ਕਿਸੇ ਹੋਰ ਨੂੰ ਨਹੀਂ ਮੰਨਦਾ। ਪ੍ਰਮਾਤਮਾ ਦੀ ਆਸਥਾ ਵਿਚ ਗੁਰ ਉਪਦੇਸ਼ ਅਨੁਸਾਰ ਝੂਠੇ ਕਰਮਕਾਂਡਾਂ, ਵਹਿਮਾਂ-ਭਰਮਾਂ, ਪਾਖੰਡਾਂ ਦਾ ਵਿਰੋਧ ਕਰਦਾ ਹੈ। ਬਰਾਬਰੀ ਦੇ ਭਾਈਚਾਰੇ ਦੀ ਸਥਾਪਨਾ ਕਰਦਾ ਹੈ। ਉਸੇ ਖਾਲਸੇ ਦੀ ਚੜ੍ਹਦੀ ਕਲਾ ਦੀ ਕ੍ਰਿਪਾ ਨਾਲ ਯੁੱਧ ਜਿੱਤੇ ਗਏ। ਪ੍ਰਾਲਭਤ ਪ੍ਰਾਪਤ ਹੋਈ, ਮਾਇਆ ਆਈ, ਪਾਪਾਂ ਦਾ ਨਾਸ ਹੋਇਆ। ਅਧਿਆਤਮਕ ਵਿੱਦਿਆ ਵਿਚ ਉਨਤੀ ਹੋਈ। ਸ਼ਤਰੂਆਂ ਦਾ ਸੰਘਾਰ ਹੋਇਆ। ਇਹ ਸਭ ਕੁਝ ਖਾਲਸੇ ਕਰਕੇ ਹੋਇਆ। ਗੁਰੂ ਜੀ ਨੇ ਆਪਣੇ ਪੂਰਵਜ਼ਾਂ ਦੇ ਸਿਧਾਂਤ ਅਨੁਕੂਲ ਆਮ ਜਨਤਾ ਨਾਲ ਖੜ੍ਹੇ ਹੋਏ। ਗੁਰੂ ਸਾਹਿਬ ਜੀ ਦਾ ਉਪਦੇਸ਼ ਹੈ ਕਿ ਕਹਿਣੀ ਅਤੇ ਕਥਨੀ ਵਿਚ ਖਾਲਸਾ ਪੱਕਾ ਹੋਵੇ। ਮਨ ਵਿਚ ਹੋਰ ਮੁੱਖ ਵਿਚ ਹੋਰ ਨਾ ਹੋਵੇ। ਸੱਚਾਈ 'ਤੇ ਚੱਲਣਾ ਨੇਕੀ ਅਤੇ ਧਰਮ ਦਾ ਕੰਮ ਹੈ। ਸੰਗਤ ਨੂੰ ਸ਼ਬਦ ਗਿਆਨ ਨਾਲ ਜੋੜਿਆ। ਖਾਲਸਾ ਗੁਰੂ ਦੇ ਸਨਮੁੱਖ ਹੋ ਕੇ ਅਰਦਾਸ ਕਰੇ। ਪ੍ਰਮਾਤਮਾ ਨਾਲ ਸਿੱਧਾ ਰਾਬਤਾ ਬਣਾਵੇ। ਗੁਰੂ ਸਾਹਿਬ ਜੀ ਨੇ ਖਾਲਸੇ ਨੂੰ ਮੁਕਤੀ ਦਾ ਹੱਕਦਾਰ ਬਣਾ ਦਿੱਤਾ। ਸਿੰਘਾਂ ਨੂੰ ਬੁਰਾਈਆਂ ਤੋਂ ਬਚਾ ਕੇ, ਸ਼ਕਤੀ ਦੇ ਕੇ ਜ਼ੋਰਾਵਰ ਬਣਾ ਦਿੱਤਾ। ਗੁਰੂ ਸਾਹਿਬ ਜੀ ਦਾ ਉੱਤਮ ਉਪਦੇਸ਼ ਹੈ ਕਿ ਖਾਲਸਾ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੁੜੇ।

# 'ਖਾਲਸਾ ਸਾਜਨਾ ਦਿਵਸ' ਵਿਸਾਖੀ



> ਸਿੱਖ ਇਤਿਹਾਸ ਕੁਰਬਾਨੀਆਂ ਨਾਲ ਭਰਿਆ ਹੋਇਆ ਹੈ। ਜੇ ਸਿੱਖ ਗੁਰੂ ਸਾਹਿਬਾਨਾਂ ਦੇ ਜੀਵਨ 'ਤੇ ਝਾਤ ਮਾਰ ਕੇ ਅਤੇ ਖਾਲਸੇ ਨੂੰ ਸਮਝਣ ਦੀ ਕੋਸ਼ਿਸ਼ ਕਰੀਏ ਤਾਂ 'ਖਾਲਸਾ' ਉਹ ਹੈ, ਜੋ ਸਿਰਫ ਅਕਾਲ ਪੁਰਖ ਨੂੰ ਮੰਨੇ, ਗੁਰੂ ਗ੍ਰੰਥ ਸਾਹਿਬ ਤੋਂ ਸੇਧ ਲਵੇ, ਗੁਰੂ ਦੀ ਬਾਣੀ ਦਾ ਨੇਮ ਰੱਖੇ, ਆਪਣਾ ਆਚਰਣ ਉੱਚਾ ਤੇ ਸੁੱਚਾ ਰੱਖੇ, ਜ਼ੁਲਮ ਦੇ ਖਿਲਾਫ ਲੜੇ ਅਤੇ ਜ਼ਰੂਰਤਮੰਦਾਂ ਦੀ ਮਦਦ ਕਰੇ, ਭਾਵ ਕਥਨੀ ਤੇ ਕਰਨੀ ਵਿਚ ਪੂਰਾ ਹੋਵੇ। ਹੱਕ ਦੀ ਕਮਾਈ ਕਰਕੇ ਗੁਰੂ ਘਰ ਲਈ ਦਸਵੰਧ ਕੱਢੇ।


**ਪ੍ਰੋ: ਨਵਦੀਪ ਕੌਰ**
ਜ਼ਿਲ੍ਹਾ ਸ਼੍ਰੀ ਗੰਗਾਨਗਰ, ਰਾਜਸਥਾਨ।
ਫੋਨ ਨੰਬਰ : 96108-74664
ਪੰਜਾਬ ਮੇਲ USA




ਵਿਸਾਖੀ ਵੈਸਾਖ ਮਹੀਨੇ ਦੀ ਸੰਗਰਾਂਦ ਵਾਲੇ ਦਿਨ ਪੂਰੀ ਦੁਨੀਆਂ ਵਿਚ ਮਨਾਇਆ ਜਾਣ ਵਾਲਾ ਤਿਉਹਾਰ ਹੈ। ਸਿੱਖ ਧਰਮ ਵਿਚ ਵਿਸਾਖੀ ਦਾ ਵਿਸ਼ੇਸ਼ ਮਹੱਤਵ ਮੰਨਿਆ ਜਾਂਦਾ ਹੈ, ਕਿਉਂਕਿ ਇਸ ਦਿਨ ਸਰਬੰਸਦਾਨੀ, ਪੰਥ ਪਿਤਾ, ਧੰਨ ਧੰਨ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਦੁਨੀਆਂ ਦੇ ਇਤਿਹਾਸ ਅੰਦਰ ਇਕ ਨਿਵੇਕਲੇ ਪੰਥ ਦੀ ਸਾਜਨਾ ਕਰਕੇ ਸਿੱਖ ਕੌਮ ਨੂੰ ਵੱਖਰੀ ਪਹਿਚਾਣ ਦਿੱਤੀ। ਸੰਨ 1699 ਈਸਵੀ ਨੂੰ ਵਿਸਾਖੀ ਵਾਲੇ ਦਿਨ ਲਤਾੜੀ, ਢਹਿੰਦੀ ਕਲਾ ਅਤੇ ਗ਼ੁਲਾਮੀ ਦੇ ਜੀਵਨ ਬਿਊਰੇ ਜਿਊਂ ਰਹੀ ਮਨੁੱਖਤਾ ਨੂੰ ਆਤਮਕ ਸ਼ਕਤੀ ਅਤੇ ਜੋਸ਼ ਭਰ, ਆਤਮ ਵਿਸ਼ਵਾਸੀ ਕੌਮ ਦੀ ਸਿਰਜਣਾ ਕੀਤੀ। ਸਿੱਖ ਇਤਿਹਾਸ ਅੰਦਰ ਚਲੀ ਆ ਰਹੀ ਮਾਣ-ਮਰਿਆਦਾ ਅਤੇ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨੂੰ ਅਪਣਾਉਂਦੇ ਹੋਏ, ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਪੰਥ ਦੀ ਸਾਜਨਾ ਕੀਤੀ। ਜਿਵੇਂ ਕਿ ਅਸੀਂ ਦੇਖਦੇ, ਪੜ੍ਹਦੇ ਤੇ ਸੁਣਦੇ ਹਾਂ ਕੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਹਰ ਪਾਸੇ ਜ਼ੁਲਮ ਦੀ ਹਨੇਰੀ ਵਗ ਰਹੀ ਸੀ, ਧਰਮ, ਜਾਤ-ਪਾਤ ਦਾ ਬੋਲ ਬਾਲਾ ਸੀ, ਤਾਂ ਗੁਰੂ ਨਾਨਕ ਦੇਵ ਜੀ ਨੇ ਸਭ ਧਰਮਾਂ ਲਈ ਇੱਕ ਸਾਂਝਾ ਧਰਮ ਚਲਾਇਆ, ਜਿਸ ਵਿਚ ਜਾਤ-ਪਾਤ, ਊਚ-ਨੀਚ ਦੇ ਭੇਦ-ਭਾਵ ਨੂੰ ਖਤਮ ਕਰਕੇ ਏਕਤਾ ਅਤੇ ਬਰਾਬਰੀ ਦੀ ਗੱਲ ਕੀਤੀ। ਉਨ੍ਹਾਂ ਨੇ ਜਾਤਾਂ, ਧਰਮਾਂ ਦੇ ਨਾਲ-ਨਾਲ ਔਰਤ ਨੂੰ ਮਰਦ ਦੇ ਬਰਾਬਰ ਅਤੇ ਉਸ ਨੂੰ ਉੱਚਾ ਦਰਜਾ ਦੇਣ ਲਈ ਸਭ ਤੋਂ ਪਹਿਲਾਂ ਆਵਾਜ਼ ਉਠਾਈ। ਜਦੋਂ ਉਸ ਸਮੇਂ ਔਰਤ ਦਾ ਕੋਈ ਵਜੂਦ ਨਹੀਂ ਸੀ, ਉਸ ਨੂੰ ਪੈਰ ਦੀ ਜੁੱਤੀ ਦੇ ਬਰਾਬਰ ਸਮਝਿਆ ਜਾਂਦਾ ਸੀ। ਗੁਰੂ ਨਾਨਕ ਦੇਵ ਜੀ ਦਾ ਇਹ ਕ੍ਰਾਂਤੀਕਾਰੀ ਕਦਮ ਮੰਨਿਆ ਜਾਂਦਾ ਹੈ। ਇਸ ਤਰ੍ਹਾਂ ਉਨ੍ਹਾਂ ਤੋਂ ਬਾਅਦ ਆਏ ਗੁਰੂ ਸਹਿਬਾਨਾਂ ਨੇ ਸਿੱਖ ਧਰਮ ਦੀ ਇਸ ਪਰੰਪਰਾ ਅਤੇ ਵਿਚਾਰਧਾਰਾ ਨੂੰ ਅੱਗੇ ਤੋਰਿਆ। ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਨੂੰ ਅਸਲੀ ਜਾਮਾ ਪਹਿਨਾਇਆ। ਉਨ੍ਹਾਂ ਨੇ ਸਭ ਧਰਮਾਂ, ਜਾਤਾਂ ਨੂੰ ਖਤਮ ਕਰ ਐਸੇ ਪੰਥ ਦੀ ਸਿਰਜਨਾ ਕੀਤੀ, ਜੋੜ ਆਤਮਿਕ ਸ਼ਾਂਤੀ, ਏਕਤਾ ਅਤੇ ਸਮਾਜਿਕ ਬਰਾਬਰੀ ਦੇ ਨਾਲ-ਨਾਲ ਲਤਾੜੀ, ਗੁਲਾਮ ਮਨੁੱਖਤਾ ਅੰਦਰ ਬਹਾਦਰੀ, ਬਲ, ਤਾਕਤ, ਜੋਸ਼ ਅਤੇ ਆਤਮ ਵਿਸ਼ਵਾਸ ਭਰ ਦਿੱਤਾ। ਗਿੱਦੜਾਂ ਤੋਂ ਸ਼ੇਰ ਬਣ ਕੇ ਇਕੱਲਾ ਸਿੰਘ ਸਵਾ ਲੱਖ ਦੇ ਬਰਾਬਰ ਲੜਿਆ। ਸਿੱਖ ਇਤਿਹਾਸ ਵਿਚ ਨਜ਼ਰ ਮਾਰੀਏ, ਤਾਂ ਖਾਲਸਾ ਪੰਥ ਨੇ ਜੰਗ ਦੇ ਮੈਦਾਨ 'ਚ ਜੋ ਮੱਲ੍ਹਾਂ ਮਾਰੀਆਂ ਅਤੇ ਬਹਾਦਰੀ ਨਾਲ ਅੱਤਿਆਚਾਰੀ ਤੇ ਜ਼ਾਲਮਾਂ ਦਾ ਖਾਤਮਾ ਕੀਤਾ, ਉਸ ਦੀ ਉਦਾਹਰਣ ਦੁਨੀਆਂ ਵਿਚ ਹੋਰ ਕਿਤੇ ਨਹੀਂ ਮਿਲਦੀ।

ਵਿਦਵਾਨਾਂ ਅਤੇ ਸਿੱਖ ਇਤਿਹਾਸਕਾਰਾਂ ਦੇ ਅਨੁਸਾਰ ਸੰਨ 1699 ਈਸਵੀ ਨੂੰ ਵਿਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਭਾਰੀ ਇਕੱਠ ਵਿਚ ਪਹੁੰਚੀ ਸੰਗਤ ਨੂੰ ਸੰਬੋਧਤ ਕਰਦਿਆਂ ਵਾਰੀ-ਵਾਰੀ ਪੰਜ ਸੀਸ ਮੰਗੇ, ਜਿਸ 'ਤੇ ਖਰਾ ਉਤਰਦਿਆਂ 5 ਮਰਜੀਵੜਿਆਂ ਨੇ ਆਪਣੇ-ਆਪਣੇ ਸੀਸ ਗੁਰੂ ਜੀ ਅੱਗੇ ਭੇਟ ਕੀਤੇ। ਇਨ੍ਹਾਂ ਦੇ ਨਾਮ ਕ੍ਰਮਵਾਰ ਭਾਈ ਦਯਾ ਰਾਮ, ਭਾਈ ਧਰਮ ਚੰਦ, ਭਾਈ ਮੋਹਕਮ ਚੰਦ, ਭਾਈ ਹਿੰਮਤ ਰਾਏ, ਭਾਈ ਸਾਹਿਬ ਚੰਦ ਸਨ, ਜਿਨ੍ਹਾਂ ਨੂੰ ਗੁਰੂ ਜੀ ਨੇ ਸਿੰਘ ਸਾਜ ਕੇ 'ਖੰਡੇ ਦੀ ਪਹੁਲ' ਸ਼ੁਰੂ ਕਰ ਅੰਮ੍ਰਿਤ ਛਕਾ ਖਾਲਸਾ ਪੰਥ ਦੀ ਸਥਾਪਨਾ ਕੀਤੀ। ਉਨ੍ਹਾਂ ਨੇ ਬਿਨਾਂ ਕਿਸੇ ਜਾਤ-ਪਾਤ ਤੇ ਧਰਮ, ਨਸਲ ਦੀ ਵੰਡ ਕੀਤੇ ਪੰਜ ਪਿਆਰਿਆਂ ਨੂੰ ਇਕੋ ਹੀ ਬਾਟੇ ਵਿਚ ਅੰਮ੍ਰਿਤ ਛਕਾਇਆ, ਅਤੇ ਇੱਕ ਪੰਥ ਚਲਾਇਆ। ਹੋਰ ਵੇਖੋ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ, ਸਿੰਘ ਸਜਾਕੇ, ਮਗਰੋਂ ਉਨ੍ਹਾਂ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਦੀ ਦਾਤ ਲਈ ਅਤੇ

"ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ॥"

ਦਾ ਪੰਥ ਚਲਾਇਆ ਅਤੇ ਉਨ੍ਹਾਂ ਸਿੰਘਾਂ ਨੂੰ ਸ਼ੇਰ ਦੀ ਉਪਾਧੀ ਦੇ ਕੇ ਆਪਣੇ ਨਾਮ ਪਿੱਛੇ ਸਿੰਘ ਸ਼ਬਦ ਦੀ ਵਰਤੋਂ ਕਰਨ ਦਾ ਹੁਕਮ ਜਾਰੀ ਕੀਤਾ ਅਤੇ ਇਸਤਰੀਆਂ ਨੂੰ ਵੀ ਆਪਣੇ ਨਾਂ ਮਗਰ 'ਕੌਰ' ਦੀ ਵਰਤੋਂ ਕਰਨ ਲਈ ਫ਼ਰਮਾਇਆ। ਗੁਰੂ ਜੀ ਨੇ ਅੰਮ੍ਰਿਤ ਦੀ ਦਾਤ ਬਖਸ਼ਣ ਤੋਂ ਬਾਅਦ ਫ਼ਰਮਾਇਆ ਕਿ ਅੱਜ ਤੋਂ ਤੁਹਾਡਾ ਨਵਾਂ ਜਨਮ ਹੋਇਆ ਹੈ, ਇਸ ਲਈ ਪਿਛਲੀਆਂ ਗੋਤਾਂ-ਜਾਤਾਂ ਸਭ ਖਤਮ ਹੋ ਗਈਆਂ, ਅੱਜ ਤੋਂ ਤੁਸੀਂ 'ਵਾਹਿਗੁਰੂ ਜੀ ਦਾ ਖਾਲਸਾ ਹੋ'। ਇਸ ਤਰ੍ਹਾਂ ਗੁਰੂ ਜੀ ਨੇ ਆਪ ਨੇ ਏਕਤਾ ਦੇ ਨਾਲ-ਨਾਲ ਸਮਾਜਿਕ ਬਰਾਬਰੀ ਅਤੇ ਸਦਭਾਵਨਾ ਪੈਦਾ ਕਰਕੇ ਖ਼ਾਲਸੇ ਨੂੰ ਬਖਸ਼ਿਸ਼ ਕੀਤੀ। ਸਮੇਂ-ਸਮੇਂ 'ਤੇ ਜ਼ੁਲਮ ਦੇ ਖਿਲਾਫ ਲੜਨ ਵਾਲੀ ਕੌਮ ਪੈਦਾ ਕਰਕੇ ਜ਼ਾਲਮਾਂ ਤੇ ਅੱਤਿਆਚਾਰਾਂ ਦਾ ਖਾਤਮਾ ਕੀਤਾ।

ਖਾਲਸਾ ਪੰਥ ਦੀ ਸਿਰਜਨਾ ਨੇ ਝੂਠ, ਫਰੇਬ, ਬੇਈਮਾਨੀ ਦੀਆਂ ਜ਼ੰਜੀਰਾਂ ਨੂੰ ਤੋੜ ਕੇ ਸੱਚ 'ਤੇ ਚੱਲਣਾ, ਨਿਮਰਤਾ ਵਿਚ ਰਹਿਣ, ਬਿਨਾ ਕਿਸੇ ਭੇਦਭਾਵ ਮਨੁੱਖਤਾ ਦਾ ਹਮਦਰਦ ਬਣਿਆ ਖਾਲਸਾ। ਖਾਲਸਾ ਇਕ ਅਕਾਲ ਪੁਰਖ ਦਾ ਪੁਜਾਰੀ ਹੈ, ਜੋ ਪੰਜ ਬਾਣੀਆਂ ਅਤੇ ਪੰਜ ਕਰਾਰਾਂ ਦੀ ਰਹਿਤ ਰੱਖਣ ਵਾਲਾ ਉੱਚਾ-ਸੁੱਚਾ ਜੀਵਨ ਜਿਉਣ ਵਾਲਾ ਨੇਮੀ ਪੁਰਖ ਹੈ।

ਸਿੱਖ ਇਤਿਹਾਸ ਕੁਰਬਾਨੀਆਂ ਨਾਲ ਭਰਿਆ ਹੋਇਆ ਹੈ। ਜੇ ਸਿੱਖ ਗੁਰੂ ਸਾਹਿਬਾਨਾਂ ਦੇ ਜੀਵਨ 'ਤੇ ਝਾਤ ਮਾਰ ਕੇ ਅਤੇ ਖਾਲਸੇ ਨੂੰ ਸਮਝਣ ਦੀ ਕੋਸ਼ਿਸ਼ ਕਰੀਏ ਤਾਂ 'ਖਾਲਸਾ' ਉਹ ਹੈ, ਜੋ ਸਿਰਫ ਅਕਾਲ ਪੁਰਖ ਨੂੰ ਮੰਨੇ, ਗੁਰੂ ਗ੍ਰੰਥ ਸਾਹਿਬ ਤੋਂ ਸੇਧ ਲਵੇ, ਗੁਰੂ ਦੀ ਬਾਣੀ ਦਾ ਨੇਮ ਰੱਖੇ, ਆਪਣਾ ਆਚਰਣ ਉੱਚਾ ਤੇ ਸੁੱਚਾ ਰੱਖੇ, ਜ਼ੁਲਮ ਦੇ ਖਿਲਾਫ ਲੜੇ ਅਤੇ ਜ਼ਰੂਰਤਮੰਦਾਂ ਦੀ ਮਦਦ ਕਰੇ, ਭਾਵ ਕਥਨੀ ਤੇ ਕਰਨੀ ਵਿਚ ਪੂਰਾ ਹੋਵੇ। ਹੱਕ ਦੀ ਕਮਾਈ ਕਰਕੇ ਗੁਰੂ ਘਰ ਲਈ ਦਸਵੰਧ ਕੱਢੇ।

ਅੱਜ ਜ਼ਰਾ ਸੋਚੀਏ ਕਿ ਇਹ ਸਿੱਖੀ ਸਿਦਕ ਜਿਸ ਦਾ ਜ਼ਿਕਰ ਅਸੀਂ ਹਰ ਰੋਜ਼ ਅਰਦਾਸ ਵਿਚ ਕਰਦੇ ਹਾਂ, ਉਨ੍ਹਾਂ ਸ਼ਹੀਦਾਂ, ਮੁਰੀਦਾਂ, ਪਿਆਰਿਆਂ, ਸਚਿਆਰਿਆਂ ਅਤੇ ਬੀਬੀਆਂ ਦੇ ਸਿੱਖੀ ਸਿਦਕ ਨੂੰ ਨਮਸਕਾਰ ਕਰਦੇ ਹਾਂ, ਜਿਨ੍ਹਾਂ ਨੇ ਸਿੱਖੀ ਸਿਦਕ ਨੂੰ ਨਿਭਾਉਂਦੇ ਹੋਏ ਆਪਣੇ ਬੱਚਿਆਂ ਦੇ ਟੁਕੜੇ ਗਲ਼ਾਂ ਅਤੇ ਝੋਲੀਆਂ ਵਿਚ ਪਵਾਏ, ਸਿੱਖੀ ਸਿਦਕ ਨਹੀਂ ਡੋਲਿਆ। ਕੀ ਇਹੀ ਸਿੱਖੀ ਸਿਦਕ ਅੱਜ ਵੀ ਸਾਡੇ ਕੋਲ ਹੈ? ਅੱਜ ਖਾਲਸਾ ਸਾਜਨਾ ਦਿਵਸ ਦੇ ਸਮੇਂ ਗੁਰਦੁਆਰਿਆਂ ਵਿਚ ਗੁਰਮਤਿ ਸਮਾਗਮ ਕਰਵਾਉਂਦੇ ਅਤੇ ਕਥਾ, ਕੀਰਤਨ ਚਲਦੇ ਹਨ। ਸੋਚਣ ਵਾਲੀ ਗੱਲ ਹੈ ਕਿ ਇਨ੍ਹਾਂ ਕਥਾ ਕੀਰਤਨ ਵਿਚ ਸਾਡਾ ਮਨ ਕਿੰਨਾ ਕੁਝ ਜੁੜਿਆ ਹੈ? ਗੁਰਮਤਿ ਸਮਾਗਮ ਮੇਲਿਆਂ 'ਤੇ ਭੀੜ-ਭੜੱਕੇ ਤੱਕ ਸੀਮਤ ਰਹਿ ਗਏ ਹਨ। ਅੱਜ ਸਾਡੇ ਗੁਰੂਆਂ ਅਤੇ ਸਿੱਖ ਧਰਮ ਦੇ ਵਿਸ਼ੇਸ਼ ਦਿਹਾੜਿਆਂ ਦੀ ਮਹੱਤਤਾ ਬਦਲਦੀ ਜਾ ਰਹੀ ਹੈ। ਜਿਸ ਧਰਮਾਂ-ਜਾਤਾਂ, ਭੇਦ-ਭਾਵ, ਊਚ-ਨੀਚ ਨੂੰ ਖਤਮ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਿਰਜਣਾ ਕੀਤੀ ਹੈ, ਅਸੀਂ ਉਸੇ ਜਗ੍ਹਾ ਖੜ੍ਹੇ ਹੋ ਗਏ ਹਾਂ। ਅੱਜ ਅਸੀਂ ਆਪਣੀ ਪਹਿਚਾਣ, ਆਪਣੀ ਜਾਤ, ਧਰਮ ਤੇ ਗੋਤ ਨਾਲ ਦੱਸਦੇ ਹਾਂ, ਜਿਵੇਂ ਮੈਂ ਜੱਟ ਸਿੱਖ ਹਾਂ, ਮੈਂ ਮਹਿਰਾ ਸਿੱਖ ਹਾਂ, ਮੈਂ ਫਲਾਣਾ-ਫਲਾਣਾ ਆਦਿ। ਅਤੇ ਦੂਸਰਾ ਜ਼ੁਲਮ ਵਿਰੁੱਧ ਲੜਨ ਦੀ ਗੱਲ ਤਾਂ ਦੂਰ ਰਹੀ ਹੈ, ਹੁਣ ਅਸੀਂ ਨਿਹੱਥਿਆਂ ਤੇ ਮਸੂਮਾਂ 'ਤੇ ਜ਼ੁਲਮ ਕਰਕੇ ਆਪਣੇ ਆਪ ਨੂੰ ਧਰਮੀ ਸਮਝਣ ਲੱਗ ਪਏ। ਕਿਸ ਤਰਾਂ ਧਰਮ ਤੇ ਖਾਲਸੇ ਦੀਆਂ ਅਸਲ ਲੀਹਾਂ ਤੋਂ ਉਤਰ ਕੇ ਅਸੀਂ ਭਟਕ ਰਹੇ ਹਾਂ। ਹਰ ਪਾਸੇ ਜ਼ੁਲਮ ਦੀ ਹਨੇਰੀ ਚੱਲ ਰਹੀ ਹੈ। ਅੱਜ ਅਸੀਂ ਆਪਣੇ ਸ਼ਹਿਰਾਂ, ਪਿੰਡਾਂ ਕਿ ਘਰਾਂ ਵਿਚ ਵੀ ਸੁਰੱਖਿਅਤ ਮਹਿਸੂਸ ਨਹੀਂ ਕਰਦੇ। ਇਸ ਲਈ ਸਾਨੂੰ ਮੁੜ ਆਪਣੇ ਧਰਮ ਨਾਲ ਜੁੜਨ ਦੀ ਲੋੜ ਹੈ। ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਦਿੱਤੀ ਸਿੱਖਿਆ ਅਨੁਸਾਰ ਜਾਤਾਂ, ਗੋਤਾਂ ਦੀ ਲੜਾਈ ਨੂੰ ਛੱਡ ਪੰਥ ਦੀ ਏਕਤਾ ਨੂੰ ਕਾਇਮ ਰੱਖੀਏ, ਤਾਂ ਕੋਈ ਵੈਰੀ ਦੁਸ਼ਮਣ ਸਾਡੇ ਵੱਲ ਝਾਕ ਵੀ ਨਾ ਸਕੇ।

ਅੱਜ ਲੋੜ ਹੈ, ਮੁੜ ਨੌਜਵਾਨ ਪੀੜ੍ਹੀ ਨੂੰ ਗੁਰੂ ਦੀ ਬਾਣੀ ਦੀ ਜਾਗ ਲਾਈਏ, ਅੱਜ ਦੇ ਇਸ ਪਵਿੱਤਰ ਦਿਹਾੜੇ ਮੌਕੇ ਅਰਦਾਸ ਕਰੀਏ ਕਿ ਵਾਹਿਗੁਰੂ ਸਾਨੂੰ ਬਖਸ਼ ਲਵੇ, ਆਪਣੇ ਬੱਚਿਆਂ ਨੂੰ ਸਿੱਖ ਇਤਿਹਾਸ ਨਾਲ ਜੁੜੋ ਸਿੱਖੀ ਦੇ ਮਾਰਗ ਉਤੇ ਤੋਰੋ, ਤਾਂ ਜੋ ਅਸੀਂ ਧਰਮ ਪ੍ਰਤੀ ਆਪਣਾ ਫਰਜ਼ ਨਿਭਾਈਏ।

'ਵਾਹਿਗੁਰੂ ਜੀ ਕਾ ਖਾਲਸਾ,
ਵਾਹਿਗੁਰੂ ਜੀ ਕੀ ਫਤਿਹ।'

# ਮਨੁੱਖੀ ਬੁੱਧੀ, ਪੰਜਾਬੀ ਸਮਾਜ ਅਤੇ ਸਿਆਸਤ ਵਿਚ ਆਰਟੀਫਿਸ਼ਲ ਇੰਟੈਲੀਜੈਂਸ




ਪੰਜਾਬ ਦੀ ਸਿਆਸੀ ਅਤੇ ਵਿਕਾਸ ਦੀ ਲੰਮੀ ਤਵਾਰੀਖ਼ ਹੈ। ਖੇਤੀ ਦਾ ਸੰਕਟ, ਪਾਣੀ ਦੀ ਘਾਟ, ਨੌਜਵਾਨਾਂ ਦਾ ਪਰਵਾਸ ਅਤੇ ਵਿੱਤੀ ਦਬਾਅ ਵਰਗੀਆਂ ਲੰਮੇਰੀਆਂ ਸਮੱਸਿਆਵਾਂ ਨੂੰ ਸੁਲਝਾਉਣ ਲਈ ਸਾਨੂੰ ਪ੍ਰਤੀਕਰਮੀ (ਰਿਐਕਟਿਵ) ਅਤੇ ਲੋਕਪ੍ਰਿਅਤਾਵਾਦੀ ਸਿਆਸਤ ਤੋਂ ਹੱਟ ਕੇ, ਸੂਚਿਤ ਅਤੇ ਰਣਨੀਤਕ ਪ੍ਰਬੰਧ ਵੱਲ ਜਾਣ ਦੀ ਲੋੜ ਹੈ। ਇਸ ਪਿਛੋਕੜ ਵਿਚ, ਮਨੁੱਖੀ ਬੁੱਧੀ (ਐੱਚ.ਆਈ.) ਅਤੇ ਏ.ਆਈ. ਦੇ ਸੰਯੁਕਤ ਇਸਤੇਮਾਲ ਨਾਲ ਵੱਡਾ ਬਦਲਾਅ ਲਿਆਂਦਾ ਜਾ ਸਕਦਾ ਹੈ। ਪੰਜਾਬੀ ਸਮਾਜ ਅਤੇ ਸਿਆਸਤ ਦੇ ਸੰਦਰਭ ਵਿਚ ਐੱਚ.ਆਈ. ਅਤੇ ਏ.ਆਈ. ਦੇ ਸੰਬੰਧਾਂ ਦਾ ਖ਼ਾਸ ਮਤਲਬ ਬਣਦਾ ਹੈ। ਪੰਜਾਬ ਸਿਰਫ਼ ਇੱਕ ਭੂਗੋਲਿਕ ਇਕਾਈ ਨਹੀਂ ਹੈ; ਇਹ ਇੱਕ ਤਵਾਰੀਖ਼ੀ ਰੂਪ ਵਿਚ ਬਣੀ ਸਮਾਜਿਕ ਸੰਰਚਨਾ ਹੈ, ਜਿਸ ਵਿਚ ਖੇਤੀ ਪ੍ਰਬੰਧ, ਭਾਸ਼ਾਈ ਪਛਾਣ, ਧਾਰਮਿਕ ਪ੍ਰੰਪਰਾਵਾਂ, ਪਰਵਾਸ ਅਤੇ ਸਿਆਸੀ ਸੰਘਰਸ਼ਾਂ ਦਾ ਲੰਮਾ ਤਜ਼ਰਬਾ ਸ਼ਾਮਲ ਹੈ। ਅਜਿਹੇ ਮਾਹੌਲ ਵਿਚ, ਮਨੁੱਖੀ ਸਮਝ ਅਤੇ ਮਸ਼ੀਨੀ ਵਿਸ਼ਲੇਸ਼ਣ ਦਾ ਮੇਲ ਪਛਾਣ, ਸ਼ਕਤੀ ਅਤੇ ਸਿਆਸੀ ਕਿਰਿਆ ਦੇ ਭਵਿੱਖ ਬਾਰੇ ਨਵੇਂ ਸਵਾਲ ਖੜ੍ਹੇ ਕਰਦਾ ਹੈ।

## ਡਾਟਾ ਤੋਂ ਪਰੇ ਪਛਾਣ

ਪੰਜਾਬ ਵਿਚ ਮਨੁੱਖੀ ਬੁੱਧੀ ਨੇ ਸਦਾ ਤੋਂ ਸਮੂਹਿਕ ਯਾਦ, ਤਜ਼ਰਬੇ ਅਤੇ ਭਾਈਚਾਰਕ ਸੋਚ ਰਾਹੀਂ ਕੰਮ ਕੀਤਾ ਹੈ। ਪੰਜਾਬੀ ਸੂਬਾ ਮੋਰਚਾ ਹੋਵੇ ਜਾਂ ਕਿਸਾਨ ਅੰਦੋਲਨ — ਇਹ ਸਭ ਕੇਵਲ ਲੋੜ-ਮੁਥਾਜੀ ਕਰਕੇ ਨਹੀਂ, ਸਗੋਂ ਪਛਾਣ, ਸ਼ਾਨ ਅਤੇ ਤਵਾਰੀਖ਼ੀ ਚੇਤਨਾ ਦੇ ਆਧਾਰ 'ਤੇ ਉਠੇ ਸਨ। 75 ਸਾਲ ਪਹਿਲਾਂ ਪੰਜਾਬੀ-ਬੋਲਦਾ ਸੂਬਾ ਬਣਾਉਣ ਦੀ ਮੰਗ ਮਾਮੂਲੀ ਸਿਆਸੀ ਮੰਗ ਨਹੀਂ ਸੀ, ਸਗੋਂ ਇੱਕ ਸੱਭਿਆਚਾਰਕ ਅਤੇ ਸੱਭਿਅਤਾ ਨਾਲ ਜੁੜੀ ਪੁਕਾਰ ਸੀ। ਇਹ ਸਾਡੀ ਪਛਾਣ, ਸਾਡੀ ਸ਼ਾਨ ਅਤੇ ਆਪਣੀ ਕਿਸਮਤ ਆਪ ਬਣਾਉਣ ਦੇ ਅਧਿਕਾਰ ਦੀ ਗੱਲ ਸੀ।

ਇਸ ਦੇ ਉਲਟ, ਏ.ਆਈ. ਪੰਜਾਬੀ ਸਮਾਜ ਨੂੰ ਡਾਟਾ ਰਾਹੀਂ ਸਮਝਣ ਦੀ ਕੋਸ਼ਿਸ਼ ਕਰਦਾ ਹੈ। ਇਹ ਗੁੰਝਲਦਾਰ ਸਮਾਜਿਕ ਅਸਲੀਅਤਾਂ ਨੂੰ ਵੋਟਿੰਗ ਪੈਟਰਨ, ਸੋਸ਼ਲ ਮੀਡੀਆ ਭਾਵਨਾਵਾਂ, ਜਨਸੰਖਿਆ ਖੰਡਾਂ ਅਤੇ ਖਪਤ ਦੇ ਵਰਤਾਰਿਆਂ ਵਿਚ ਤਬਦੀਲ ਕਰ ਦਿੰਦਾ ਹੈ। ਪੰਜਾਬ ਦੀਆਂ ਹਾਲੀਆ ਚੋਣਾਂ ਵਿਚ, ਏ.ਆਈ. ਸਹਾਇਤਾ ਨਾਲ ਹਲਕਿਆਂ ਦਾ ਵਿਸ਼ਲੇਸ਼ਣ, ਸਵਿੰਗ ਵੋਟਰਾਂ ਦੀ ਪਛਾਣ ਅਤੇ ਟੀਚਾ-ਮੁਖੀ ਚੋਣ ਮੁਹਿੰਮਾਂ ਚਲਾਈਆਂ ਗਈਆਂ। ਏ.ਆਈ. ਸਿਰਫ਼ ਸੰਬੰਧ (ਕੋਰੀਲੇਸ਼ਨ) ਦੱਸ ਸਕਦਾ ਹੈ, ਜਿਵੇਂ ਕਿ ਲਾਭ ਪ੍ਰਾਪਤੀ ਅਤੇ ਵੋਟਿੰਗ ਵਿਚਕਾਰ ਸਬੰਧ — ਪਰ ਇਹ ਸਿਆਸੀ ਚੋਣ ਦੇ ਡੂੰਘੇ ਅਰਥਾਂ, ਜਿਵੇਂ ਕਿ ਕੇਂਦਰੀਕਰਨ ਪ੍ਰਤੀ ਰੋਹ ਜਾਂ ਖੇਤਰੀ ਸ਼ਾਨ ਦੀ ਅਭਿਲਾਸ਼ਾ ਨੂੰ ਨਹੀਂ ਸਮਝ ਸਕਦਾ। ਇਹ ਅੰਤਰ ਉੱਥੇ ਮਹੱਤਵਪੂਰਨ ਹੋ ਜਾਂਦਾ ਹੈ, ਜਿੱਥੇ ਪਛਾਣ ਆਪਣੇ ਆਪ ਵਿਚ ਬਹਿਸ ਦਾ ਵਿਸ਼ਾ ਅਤੇ ਨਿਰੰਤਰ ਬਦਲ ਰਹੀ ਹੈ। ਪੰਜਾਬੀ ਪਛਾਣ ਭਾਸ਼ਾ, ਪਰਵਾਸੀ ਸੰਬੰਧਾਂ, ਖੇਤੀ ਅਰਥਚਾਰੇ ਅਤੇ ਤਵਾਰੀਖ਼ੀ ਸ਼ਿਕਾਇਤਾਂ ਨਾਲ ਘੁਲੀ-ਮਿਲੀ ਹੈ। ਏ.ਆਈ. ਅਕਸਰ ਅਜਿਹੇ ਮੁੱਦਿਆਂ ਨੂੰ ਸਿਰਫ਼ ਨੀਤੀ ਦੇ ਆਧਾਰ 'ਤੇ ਦੇਖਦਾ ਹੈ, ਜਦੋਂ ਕਿ ਮਨੁੱਖੀ ਬੁੱਧੀ ਇਨ੍ਹਾਂ ਨੂੰ ਪਛਾਣ ਦੇ ਪ੍ਰਤੀਕ ਵਜੋਂ ਪਛਾਣਦੀ ਹੈ।

## ਭਵਿੱਖਬਾਣੀ ਦੀਆਂ ਸੀਮਾਵਾਂ

ਸਮਾਜਿਕ ਵਿਗਿਆਨਾਂ ਵਿਚ ਕਿਸੇ ਇੱਕ ਸਿਧਾਂਤ ਦੀ ਘਾਟ ਪੰਜਾਬ ਵਿਚ ਖਾਸ ਕਰਕੇ ਦਿਖਦੀ ਹੈ। ਸਿਆਸੀ ਵਿਵਹਾਰ ਨੂੰ ਕਈ ਪੱਖਾਂ ਤੋਂ ਦੇਖਿਆ ਜਾ ਸਕਦਾ ਹੈ: ਖੇਤੀ ਅਰਥਚਾਰੇ ਦਾ ਪਤਨ (ਘਟਦੀ ਆਮਦਨ, ਐੱਮ.ਐੱਸ.ਪੀ. 'ਤੇ ਨਿਰਭਰਤਾ), ਪਛਾਣ ਦੀ ਸਿਆਸਤ (ਪੰਜਾਬੀ ਭਾਸ਼ਾ ਅਤੇ ਸੱਭਿਆਚਾਰ), ਲੋਕਪ੍ਰਿਅਤਾਵਾਦੀ ਭਲਾਈ ਸਿਆਸਤ (ਮੁਫ਼ਤ ਬਿਜਲੀ, ਸਬਸਿਡੀਆਂ) ਅਤੇ ਸੰਘੀ ਤਣਾਅ (ਕੇਂਦਰ-ਰਾਜ ਸਬੰਧ)।

ਮਨੁੱਖੀ ਬੁੱਧੀ ਇਨ੍ਹਾਂ ਵਿਰੋਧੀ ਢਾਂਚਿਆਂ ਨੂੰ ਸਮਝਦੀ ਹੈ। ਏ.ਆਈ. ਅਕਸਰ ਡੂੰਘੀ ਸਿਧਾਂਤਕ ਸਮਝ ਨਾਲੋਂ ਭਵਿੱਖਬਾਣੀ ਨੂੰ ਤਰਜੀਹ ਦਿੰਦਾ ਹੈ — ਭਾਵੇਂ ਇਹ ਚੋਣ ਨਤੀਜੇ ਠੀਕ ਲਗਾ ਸਕਦਾ ਹੈ, ਪਰ ਇਹ ਵੱਖ-ਵੱਖ ਸਿਧਾਂਤਾਂ ਨੂੰ ਮਿਲਾ ਕੇ ਸਮਾਜ ਦੀ ਪੂਰੀ ਤਸਵੀਰ ਨਹੀਂ ਪੇਸ਼ ਕਰ ਸਕਦਾ।

ਪੰਜਾਬੀ ਸਮਾਜ 'ਤੇ ਏ.ਆਈ. ਦਾ ਪ੍ਰਭਾਵ ਦੋ-ਧਾਰੀ ਹੈ: ਇਕ ਪਾਸੇ ਇਹ ਵਿਸ਼ਾਲ ਪੈਮਾਨੇ ਦਾ ਵਿਸ਼ਲੇਸ਼ਣ ਸੰਭਵ ਬਣਾਉਂਦਾ ਹੈ, ਦੂਜੇ ਪਾਸੇ ਇਹ ਗੁੰਝਲਦਾਰੀ ਨੂੰ ਘਟਾ ਕੇ ਸਮਤਲ ਕਰ ਦੇਣ ਦਾ ਖ਼ਤਰਾ ਵੀ ਰੱਖਦਾ ਹੈ। ਮਿਸਾਲ ਵਜੋਂ, ਕਿਸਾਨ ਅੰਦੋਲਨ ਨੂੰ ਸਿਰਫ਼ ਹਿੱਸਾ ਲੈਣ ਵਾਲਿਆਂ ਦੇ ਅੰਕੜਿਆਂ ਜਾਂ ਸੋਸ਼ਲ ਮੀਡੀਆ ਦੇ ਰੁਝਾਨਾਂ ਤੋਂ ਨਹੀਂ ਸਮਝਿਆ ਜਾ ਸਕਦਾ — ਇਹ ਅਰਥਚਾਰੇ ਅਤੇ ਜ਼ਿੰਦਗੀ ਦੇ ਡੂੰਘੇ ਸੰਕਟ ਨੂੰ ਦਰਸਾਉਂਦਾ ਹੈ।

## ਅੰਦੋਲਨ ਅਤੇ ਸੰਘਰਸ਼

ਅੰਦੋਲਨ ਲੋਕਾਂ ਨੂੰ ਇਕੱਠਾ ਕਰਨ ਦਾ ਸੰਵੇਦਨਸ਼ੀਲ ਅਤੇ ਤਾਕਤਵਰ ਹਥਿਆਰ ਹੈ। ਇਹ ਨਾ ਸਿਰਫ਼ ਅਸਹਿਮਤੀ ਜ਼ਾਹਰ ਕਰਨ ਦਾ ਸਾਧਨ ਹੈ, ਸਗੋਂ ਬਦਲਾਅ ਲਿਆਉਣ ਦੀ ਸ਼ਕਤੀ ਵੀ ਰੱਖਦਾ ਹੈ। ਪਰ ਅੰਦੋਲਨ ਦੀ ਵਰਤੋਂ ਲੋਕ ਰਾਏ ਵਿਚ ਗੜਬੜ ਕਰਨ, ਗ਼ਲਤ ਜਾਣਕਾਰੀ ਫੈਲਾਉਣ ਅਤੇ ਹਿੰਸਾ ਭੜਕਾਉਣ ਲਈ ਵੀ ਹੋ ਸਕਦੀ ਹੈ। ਪੰਜਾਬੀ ਸਮਾਜ ਵਿਚ ਅੰਦੋਲਨ ਦੀ ਭੂਮਿਕਾ ਗੁੰਝਲਦਾਰ ਅਤੇ ਬਹੁ-ਪੱਖੀ ਹੈ।

## ਹੱਕ ਤੋਂ ਸਮਰੱਥਾ ਵੱਲ

ਇੱਕ ਹੋਰ ਅਹਿਮ ਮੁੱਦਾ ਸਿਆਸੀ ਕਿਰਿਆ ਵਿਚ ਤਬਦੀਲੀ ਹੈ। ਪ੍ਰੰਪਾਰਿਕ ਪੰਜਾਬੀ ਸਿਆਸਤ ਵਿਚ ਸਿੱਧੀ ਰੁਝੇਵਾਂ, ਭਾਈਚਾਰਕ ਮੀਟਿੰਗਾਂ, ਨੈੱਟਵਰਕ ਅਤੇ ਨਿੱਜੀ ਅਗਵਾਈ ਹੁੰਦੀ ਸੀ। ਏ.ਆਈ. ਦੇ ਪ੍ਰਚਾਰ ਨਾਲ ਸਿਆਸਤ ਵਧੇਰੇ ਪ੍ਰਬੰਧਕੀ ਅਤੇ ਡਾਟਾ-ਚਾਲਿਤ ਹੋਣ ਦੇ ਖ਼ਤਰੇ ਵਿਚ ਹੈ, ਜਿੱਥੇ "ਜਿੱਤਣਯੋਗਤਾ" ਨੂੰ ਵਿਚਾਰਧਾਰਾ ਜਾਂ ਨੈਤਿਕ ਵਚਨਬੱਧਤਾ ਤੋਂ ਉਤਾਂਹ ਰੱਖਿਆ ਜਾਂਦਾ ਹੈ। ਪਹਿਲਾਂ ਪਛਾਣ, ਸ਼ਾਨ ਅਤੇ ਸੰਸਥਾਗਤ ਅਧਿਕਾਰਾਂ 'ਤੇ ਜ਼ੋਰ ਸੀ, ਹੁਣ ਤੁਰੰਤ ਲਾਭ (ਸਬਸਿਡੀ, ਕਰਜ਼ਾ ਮੁਆਫ਼ੀ) ਆਮ ਗੱਲ ਬਣ ਗਈ ਹੈ।

ਐੱਚ.ਆਈ. ਅਤੇ ਏ.ਆਈ. ਰਲ਼ ਕੇ ਇੱਕ ਸੰਤੁਲਿਤ ਪਹੁੰਚ ਅਪਣਾ ਸਕਦੇ ਹਨ। ਸਹੀ ਸਮੂਹਾਂ ਦੀ ਪਛਾਣ ਕਰਕੇ, ਰਾਜ ਨਿਸ਼ਾਨਾ-ਮੁਖੀ ਸਹਾਇਤਾ ਕਰ ਸਕਦਾ ਹੈ ਅਤੇ ਲੰਮੀ ਮਿਆਦ ਦੀ ਸਮਰੱਥਾ — ਸਿੱਖਿਆ, ਬੁਨਿਆਦੀ ਢਾਂਚਾ, ਅਰਥਚਾਰੇ ਵਿਚ ਵਿਭਿੰਨਤਾ — ਵਿਚ ਨਿਵੇਸ਼ ਕਰ ਸਕਦਾ ਹੈ। ਇਹ "ਹੱਕ-ਰਾਜਨੀਤੀ" ਤੋਂ "ਸਮਰੱਥਾ-ਰਾਜਨੀਤੀ" ਵੱਲ ਤਬਦੀਲੀ ਹੈ।

ਪੰਜਾਬ ਦਾ ਸਿਆਸੀ ਭਵਿੱਖ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਉਹ ਆਪਣੀਆਂ ਪ੍ਰੰਪਾਰਿਕ ਤਾਕਤਾਂ ਨੂੰ ਆਧੁਨਿਕ ਸਾਧਨਾਂ ਨਾਲ ਜੋੜ ਸਕਦਾ ਹੈ। ਮਨੁੱਖੀ ਬੁੱਧੀ ਇਹ ਯਕੀਨੀ ਬਣਾਉਂਦੀ ਹੈ ਕਿ ਸਿਆਸਤ ਹਕੀਕਤ ਅਤੇ ਕਦਰਾਂ-ਕੀਮਤਾਂ ਨਾਲ ਜੁੜੀ ਰਹੇ, ਜਦਕਿ ਏ.ਆਈ. ਇਸ ਨੂੰ ਸੂਚਿਤ, ਕੁਸ਼ਲ ਅਤੇ ਅਗਾਂਹ-ਵਧੂ ਬਣਾਉਂਦਾ ਹੈ।

# ਸੁਨਹਿਰੀ ਕਣਕ ਦੀ ਕਹਾਣੀ: ਪੁਰਾਣੇ ਰਿਵਾਜ਼ਾਂ ਤੋਂ ਮਸ਼ੀਨੀ ਯੁੱਗ ਤੱਕ ਵੱਡਾ ਬਦਲਾਅ

ਡਾ. ਵਿਜੈ ਗਰਗ
ਸੇਵਾਮੁਕਤ ਪ੍ਰਿੰਸੀਪਲ ਕਾਲਮਨਵੀਸ, ਉੱਘੇ ਸਿੱਖਿਆ ਸ਼ਾਸਤਰੀ ਗਲੀ ਕੌਰ ਚੰਦ ਐੱਮ.ਐੱਚ.ਆਰ. ਮਲੋਟ ਪੰਜਾਬ
ਪੰਜਾਬ ਮੇਲ USA



ਕਣਕ ਪੰਜਾਬ ਦੀ ਧਰਤੀ ਦੀ ਸ਼ਾਨ ਹੈ। ਜਦੋਂ ਖੇਤਾਂ ਵਿਚ ਸੁਨਹਿਰੀ ਬਾਲੀਆਂ ਹੌਲੇ-ਹੌਲੇ ਹਵਾ ਨਾਲ ਝੂਮਦੀਆਂ ਹਨ, ਤਾਂ ਇਹ ਦ੍ਰਿਸ਼ ਕਿਸਾਨ ਦੀ ਸਾਲ ਭਰ ਦੀ ਮਿਹਨਤ ਦਾ ਪ੍ਰਤੀਕ ਬਣ ਜਾਂਦਾ ਹੈ। ਕਣਕ ਸਿਰਫ਼ ਇੱਕ ਫਸਲ ਨਹੀਂ, ਸਗੋਂ ਸਾਡੀ ਸੰਸਕ੍ਰਿਤੀ, ਰਿਵਾਜ਼ਾਂ ਅਤੇ ਜੀਵਨ-ਧਾਰਾ ਨਾਲ ਜੁੜੀ ਹੋਈ ਕਹਾਣੀ ਹੈ।

ਪੁਰਾਣੇ ਸਮਿਆਂ ਵਿਚ ਕਣਕ ਦੀ ਖੇਤੀ ਪੂਰੀ ਤਰ੍ਹਾਂ ਪ੍ਰੰਪਰਾਗਤ ਢੰਗ ਨਾਲ ਹੁੰਦੀ ਸੀ। ਬੀਜ ਬੋਣ ਤੋਂ ਲੈ ਕੇ ਕਟਾਈ ਤੱਕ ਹਰ ਕੰਮ ਹੱਥਾਂ ਨਾਲ ਕੀਤਾ ਜਾਂਦਾ ਸੀ। ਹਲ ਨਾਲ ਜ਼ਮੀਨ ਜੋਤੀ ਜਾਂਦੀ, ਬੀਜ ਛਿੜਕੇ ਜਾਂਦੇ ਅਤੇ ਪਾਣੀ ਦੇਣ ਲਈ ਨਹਿਰਾਂ ਜਾਂ ਕੂਆਂ ਦਾ ਸਹਾਰਾ ਲਿਆ ਜਾਂਦਾ ਸੀ। ਕਟਾਈ ਦੇ ਸਮੇਂ ਪਰਿਵਾਰ ਦੇ ਸਾਰੇ ਮੈਂਬਰ ਇਕੱਠੇ ਹੋ ਕੇ ਦਰਾਂਤੀਆਂ ਨਾਲ ਕਣਕ ਕੱਟਦੇ ਸਨ। ਇਹ ਸਮਾਂ ਸਿਰਫ਼ ਮਿਹਨਤ ਦਾ ਨਹੀਂ, ਸਗੋਂ ਖੁਸ਼ੀ ਅਤੇ ਮਿਲਾਪ ਦਾ ਵੀ ਹੁੰਦਾ ਸੀ।

ਪੰਜਾਬ ਦੀ ਧਰਤੀ ਅਤੇ ਕਣਕ ਦਾ ਰਿਸ਼ਤਾ ਸਦੀਆਂ ਪੁਰਾਣਾ ਹੈ। ਜਿਸ ਨੂੰ ਅਸੀਂ ਅੱਜ 'ਸੋਨਾ' ਕਹਿੰਦੇ ਹਾਂ, ਉਸ ਨੇ ਬੀਤੇ ਕੁਝ ਦਹਾਕਿਆਂ ਵਿਚ ਇੱਕ ਲੰਮਾ ਅਤੇ ਦਿਲਚਸਪ ਸਫ਼ਰ ਤੈਅ ਕੀਤਾ ਹੈ। ਹਲ਼ਾਂ ਦੀਆਂ ਹੱਥੀਆਂ ਤੋਂ ਲੈ ਕੇ ਕੰਬਾਈਨਾਂ ਦੇ ਸ਼ੋਰ ਤੱਕ, ਕਣਕ ਦੀ ਕਹਾਣੀ ਮਨੁੱਖੀ ਮਿਹਨਤ ਅਤੇ ਵਿਗਿਆਨਕ ਤਰੱਕੀ ਦੀ ਇੱਕ ਅਦਭੁਤ ਮਿਸਾਲ ਹੈ।

## 1. ਪੁਰਾਣਾ ਦੌਰ: ਮਿਹਨਤ ਅਤੇ ਸਾਂਝ ਦਾ ਪ੍ਰਤੀਕ

ਪੁਰਾਣੇ ਸਮਿਆਂ ਵਿਚ ਕਣਕ ਦੀ ਖੇਤੀ ਸਿਰਫ਼ ਇੱਕ ਕਿੱਤਾ ਨਹੀਂ, ਸਗੋਂ ਇੱਕ ਤਿਉਹਾਰ ਵਾਂਗ ਹੁੰਦੀ ਸੀ। ਉਸ ਸਮੇਂ ਦੇ ਮੁੱਖ ਪਹਿਲੂ ਸਨ:



**ਬਲਦਾਂ ਦੀ ਜੋੜੀ:** ਖੇਤਾਂ ਦੀ ਵਾਹੀ ਲੱਕੜ ਦੇ ਹਲ਼ਾਂ ਅਤੇ ਬਲਦਾਂ ਦੀ ਮਦਦ ਨਾਲ ਕੀਤੀ ਜਾਂਦੀ ਸੀ। ਕਿਸਾਨ ਤੜਕੇ ਹਨੇਰੇ ਵਿਚ ਹੀ ਖੇਤਾਂ ਵੱਲ ਨਿਕਲ ਜਾਂਦੇ ਸਨ।

**ਹੱਥੀਂ ਬਿਜਾਈ:** ਬੀਜ ਨੂੰ ਹੱਥ ਨਾਲ ਛੱਟਾ ਦੇ ਕੇ ਜਾਂ 'ਪੋਰੇ' ਰਾਹੀਂ ਬੀਜਿਆ ਜਾਂਦਾ ਸੀ।

**ਦਾਤੀ ਦੀ ਗੂੰਜ:** ਵਾਢੀ ਦੇ ਦਿਨਾਂ ਵਿਚ ਪੂਰਾ ਪਿੰਡ ਇੱਕ-ਦੂਜੇ ਦੀ ਮਦਦ ਕਰਦਾ ਸੀ। ਦਾਤੀਆਂ ਨਾਲ ਲੰਮੀਆਂ ਲਾਈਨਾਂ ਵਿਚ ਲੱਗ ਕੇ ਕਣਕ ਵੱਢੀ ਜਾਂਦੀ ਸੀ ਅਤੇ 'ਭਰੀਆਂ' ਬੰਨ੍ਹੀਆਂ ਜਾਂਦੀਆਂ ਸਨ।

**ਫਲ੍ਹੇ ਅਤੇ ਪਿੜ:** ਕਣਕ ਨੂੰ ਕੱਢਣ ਲਈ ਬਲਦਾਂ ਦੇ ਪਿੱਛੇ ਫਲ੍ਹੇ ਬੰਨ੍ਹ ਕੇ ਗਾਹਿਆ ਜਾਂਦਾ ਸੀ ਅਤੇ ਫਿਰ ਹਵਾ ਦੇ ਰੁਖ਼ ਅਨੁਸਾਰ ਕਣਕ ਨੂੰ ਛੱਟ ਕੇ ਦਾਣੇ ਵੱਖ ਕੀਤੇ ਜਾਂਦੇ ਸਨ।

## 2. ਹਰਾ ਇਨਕਲਾਬ: ਇੱਕ ਵੱਡਾ ਮੋੜ

1960 ਦੇ ਦਹਾਕੇ ਵਿਚ ਆਏ ਹਰੇ ਇਨਕਲਾਬ ਨੇ ਸਭ ਕੁਝ ਬਦਲ ਦਿੱਤਾ। ਮੈਕਸੀਕਨ ਕਿਸਮਾਂ ਦੇ ਆਉਣ ਨਾਲ ਝਾੜ ਵਿਚ ਭਾਰੀ ਵਾਧਾ ਹੋਇਆ।

"ਭੁੱਖਮਰੀ ਦੇ ਡਰ ਤੋਂ ਨਿਕਲ ਕੇ ਭਾਰਤ ਅੰਨ ਦੇ ਭੰਡਾਰਾਂ ਨਾਲ ਭਰ ਗਿਆ ਅਤੇ ਇਸ ਦਾ ਸਭ ਤੋਂ ਵੱਡਾ ਸਿਹਰਾ ਪੰਜਾਬ ਦੇ ਕਿਸਾਨਾਂ ਸਿਰ ਬੱਝਾ।"

## 3. ਮਸ਼ੀਨੀ ਯੁੱਗ: ਰਫ਼ਤਾਰ ਅਤੇ ਸਹੂਲਤ

ਅੱਜ ਦੇ ਦੌਰ ਵਿਚ ਖੇਤੀ ਦਾ ਮੁਹਾਂਦਰਾ ਪੂਰੀ ਤਰ੍ਹਾਂ ਬਦਲ ਚੁੱਕਾ ਹੈ:

**ਟਰੈਕਟਰ ਅਤੇ ਸੁਪਰ ਸੀਡਰ:** ਹੁਣ ਹਫ਼ਤਿਆਂ ਦਾ ਕੰਮ ਘੰਟਿਆਂ ਵਿਚ ਹੋ ਜਾਂਦਾ ਹੈ। ਸੁਪਰ ਸੀਡਰ ਵਰਗੀਆਂ ਮਸ਼ੀਨਾਂ ਨਾਲ ਪਰਾਲੀ ਨੂੰ ਬਿਨਾਂ ਸਾੜੇ ਬਿਜਾਈ ਸੰਭਵ ਹੋ ਗਈ ਹੈ।

**ਕੰਬਾਈਨ ਹਾਰਵੈਸਟਰ:** ਜਿੱਥੇ ਪਹਿਲਾਂ ਵਾਢੀ ਅਤੇ ਗਹਾਈ ਲਈ ਮਹੀਨਾ ਲੱਗਦਾ ਸੀ, ਹੁਣ ਕੰਬਾਈਨਾਂ ਕੁਝ ਹੀ ਮਿੰਟਾਂ ਵਿਚ ਖੇਤ ਸਾਫ਼ ਕਰ ਦਿੰਦੀਆਂ ਹਨ।

**ਡਰੋਨ ਅਤੇ ਤਕਨੀਕ:** ਹੁਣ ਖਾਦਾਂ ਅਤੇ ਕੀਟਨਾਸ਼ਕਾਂ ਦਾ ਛਿੜਕਾਅ ਡਰੋਨਾਂ ਰਾਹੀਂ ਕਰਨ ਦੀ ਤਕਨੀਕ ਵੀ ਪੈਰ ਪਸਾਰ ਰਹੀ ਹੈ।

ਕਣਕ ਦੀ ਮੰਢਾਈ ਵੀ ਇੱਕ ਵੱਖਰੀ ਪ੍ਰਕਿਰਿਆ ਸੀ। ਬੱਲੀਆਂ ਨੂੰ ਇਕੱਠਾ ਕਰਕੇ ਬੈਲਾਂ ਨਾਲ ਰੌਂਦਾਇਆ ਜਾਂਦਾ ਸੀ, ਤਾਂ ਜੋ ਦਾਣੇ ਵੱਖ ਹੋ ਸਕਣ। ਇਸ ਤੋਂ ਬਾਅਦ ਹਵਾ ਵਿਚ ਸੁੱਟ ਕੇ ਭੂਸਾ ਅਤੇ ਦਾਣੇ ਅਲੱਗ ਕੀਤੇ ਜਾਂਦੇ ਸਨ। ਇਹ ਸਾਰੇ ਕੰਮ ਬਹੁਤ ਸਮਾਂ ਲੈਂਦੇ ਸਨ, ਪਰ ਇਸ ਵਿਚ ਇੱਕ ਸਾਂਝ ਅਤੇ ਸਹਿਯੋਗ ਦੀ ਭਾਵਨਾ ਵੀ ਹੁੰਦੀ ਸੀ।

ਮਸ਼ੀਨੀ ਯੁੱਗ ਦੇ ਆਉਣ ਨਾਲ ਕਣਕ ਦੀ ਖੇਤੀ ਵਿਚ ਵੱਡੇ ਬਦਲਾਅ ਆਏ ਹਨ। ਹੁਣ ਟਰੈਕਟਰਾਂ ਨਾਲ ਖੇਤ ਜੋਤੇ ਜਾਂਦੇ ਹਨ, ਸੀਡ ਡ੍ਰਿੱਲ ਨਾਲ ਬੀਜ ਬੋਏ ਜਾਂਦੇ ਹਨ ਅਤੇ ਕੰਬਾਈਨ ਹਾਰਵੇਸਟਰ ਨਾਲ ਕਟਾਈ ਤੇ ਮੰਢਾਈ ਇੱਕੋ ਵਾਰ ਵਿਚ ਹੋ ਜਾਂਦੀ ਹੈ। ਇਸ ਨਾਲ ਸਮਾਂ ਅਤੇ ਮਿਹਨਤ ਦੋਵੇਂ ਦੀ ਬਚਤ ਹੁੰਦੀ ਹੈ ਅਤੇ ਉਤਪਾਦਨ ਵਿਚ ਵੀ ਵਾਧਾ ਹੁੰਦਾ ਹੈ।

ਪਰ ਇਸ ਤਰੱਕੀ ਦੇ ਨਾਲ ਕੁਝ ਚੁਣੌਤੀਆਂ ਵੀ ਸਾਹਮਣੇ ਆਈਆਂ ਹਨ। ਮਸ਼ੀਨਾਂ ਦੀ ਵਰਤੋਂ ਨਾਲ ਖਰਚ ਵਧ ਗਿਆ ਹੈ ਅਤੇ ਛੋਟੇ ਕਿਸਾਨਾਂ ਲਈ ਇਹ ਮਸ਼ੀਨਾਂ ਖਰੀਦਣਾ ਆਸਾਨ ਨਹੀਂ। ਇਸ ਤੋਂ ਇਲਾਵਾ, ਰਸਾਇਣਿਕ ਖਾਦਾਂ ਅਤੇ ਕੀਟਨਾਸ਼ਕਾਂ ਦੇ ਵੱਧ ਵਰਤੋਂ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਅਤੇ ਵਾਤਾਵਰਣ 'ਤੇ ਵੀ ਅਸਰ ਪਿਆ ਹੈ।

ਅੱਜ ਲੋੜ ਹੈ ਕਿ ਅਸੀਂ ਪੁਰਾਣੇ ਰਿਵਾਜ਼ਾਂ ਅਤੇ ਨਵੀਂ ਤਕਨਾਲੋਜੀ ਵਿਚ ਸੰਤੁਲਨ ਬਣਾਈਏ। ਜਿੱਥੇ ਮਸ਼ੀਨਾਂ ਨਾਲ ਸਹੂਲਤ ਅਤੇ ਉਤਪਾਦਨ ਵਧਦਾ ਹੈ, ਉੱਥੇ ਸਾਨੂੰ ਪ੍ਰਾਕ੍ਰਿਤਿਕ ਤਰੀਕਿਆਂ ਅਤੇ ਮਿੱਟੀ ਦੀ ਸਿਹਤ ਨੂੰ ਵੀ ਮਹੱਤਵ ਦੇਣਾ ਚਾਹੀਦਾ ਹੈ।

ਅਖੀਰ ਵਿਚ, ਸੁਨਹਿਰੀ ਕਣਕ ਦੀ ਇਹ ਕਹਾਣੀ ਸਾਨੂੰ ਦੱਸਦੀ ਹੈ ਕਿ ਸਮੇਂ ਦੇ ਨਾਲ ਬਦਲਾਅ ਜ਼ਰੂਰੀ ਹੈ, ਪਰ ਆਪਣੀਆਂ ਜੜ੍ਹਾਂ ਅਤੇ ਪ੍ਰੰਪਰਾਵਾਂ ਨੂੰ ਨਹੀਂ ਭੁੱਲਣਾ ਚਾਹੀਦਾ। ਇਹੀ ਸੰਤੁਲਨ ਸਾਨੂੰ ਭਵਿੱਖ ਵਿਚ ਇੱਕ ਸਥਿਰ ਅਤੇ ਖੁਸ਼ਹਾਲ ਖੇਤੀ ਪ੍ਰਣਾਲੀ ਵੱਲ ਲੈ ਜਾ ਸਕਦਾ ਹੈ।

# ਵਿਸਾਖੀ 1978 ਵਾਲੇ ਦਿਨ ਵਾਪਰੇ ਸਿੱਖ ਸ਼ਹੀਦੀ ਸਾਕੇ ਦੀ ਦਾਸਤਾਨ

ਸੁਖਵਿੰਦਰ ਸਿੰਘ
ਮੁੱਲਾਂਪੁਰ
ਵ.ਅੱਪ +61-461-530-169
ਪੰਜਾਬ ਮੇਲ USA






ਸਿੱਖ ਇਤਿਹਾਸ ਸ਼ਹੀਦੀਆਂ ਨਾਲ ਭਰਿਆ ਪਿਆ ਹੈ। ਸਿੱਖਾਂ ਨੂੰ ਸਿੱਖੀ ਦੀ ਆਣ-ਸ਼ਾਨ ਖ਼ਾਤਰ ਸਮੇਂ ਦੀਆਂ ਹਕੂਮਤਾਂ ਜਿਵੇਂ ਅਹਿਮਦ ਸ਼ਾਹ ਅਬਦਾਲੀ ਵਰਗਿਆਂ ਨਾਲ ਟੱਕਰਾਂ ਲੈਣੀਆਂ ਪਈਆਂ। ਸਿੱਖ ਕੌਮ ਨੇ ਕਈ ਸੰਘਰਸ਼ ਸ਼ਾਂਤਮਈ ਰਹਿ ਕੇ ਕੀਤੇ ਪਰ ਅੱਗੋਂ ਸਮੇਂ ਦੀਆਂ ਸਰਕਾਰਾਂ ਅਤੇ ਉਨ੍ਹਾਂ ਦੀ ਸ਼ਹਿ ਪ੍ਰਾਪਤ ਗੁਰੂ ਘਰਾਂ ਦੇ ਦੋਖੀਆਂ ਨੇ ਨਿਹੱਥੇ ਸਿਦਕਵਾਨ ਸਿੰਘਾਂ ਨੂੰ ਗੋਲੀਆਂ ਮਾਰ ਸ਼ਹੀਦ ਕੀਤਾ, ਜਿਵੇਂ ਜੈਤੋਂ ਦਾ ਮੋਰਚਾ, ਪਾਉਂਟਾ ਸਾਹਿਬ ਦਾ ਸਾਕਾ, ਸ੍ਰੀ ਨਨਕਾਣਾ ਸਾਹਿਬ ਦਾ ਸਾਕਾ ਆਦਿ। ਅਜਿਹਾ ਹੀ ਖਾਲਸੇ ਦੇ ਜਨਮ ਦਿਹਾੜੇ ਵਾਲੇ ਦਿਨ ਸ੍ਰੀ ਅੰਮ੍ਰਿਤਸਰ ਵਿਖੇ ਇਕ ਦਰਦਨਾਕ ਸ਼ਹੀਦੀ ਸਾਕਾ ਵਾਪਰਿਆ, ਜਿਸ ਵਿਚ ਰੋਸ ਪ੍ਰਗਟ ਕਰ ਰਹੇ ਨਿਹੱਥੇ ਸਿੰਘਾਂ ਨੂੰ ਸ਼ਹੀਦ ਕੀਤਾ ਗਿਆ!

13 ਅਪ੍ਰੈਲ 1978 ਨੂੰ ਵਿਸਾਖੀ ਵਾਲੇ ਦਿਨ ਨਿਰੰਕਾਰੀ ਮਿਸ਼ਨ ਨੇ ਅੰਮ੍ਰਿਤਸਰ ਵਿਖੇ ਇਕ ਵਿਸ਼ਾਲ ਸਮਾਗਮ ਕਰਨਾ ਚਾਹਿਆ। ਇਹ ਸਮਾਗਮ ਸਰਕਾਰੀ ਮਦਦ ਨਾਲ ਰੇਲਵੇ ਵਿਭਾਗ ਦੀ ਬੀ-ਬਲਾਕ ਰਹਾਇਸ਼ੀ ਕਲੋਨੀ ਲਾਗੇ ਖੁੱਲ੍ਹੀ ਗਰਾਉਂਡ (ਸਰਕਾਰੀ ਥਾਂ) ਵਿਚ ਕੀਤਾ ਗਿਆ। ਇਸ ਸਮਾਗਮ ਨੂੰ ਨੇਪਰੇ ਚਾੜ੍ਹਨ ਲਈ ਬਿਜਲੀ ਪਾਣੀ ਅਤੇ ਹੋਰ ਲੋੜੀਂਦਾ ਪ੍ਰਬੰਧ ਸਰਕਾਰ ਨੇ ਮੋਟੀਆਂ ਰਕਮਾਂ ਖਰਚ ਕੇ ਕੀਤਾ।

ਸਮਾਗਮ ਕਰਨ ਤੋਂ ਪਹਿਲਾਂ ਸਮਾਗਮ ਦੇ ਸਬੰਧ ਵਿਚ ਨਿਰੰਕਾਰੀ ਮੁੱਖੀ ਦੀਆਂ ਤਸਵੀਰਾਂ ਲਗਾ ਕੇ ਵੱਡੇ-ਵੱਡੇ ਇਸ਼ਤਿਹਾਰ ਅਖ਼ਬਾਰਾਂ ਵਿਚ ਲਗਵਾਏ ਗਏ। ਅੰਮ੍ਰਿਤਸਰ ਸ਼ਹਿਰ ਦੇ ਬਾਜ਼ਾਰ ਅਤੇ ਚੌਂਕ ਵੀ ਬੈਨਰਾਂ ਨਾਲ ਭਰੇ ਪਏ ਸਨ। ਇਸ ਤਰ੍ਹਾਂ ਸਮਾਗਮ ਦਾ ਜੰਗੀ ਪੱਧਰ 'ਤੇ ਪ੍ਰਚਾਰ ਕਰਕੇ ਲੋਕ ਲਹਿਰ ਬਣਾਕੇ ਲੋਕਾਂ ਨੂੰ ਸਮਾਗਮ ਵਿਚ ਆਉਣ ਦਾ ਖੁੱਲ੍ਹਾ ਸੱਦਾ ਦਿੱਤਾ ਗਿਆ। ਜਨਸੰਘੀ ਲੀਡਰਾਂ, ਮਹਾਸ਼ਾ ਪ੍ਰੈੱਸ ਦੇ ਮਾਲਕਾਂ ਅਤੇ ਇਕ ਕਾਂਗਰਸੀ ਲੀਡਰ ਨੂੰ ਵੀ ਸਪੈਸ਼ਲ ਤੌਰ 'ਤੇ ਸਮਾਗਮ ਵਿਚ ਬੁਲਾਇਆ ਗਿਆ।

ਵਿਸਾਖੀ ਵਾਲੇ ਦਿਨ ਸਮਾਗਮ ਕਰਨ ਤੋਂ ਪਹਿਲਾਂ ਆਪਣਾ ਸ਼ਕਤੀ ਪ੍ਰਦਰਸ਼ਨ ਕਰਨ ਲਈ ਨਿਰੰਕਾਰੀਆਂ ਨੇ ਇਕ ਵਿਸ਼ਾਲ ਜਲੂਸ ਕੱਢਿਆ। ਜਿਸ ਵਿਚ ਨਿਰੰਕਾਰੀ ਬਾਬਾ ਇਕ ਰੱਥ ਉਪਰ ਆਪਣੀ ਪਤਨੀ ਨਾਲ ਸੱਜਿਆ ਬੈਠਾ ਸੀ, ਉਸ ਦੇ ਅੱਗੇ ਉਸ ਦੀ ਉਸਤਤੀ ਅਤੇ ਗੁਰੂ ਸਾਹਿਬਾਨਾਂ ਦੇ ਨਿਰਾਦਰੀ ਭਰੇ ਬੈਨਰ ਲੱਗੇ ਹੋਏ ਸਨ। ਇਸ ਜਲੂਸ ਵਿਚ ਸਿੱਖ ਹਿਰਦਿਆਂ ਨੂੰ ਵਲੂੰਧਰਨ ਵਾਲੇ ਨਾਹਰੇ ਲਾਏ ਜਾ ਰਹੇ ਸਨ। ਸਿੱਖ ਗੁਰੂਆਂ ਦੇ ਹੁੰਦੇ ਅਪਮਾਨ ਦੀਆਂ ਖਬਰਾਂ ਸਿੱਖ ਹਲਕਿਆਂ ਵਿਚ ਇਕਦਮ ਫੈਲ ਗਈਆਂ।

ਸੰਤ ਬਾਬਾ ਜਰਨੈਲ ਸਿੰਘ ਜੀ ਜੱਥਾ ਭਿੰਡਰਾਂ ਜੋ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਵਿਸਾਖੀ ਦਿਹਾੜੇ ਦੇ ਸਬੰਧ ਵਿਚ ਕਥਾ ਸਮਾਪਤ ਕਰਕੇ ਹਟੇ, ਤਾਂ ਉਨ੍ਹਾਂ ਨੂੰ ਸਿੱਖ ਗੁਰੂਆਂ ਦੀ ਹੋ ਰਹੀ ਨਿਰਾਦਰੀ ਦੀ ਖ਼ਬਰ ਦੱਸੀ ਗਈ।

ਪੰਜਾਬ ਵਿਚ ਅਕਾਲੀ ਸਰਕਾਰ 1977 ਵਿਚ ਬਣੀ, ਜਿਸ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਸਨ। ਸਰਕਾਰ ਨੇ ਆਪਣੇ ਲੀਡਰਾਂ ਅਤੇ ਮੰਤਰੀਆਂ ਨੂੰ ਵੱਖ-ਵੱਖ ਸ਼ਹਿਰਾਂ ਵਿਚ ਵਿਸਾਖੀ ਦਿਹਾੜੇ ਦੇ ਸਬੰਧ ਵਿਚ ਨਿਯੁਕਤ ਕੀਤਾ ਗਿਆ ਸੀ। ਇਸ ਤਰ੍ਹਾਂ ਜੀਵਨ ਸਿੰਘ ਉਮਰਾਨੰਗਲ ਨੂੰ ਅੰਮ੍ਰਿਤਸਰ ਨਿਯੁਕਤ ਕੀਤਾ ਗਿਆ। ਦੀਵਾਨ ਹਾਲ ਮੰਜੀ ਸਾਹਿਬ ਵਾਲੀ ਸਟੇਜ 'ਤੇ ਸੰਤ ਜਰਨੈਲ ਸਿੰਘ ਜੀ ਕੋਲ ਉਮਰਾਨੰਗਲ ਬੈਠਾ ਸੀ। ਸੰਤਾਂ ਨੇ ਇਹ ਦੁੱਖਦਾਈ ਖ਼ਬਰ ਸੁਣਕੇ ਉਮਰਾਨੰਗਲ ਨੂੰ ਕਿਹਾ, ਜੋ ਕੂੜ ਪ੍ਰਚਾਰ ਹੋ ਰਿਹਾ ਹੈ, ਪ੍ਰਸ਼ਾਸ਼ਨ ਨੂੰ ਆਖ ਬੰਦ ਕਰਵਾ ਦਿੱਤਾ ਜਾਵੇ। ਉਮਰਾਨੰਗਲ ਨੇ ਸੰਤਾਂ ਨੂੰ ਜਵਾਬ ਦਿੰਦਿਆ ਕਿਹਾ, ਇਹ ਸਮਾਗਮ ਪੁਲਿਸ ਅਤੇ ਪ੍ਰਸ਼ਾਸਨ ਦੀ ਮਨਜ਼ੂਰੀ ਨਾਲ ਹੋ ਰਿਹਾ ਹੈ, ਇਸ ਵਿਚ ਮੈਂ ਕੁੱਝ ਨਹੀਂ ਕਰ ਸਕਦਾ। ਮੈਂ ਤਾਂ ਮਾਲ ਮੰਤਰੀ ਹਾਂ, ਗ੍ਰਹਿ ਮੰਤਰੀ ਦਾ ਮਹਿਕਮਾਂ ਪ੍ਰਕਾਸ਼ ਸਿੰਘ ਬਾਦਲ ਕੋਲ ਹੈ। ਉਮਰਾਨੰਗਲ ਵਲੋਂ ਜਵਾਬ ਦੇਣ 'ਤੇ ਸੰਤਾਂ ਦਾ ਉਸ ਨਾਲ ਕੁਝ ਤਕਰਾਰ ਵੀ ਹੋਇਆ। ਸੰਤ ਜੀ ਨੇ ਕਿਹਾ, ਜੋ ਗੁਰੂ ਕਰੇਗਾ ਭਲੀ ਕਰੇਗਾ, ਆਖ ਉੱਥੋਂ ਉੱਠ ਕੇ ਆਪਣੀ ਰਿਹਾਇਸ਼ ਗੁਰੂ ਰਾਮਦਾਸ ਸਰਾਂ ਹਾਲ ਵਿਖੇ ਆਪਣੇ ਸਾਥੀਆਂ ਨਾਲ ਵਿਚਾਰ ਕਰਨ ਚਲੇ ਗਏ।

ਪੰਜਾਬ ਵਿਚ ਅਕਾਲੀ ਸਰਕਾਰ 1977 ਵਿਚ ਬਣੀ, ਜਿਸ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਸਨ। ਸਰਕਾਰ ਨੇ ਆਪਣੇ ਲੀਡਰਾਂ ਅਤੇ ਮੰਤਰੀਆਂ ਨੂੰ ਵੱਖ-ਵੱਖ ਸ਼ਹਿਰਾਂ ਵਿਚ ਵਿਸਾਖੀ ਦਿਹਾੜੇ ਦੇ ਸਬੰਧ ਵਿਚ ਨਿਯੁਕਤ ਕੀਤਾ ਗਿਆ ਸੀ। ਇਸ ਤਰ੍ਹਾਂ ਜੀਵਨ ਸਿੰਘ ਉਮਰਾਨੰਗਲ ਨੂੰ ਅੰਮ੍ਰਿਤਸਰ ਨਿਯੁਕਤ ਕੀਤਾ ਗਿਆ। ਦੀਵਾਨ ਹਾਲ ਮੰਜੀ ਸਾਹਿਬ ਵਾਲੀ ਸਟੇਜ 'ਤੇ ਸੰਤ ਜਰਨੈਲ ਸਿੰਘ ਜੀ ਕੋਲ ਉਮਰਾਨੰਗਲ ਬੈਠਾ ਸੀ। ਸੰਤਾਂ ਨੇ ਇਹ ਦੁੱਖਦਾਈ ਖ਼ਬਰ ਸੁਣਕੇ ਉਮਰਾਨੰਗਲ ਨੂੰ ਕਿਹਾ, ਜੋ ਕੂੜ ਪ੍ਰਚਾਰ ਹੋ ਰਿਹਾ ਹੈ, ਪ੍ਰਸ਼ਾਸ਼ਨ ਨੂੰ ਆਖ ਬੰਦ ਕਰਵਾ ਦਿੱਤਾ ਜਾਵੇ। ਉਮਰਾਨੰਗਲ ਨੇ ਸੰਤਾਂ ਨੂੰ ਜਵਾਬ ਦਿੰਦਿਆ ਕਿਹਾ, ਇਹ ਸਮਾਗਮ ਪੁਲਿਸ ਅਤੇ ਪ੍ਰਸ਼ਾਸਨ ਦੀ ਮਨਜ਼ੂਰੀ ਨਾਲ ਹੋ ਰਿਹਾ ਹੈ, ਇਸ ਵਿਚ ਮੈਂ ਕੁੱਝ ਨਹੀਂ ਕਰ ਸਕਦਾ। ਮੈਂ ਤਾਂ ਮਾਲ ਮੰਤਰੀ ਹਾਂ, ਗ੍ਰਹਿ ਮੰਤਰੀ ਦਾ ਮਹਿਕਮਾਂ ਪ੍ਰਕਾਸ਼ ਸਿੰਘ ਬਾਦਲ ਕੋਲ ਹੈ। ਉਮਰਾਨੰਗਲ ਵਲੋਂ ਜਵਾਬ ਦੇਣ 'ਤੇ ਸੰਤਾਂ ਦਾ ਉਸ ਨਾਲ ਕੁਝ ਤਕਰਾਰ ਵੀ ਹੋਇਆ। ਸੰਤ ਜੀ ਨੇ ਕਿਹਾ, ਜੋ ਗੁਰੂ ਕਰੇਗਾ ਭਲੀ ਕਰੇਗਾ, ਆਖ ਉੱਥੋਂ ਉੱਠ ਕੇ ਆਪਣੀ ਰਿਹਾਇਸ਼ ਗੁਰੂ ਰਾਮਦਾਸ ਸਰਾਂ ਹਾਲ ਵਿਖੇ ਆਪਣੇ ਸਾਥੀਆਂ ਨਾਲ ਵਿਚਾਰ ਕਰਨ ਚਲੇ ਗਏ।

ਅਖੰਡ ਕੀਰਤਨੀ ਜੱਥੇ ਵਲੋਂ ਸ੍ਰੀ ਅੰਮ੍ਰਿਤਸਰ ਵਿਖੇ ਅਜੀਤ ਨਗਰ ਵਿਚ ਵਿਸਾਖੀ ਦੇ ਸਬੰਧ ਕਈ ਸਾਲਾਂ ਤੋਂ ਸਮਾਗਮ ਕਰਵਾਏ ਜਾਂਦੇ ਸਨ। ਇਸ ਵਾਰ ਇਹ ਸਮਾਗਮ ਖ਼ਾਲਸੇ ਦੇ ਜਨਮ ਦਿਹਾੜੇ 'ਤੇ ਭਾਈ ਰਣਧੀਰ ਸਿੰਘ ਜੀ ਦੀ ਜਨਮ ਸਤਾਬਦੀ ਨੂੰ ਮੁੱਖ ਰੱਖ ਕੇ ਵਿਸ਼ੇਸ਼ ਤੌਰ 'ਤੇ ਮਨਾਇਆ ਜਾ ਰਿਹਾ ਸੀ। ਅਖੰਡ ਕੀਰਤਨੀ ਜੱਥੇ ਦੇ ਚਲਦੇ ਸਮਾਗਮ ਵਿਚ ਸੰਤ ਜਰਨੈਲ ਸਿੰਘ ਜੀ ਵਲੋਂ ਭੇਜੇ ਭਾਈ ਕੇਸਰ ਸਿੰਘ ਜੀ ਰਾਹੀ ਅਖੰਡ ਕੀਰਤਨੀ ਜੱਥੇ ਦੇ ਸਿੰਘਾਂ ਨੂੰ ਸੁਨੇਹਾ ਆਇਆ ਕਿ ਗੁਰੂ ਜੀ ਦੀ ਨਗਰੀ ਵਿਚ ਨਿਰੰਕਾਰੀਆਂ ਵਲੋਂ ਸਿੱਖ ਵਿਰੋਧੀ ਕੂੜ ਪ੍ਰਚਾਰ ਬੰਦ ਕਰਵਾਉਣ ਲਈ ਤੁਹਾਨੂੰ ਸੰਤ ਬਾਬਾ ਜੀ ਨੇ ਬੁਲਾਇਆ ਹੈ। ਇਹ ਗੱਲ ਸੁਣਦੇ ਸਾਰ ਭਾਈ ਫ਼ੌਜਾ ਸਿੰਘ ਜੀ 60-70 ਸਿੰਘ ਆਪਣੇ ਨਾਲ ਲੈ ਕੇ ਗੁਰੂ ਰਾਮਦਾਸ ਸਰਾਂ ਵਿਚ ਸੰਤ ਜਰਨੈਲ ਸਿੰਘ ਜੀ ਪਾਸ ਪਹੁੰਚ ਗਏ। ਕੁੱਝ ਸਿੰਘ ਸੁਣਦੇ ਸਾਰ ਭਾਈ ਫ਼ੌਜਾ ਸਿੰਘ ਜੀ ਤੋਂ ਪਹਿਲਾਂ ਹੀ ਪਹੁੰਚ ਚੁੱਕੇ ਸਨ। ਆਪਸ ਵਿਚ ਜ਼ਰੂਰੀ ਵਿਚਾਰ-ਵਟਾਂਦਰੇ ਤੋਂ ਬਾਅਦ ਪੰਜ ਸਿੰਘਾਂ ਦੀ ਅਗਵਾਈ ਵਿਚ ਪੰਜ ਜੱਥੇ ਬਣਾਏ ਗਏ। ਹਰ ਜੱਥੇ ਦਾ ਇੱਕ ਜੱਥੇਦਾਰ ਥਾਪਿਆ ਗਿਆ। ਭਾਈ ਫ਼ੌਜਾ ਸਿੰਘ ਜੀ ਨੂੰ ਮੁੱਖ ਜੱਥੇਦਾਰ ਥਾਪਿਆ ਗਿਆ। ਢਾਈ-ਤਿੰਨ ਸੌ ਸਿੰਘ ਵਾਹਿਗੁਰੂ ਦਾ ਸਿਮਰਨ ਕਰਦੇ ਲੋਹਗੜ੍ਹ ਦੇ ਰਸਤੇ ਗੋਬਿੰਦਗੜ੍ਹ ਦੇ ਕਿਲ੍ਹੇ ਨੇੜੇ ਰੀਗੋ ਬ੍ਰਿਜ ਕੋਲ ਜਾ ਪਹੁੰਚੇ। ਅੱਗੋਂ ਪੁਲਿਸ ਦੀ ਅਗਵਾਈ ਕਰਦੇ ਪੁਲਿਸ ਇੰਸਪੈਕਟਰ ਅਨੂਪ ਸਿੰਘ ਨੇ

ਸੁਖਵਿੰਦਰ ਸਿੰਘ
ਮੁੱਲਾਂਪੁਰ
ਵ.ਅੱਪ +61-461-530-169
ਪੰਜਾਬ ਮੇਲ USA



ਪੁੱਛਿਆ, ਕਿੱਥੇ ਜਾ ਰਹੇ ਹੋ? ਭਾਈ ਫ਼ੌਜਾ ਸਿੰਘ ਨੇ ਦੱਸਿਆ, ਅਸੀਂ ਜਲਸੇ ਵਿਚ ਹੋ ਰਿਹਾ ਕੂੜ ਪ੍ਰਚਾਰ ਬੰਦ ਕਰਵਾਉਣ ਚੱਲੇ ਹਾਂ। ਅਨੂਪ ਸਿੰਘ ਨੇ ਕਿਹਾ, ਮੈਂ ਜਾਕੇ ਆਪ ਕਰਵਾ ਦਿੰਦਾ ਹੈ। ਉਹ ਸਿੰਘਾਂ ਨੂੰ ਤਿੰਨ ਕੁ ਸੌ ਗੱਜ ਦੀ ਦੂਰੀ 'ਤੇ ਰੋਕ ਕੇ ਆਪ ਪੰਡਾਲ ਵਿਚ ਚੱਲਿਆ ਗਿਆ। ਅਨੂਪ ਸਿੰਘ ਨਾਲ ਜਲਸੇ ਦੇ ਜ਼ਿੰਮੇਵਾਰ ਵਿਅਕਤੀਆਂ ਦੀ ਪਤਾ ਨਹੀਂ ਕੀ ਗੱਲ ਹੋਈ ਹੋਵੇਗੀ, ਉਸ ਨੇ ਆਕੇ ਕਿਹਾ, ਉਹ ਕਹਿੰਦੇ ਹਨ, ਅਸੀਂ ਪ੍ਰੋਗਰਾਮ ਹੁਣੇ ਬੰਦ ਕਰ ਦਿੰਦੇ ਹਾਂ।

ਨਿਰੰਕਾਰੀਆਂ ਨੇ ਪ੍ਰੋਗਰਾਮ ਬੰਦ ਕਰਨ ਦੀ ਬਜਾਏ ਲੜ੍ਹਾਈ ਕਰਨ ਦੀ ਤਿਆਰੀ ਵਿਚ ਜੋ ਬੰਦਿਆਂ ਨੂੰ ਨਾਲ ਲੈ ਕੇ ਆਏ ਸਨ, ਉਨ੍ਹਾਂ ਨੂੰ ਉਕਸਾਉਣਾ ਸ਼ੁਰੂ ਕਰ ਦਿੱਤਾ। ਇਕਦਮ ਹੀ ਪੰਡਾਲ ਵਿਚੋਂ ਉਨ੍ਹਾਂ ਦੇ ਪੰਜ-ਛੇ ਹਜ਼ਾਰ ਹਮਾਇਤੀਆਂ ਨੇ ਇੱਟਾਂ-ਵੱਟੇ, ਕੱਚ ਦੀਆਂ ਬੋਤਲਾਂ, ਤੇਜ਼ਾਬ, ਪ੍ਰੈਸ਼ਰ ਨਾਲ ਚੱਲਣ ਵਾਲੇ ਤੀਰਾਂ ਅਤੇ ਹੋਰ ਮਾਰੂ ਹਥਿਆਰ, ਰਾਇਫ਼ਲਾਂ ਨਾਲ ਸਿੱਖਾਂ 'ਤੇ ਹੱਲਾ ਬੋਲ ਦਿੱਤਾ। ਪੁਲਿਸ ਵੀ ਅੱਥਰੂ ਗੈਸ ਦੇ ਗੋਲੇ ਅਤੇ ਅਸਲੇ ਦੀਆਂ ਗੋਲੀਆਂ ਸਿੰਘਾਂ 'ਤੇ ਹੀ ਚਲਾ ਰਹੀ ਸੀ। ਇਸ ਹੱਲੇ ਵਿਚ ਜੱਥੇ ਦੇ ਮੁੱਖੀ ਭਾਈ ਫ਼ੌਜਾ ਸਿੰਘ ਸਮੇਤ ਤੇਰ੍ਹਾਂ ਸਿੰਘ ਗੋਲੀਆਂ ਦੀਆਂ ਬੁਛਾੜਾਂ ਨਾਲ ਸ਼ਹੀਦ ਹੋ ਗਏ ਅਤੇ ਸੱਤਰ-ਅੱਸੀ ਸਿੰਘ ਜ਼ਖ਼ਮੀ ਹੋ ਕੇ ਥੱਲੇ ਡਿੱਗ ਪਏ। ਮੁੱਖ ਮੰਤਰੀ ਨੇ ਨਿਰੰਕਾਰੀ ਮੁਖੀ ਨੂੰ ਇੱਕ ਪ੍ਰਾਈਵੇਟ ਕਾਰ ਵਿਚ ਬਿਠਾ ਕੇ ਦਿੱਲੀ ਭੇਜ ਦਿੱਤਾ। ਸਾਕਾ ਵਰਤਣ ਦੇ ਤਿੰਨ ਘੰਟੇ ਬਾਅਦ ਤੱਕ ਵੀ ਇਹ ਪ੍ਰੋਗਰਾਮ ਚਲਦਾ ਰਿਹਾ। ਸਿੰਘਾਂ ਦੀਆਂ ਸਿੱਖ ਧਰਮ ਲਈ ਦਿੱਤੀਆਂ ਕੁਰਬਾਨੀਆਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ।

# "ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ ॥ ਸਭ ਥਾਈਂ ਹੋਇ ਸਹਾਇ ॥"

## (405 ਸਾਲਾ ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼)

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪ੍ਰਕਾਸ਼ (5 ਵੈਸਾਖ 1678 ਬਿਕ੍ਰਮੀ ਸੰਮਤ) ਭਾਵ 1 ਅਪ੍ਰੈਲ ਸੰਨ 1621 ਈਸਵੀ ਨੂੰ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗ੍ਰਹਿ ਅਤੇ ਮਾਤਾ ਨਾਨਕੀ ਜੀ ਕੁੱਖ ਤੋਂ ਗੁਰੂ ਕੇ ਮਹਿਲ ਅੰਮ੍ਰਿਤਸਰ ਵਿਖੇ ਹੋਇਆ ਸੀ। ਆਪ ਜੀ ਛੇਵੇਂ ਪਾਤਸ਼ਾਹ ਜੀ ਦੇ ਸਭ ਤੋਂ ਛੋਟੇ ਸਪੁੱਤਰ ਸਨ। ਆਪ ਜੀ ਦਾ ਨਾਮ ਤਿਆਗ ਮਲ ਰੱਖਿਆ ਗਿਆ ਸੀ ਪਰ 1635 ਈ: 'ਚ ਕਰਤਾਰਪੁਰ ਵਿਖੇ ਛੇਵੇਂ ਪਾਤਸ਼ਾਹ ਜੀ ਦੇ ਮੁਗਲਾਂ ਨਾਲ ਹੋਏ ਧਰਮ-ਯੁੱਧ ਵਿਚ ਤਿਆਗ ਮਲ ਵਲੋਂ ਬਹਾਦਰੀ ਨਾਲ ਤੇਗ ਦੇ ਜੌਹਰ ਦਿਖਾਉਣ 'ਤੇ ਛੇਵੇਂ ਪਾਤਸ਼ਾਹ ਜੀ ਨੇ ਆਪ ਜੀ ਦਾ ਨਾਮ ਤਿਆਗ ਮਲ ਤੋਂ ਬਦਲਕੇ 'ਤੇਗ ਬਹਾਦਰ' ਰੱਖ ਦਿਤਾ ਸੀ। ਆਪ ਜੀ ਦਾ ਵਿਆਹ 1634 ਈ: 'ਚ ਕਰਤਾਰਪੁਰ (ਨੇੜੇ ਜਲੰਧਰ) ਨਿਵਾਸੀ ਭਾਈ ਲਾਲ ਚੰਦ ਦੀ ਅਤੇ ਬਿਸ਼ਨ ਕੌਰ ਦੀ ਸਪੁੱਤਰੀ ਮਾਤਾ ਗੁਜਰੀ ਜੀ ਨਾਲ ਹੋਇਆ ਸੀ। ਆਪ ਜੀ ਦੇ ਗ੍ਰਹਿ 32 ਸਾਲ ਬਾਅਦ ਪਟਨਾ ਸਾਹਿਬ ਵਿਖੇ ਪੋਹ ਸੁਦੀ ਸੱਤਵੀਂ ਸੰਨ 1666 ਈ: ਵਿਚ ਬਾਲ ਗੋਬਿੰਦ ਰਾਏ (ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਦਾ ਪ੍ਰਕਾਸ਼ ਹੋਇਆ ਸੀ।

ਆਪ ਜੀ ਦੇ ਚਾਰ ਵੱਡੇ ਭਰਾ (ਬਾਬਾ ਗੁਰਦਿੱਤਾ ਜੀ, ਬਾਬਾ ਅਣੀ ਰਾਏ ਜੀ, ਬਾਬਾ ਸੂਰਜ ਮਲ ਜੀ, ਬਾਬਾ ਅਟੱਲ ਰਾਏ ਜੀ) ਤੇ ਇਕ ਭੈਣ ਬੀਬੀ ਵੀਰੋ ਜੀ ਸਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਜਿਥੇ ਸਿੱਖਾਂ ਦੇ ਨੌਵੇਂ ਗੁਰੂ ਰਹੇ, ਓਥੇ ਗੁਰੂ ਪ੍ਰੰਪਰਾ ਵਿਚ ਆਪ ਜੀ ਨੂੰ ਇਹ ਵੀ ਮਾਣ ਪ੍ਰਾਪਤ ਹੈ ਕਿ ਆਪ ਜੀ ਦੇ ਪੜਦਾਦਾ ਗੁਰੂ (ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ), ਦਾਦਾ ਗੁਰੂ (ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ), ਪਿਤਾ ਗੁਰੂ (ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ), ਭਤੀਜਾ ਗੁਰੂ (ਸਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਭਾਵ ਵੱਡੇ ਭਰਾ ਬਾਬਾ ਗੁਰਦਿੱਤਾ ਜੀ ਦਾ ਬੇਟਾ), ਪੋਤਰਾ ਗੁਰੂ (ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਭਾਵ ਭਤੀਜੇ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਦਾ ਬੇਟਾ), ਪੁੱਤਰ ਗੁਰੂ (ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਹੋਏ ਹਨ। ਕੀਰਤਪੁਰ ਸਾਹਿਬ ਵਿਖੇ ਆਪ ਜੀ ਦੇ ਪਿਤਾ ਛੇਵੇਂ ਪਾਤਸ਼ਾਹ ਜੀ ਵਲੋਂ ਜਦ ਪੋਤਰੇ ਹਰਿਰਾਏ ਸਾਹਿਬ ਜੀ ਨੂੰ ਗੁਰਗੱਦੀ ਬਖਸ਼ਕੇ ਜੋਤੀ ਜੋਤ ਸਮਾ ਗਏ, ਤਾਂ ਆਪ ਜੀ ਛੇਵੇਂ ਪਾਤਸ਼ਾਹ ਜੀ ਦੇ ਬਚਨਾਂ ਦੀ ਪਾਲਣਾ ਕਰਦੇ ਹੋਏ ਆਪਣੀ ਮਾਤਾ ਨਾਨਕੀ ਜੀ ਨਾਲ ਆਪਣੇ ਨਾਨਕੇ ਪਿੰਡ ਬਾਬਾ ਬਕਾਲਾ ਸਾਹਿਬ ਵਿਖੇ ਆ ਗਏ ਸਨ। ਆਪ ਜੀ ਨੇ ਇਥੇ ਭੋਰਾ ਸਾਹਿਬ ਵਿਚ ਬੈਠਕੇ 26 ਸਾਲ 9 ਮਹੀਨੇ 13 ਦਿਨ ਘੋਰ ਤਪੱਸਿਆ ਕੀਤੀ। ਓਧਰ ਦਿੱਲੀ ਵਿਖੇ ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਜੋਤੀ ਜੋਤ ਸਮਾਗਮ ਤੋਂ ਪਹਿਲਾਂ ਸਿੱਖਾਂ ਦੇ ਅਗਲੇ ਗੁਰੂ ਸਬੰਧੀ ਬੋਲੇ ਬੋਲ 'ਬਾਬਾ ਵੱਸੇ ਬਕਾਲੇ' ਅਨੁਸਾਰ 1665 ਈਸਵੀ ਨੂੰ ਇਕ ਸਿੱਖ ਵਪਾਰੀ ਭਾਈ ਮੱਖਣ ਸ਼ਾਹ ਲੁਬਾਣੇ ਵਲੋਂ ਬਾਬਾ ਬਕਾਲਾ ਸਾਹਿਬ ਵਿਖੇ ਹੀ ਗੁਰੂਡੰਮ ਦੀਆਂ 22 ਮੰਜੀਆਂ ਲਾਕੇ ਬੈਠੇ ਨਕਲੀ ਗੁਰੂਆਂ ਦਾ ਭਾਂਡਾ ਫੋੜਦੇ ਹੋਏ ਕੋਠੇ 'ਤੇ ਚੜਕੇ 'ਸੱਚਾ ਗੁਰੂ ਲਾਧੋ ਰੇ' 'ਸੱਚਾ ਗੁਰੂ ਲਾਧੋ ਰੇ' (ਭਾਵ ਸੱਚਾ ਗੁਰੂ ਲੱਭ ਪਿਆ) ਦਾ ਹੋਕਾ ਦੇ ਕੇ ਨੌਵੇਂ ਪਾਤਸ਼ਾਹ ਜੀ ਨੂੰ ਪ੍ਰਗਟ ਕੀਤਾ ਗਿਆ ਸੀ। ਬਾਬਾ ਬੁੱਢਾ ਸਾਹਿਬ ਜੀ ਦੀ ਵੰਸ਼ਜ ਬਾਬਾ ਗੁਰਦਿੱਤਾ ਰੰਧਾਵਾ ਜੀ ਵਲੋਂ ਆਪ ਜੀ ਨੂੰ ਗੁਰਤਾਗੱਦੀ ਦਾ ਤਿਲਕ ਲਾਇਆ ਗਿਆ। ਇਸ ਤਰ੍ਹਾਂ 44 ਸਾਲ ਦੀ ਉਮਰ ਵਿਚ ਆਪ ਜੀ ਗੁਰਤਾਗੱਦੀ 'ਤੇ ਬਿਰਾਜਮਾਨ ਹੋਏ। ਲਗਭਗ 10 ਸਾਲ 7 ਮਹੀਨੇ ਅਤੇ 18 ਦਿਨ ਆਪ ਜੀ ਨੇ ਗੁਰਤਾਗੱਦੀ 'ਤੇ ਰਹਿਕੇ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਜਿੱਥੇ ਬਾਣੀ ਦੀ ਰਚਨਾ ਕੀਤੀ, ਉਥੇ ਲੰਮੀਆਂ ਯਾਤਰਾਵਾਂ ਕਰਕੇ ਸੰਗਤਾਂ ਨੂੰ ਸਿੱਖ ਧਰਮ ਨਾਲ ਜੋੜਨ ਦਾ ਵੱਡਮੁੱਲਾ ਯੋਗਦਾਨ ਪਾਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਪ ਜੀ ਦੀ ਰਚੀ ਬਾਣੀ ਦੇ 15 ਰਾਗਾਂ ਵਿਚ ਰਚੇ 59 ਸ਼ਬਦਾਂ ਤੋਂ ਇਲਾਵਾ 57 ਸਲੋਕ ਸ਼ਾਮਲ ਹਨ। ਬਾਣੀ ਦੀ ਰਚਨਾ ਕਰਨ ਵਾਲੇ ਹੋਰ ਗੁਰੂ ਸਾਹਿਬਾਨਾਂ ਵਲੋਂ ਵੱਖ-ਵੱਖ 30 ਰਾਗਾਂ ਵਿਚ ਬਾਣੀ ਰਚੀ ਗਈ ਪਰ ਨੌਵੇਂ ਪਾਤਸ਼ਾਹ ਜੀ ਵਲੋਂ ਜੈਜਾਵੰਤੀ ਰਾਗ ਵਿਚ ਬਾਣੀ ਰਚਕੇ ਰਾਗਾਂ ਦੀ ਗਿਣਤੀ 31 ਕਰ ਦਿੱਤੀ ਗਈ। ਆਪਣੇ ਹੱਥੀਂ ਵਸਾਏ ਚੱਕ ਨਾਨਕੀ ਨਗਰ (ਬਾਅਦ ਦਾ ਨਾਮ ਸ੍ਰੀ ਅਨੰਦਪੁਰ ਸਾਹਿਬ) ਵਿਖੇ ਆਪ ਜੀ ਸ਼ਾਂਤਮਈ ਸਿੱਖੀ ਦਾ ਪ੍ਰਚਾਰ ਕਰ ਰਹੇ ਸਨ ਕਿ ਸਮੇਂ ਦੇ ਬਾਦਸ਼ਾਹ ਔਰੰਗਜ਼ੇਬ ਵਲੋਂ ਸਤਾਏ ਕਸ਼ਮੀਰੀ ਪੰਡਿਤ ਇਥੇ ਆ ਕੇ ਫ਼ਰਿਆਦੀ ਹੋਏ ਕਿ ਔਰੰਗਜ਼ੇਬ ਜਬਰੀ ਸਾਡਾ ਧਰਮ ਬਦਲਣ 'ਤੇ ਤੁਲਿਆ ਹੋਇਆ ਹੈ, ਹਿੰਦੂ ਧਰਮੀਆਂ ਦੇ ਹਰੇਕ ਦਿਨ ਸਵਾ-ਸਵਾ ਮਣ ਜੰਞੂ ਲਾਹੇ ਜਾ ਰਹੇ ਹਨ। ਸੋ ਸਾਡਾ ਧਰਮ ਬਚਾਓ! ਆਪਣੇ 9 ਸਾਲ ਦੇ ਪੁੱਤਰ ਬਾਲ ਗੋਬਿੰਦ ਰਾਏ ਵਲੋਂ ਹਾਮੀਂ ਭਰਨ 'ਤੇ ਆਪ ਜੀ ਕੁਝ ਸਿੱਖਾਂ ਸਮੇਤ ਸ੍ਰੀ ਅਨੰਦਪੁਰ ਸਾਹਿਬ ਤੋਂ ਚੱਲਕੇ ਦਿੱਲੀ ਖੁਦ ਸ਼ਹੀਦੀ ਪਾਉਣ ਲਈ ਪਹੁੰਚੇ ਸਨ। ਬਾਦਸ਼ਾਹ ਔਰੰਗਜ਼ੇਬ ਵਲੋਂ ਇਸਲਾਮ ਧਰਮ ਧਾਰਨ ਕਰਨ ਦੀਆਂ ਰੱਖੀਆਂ ਸ਼ਰਤਾਂ ਨਾ ਮੰਨਣ 'ਤੇ 10 ਨਵੰਬਰ 1675 ਈ: ਨੂੰ ਦਿੱਲੀ ਦੇ ਚਾਂਦਨੀ ਚੌਕ ਵਿਖੇ ਆਪ ਜੀ ਦੇ ਤਿੰਨ ਸਿੱਖਾਂ ਭਾਈ ਮਤੀ ਦਾਸ ਜੀ (ਆਰੇ ਨਾਲ ਚੀਰਿਆ), ਭਾਈ ਸਤੀ ਦਾਸ ਜੀ (ਰੂੰ 'ਚ ਵਲੇਟ ਕੇ ਅੱਗ ਲਾਈ) ਅਤੇ ਭਾਈ ਦਿਆਲਾ ਜੀ (ਪਾਣੀ ਦੀ ਉਬਲਦੀ ਦੇਗ 'ਚ ਬਿਠਾ ਕੇ) ਆਪ ਜੀ ਦੇ ਸਾਹਮਣੇ ਵੱਖ-ਵੱਖ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ ਸੀ, ਤਾਂ ਕਿ ਆਪ ਜੀ ਇਸਲਾਮ ਧਰਮ ਧਾਰਨ ਕਰ ਲੈਣ। ਗੁਰੂ ਜੀ ਵਲੋਂ ਵੀ ਔਰੰਗਜ਼ੇਬ ਦੀਆਂ ਸਾਰੀਆਂ ਸ਼ਰਤਾਂ ਠੁਕਰਾ ਦੇਣ ਤੋਂ ਬਾਅਦ ਅਗਲੇ ਦਿਨ 11 ਨਵੰਬਰ, 1675 ਈ: ਨੂੰ ਜੱਲਾਦ ਵਲੋਂ ਨੌਵੇਂ ਪਾਤਸ਼ਾਹ ਜੀ ਦਾ ਤਲਵਾਰ ਨਾਲ ਸੀਸ ਕੱਟ ਦਿੱਤਾ ਗਿਆ। ਹਿੰਦੂ ਧਰਮ ਨੂੰ ਬਚਾਉਣ ਖਾਤਰ ਸ਼ਹੀਦ ਹੋਏ ਨੌਵੇਂ ਪਾਤਸ਼ਾਹ ਜੀ ਦੇ ਧੜ ਦਾ ਸਸਕਾਰ ਦਿੱਲੀ ਵਿਖੇ ਹੀ ਲੱਖੀ ਸ਼ਾਹ ਵਣਜਾਰੇ ਨੇ ਆਪਣੇ ਘਰ ਨੂੰ ਅੱਗ ਲਾਕੇ ਕਰ ਦਿੱਤਾ ਸੀ ਅਤੇ ਭਾਈ ਜੈਤਾ ਜੀ ਵਲੋਂ ਅਨੰਦਪੁਰ ਸਾਹਿਬ ਵਿਖੇ ਲਿਜਾਏ ਗਏ ਸੀਸ ਦਾ ਸਸਕਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਪਰਿਵਾਰ ਵਲੋਂ ਕੀਤਾ ਗਿਆ ਸੀ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਮਨੁੱਖਤਾਂ ਦੀ ਧਾਰਮਿਕ ਆਜ਼ਾਦੀ ਨੂੰ ਕਾਇਮ ਰੱਖਣ ਦੀ ਵੱਡੀ ਮਿਸਾਲ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ 54 ਸਾਲ ਦੀ ਸਰੀਰਕ ਉਮਰ ਵਿਚ ਰਹਿਕੇ ਸੰਸਾਰ ਦੇ ਭਲੇ ਲਈ ਜੋ ਸ਼ੁੱਭ ਕਾਰਜ ਕੀਤੇ, ਉਨ੍ਹਾਂ ਨੂੰ ਯਾਦ ਰੱਖਣ ਲਈ ਆਪ ਜੀ ਦੇ ਸਪੁੱਤਰ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਆਪਣੀ ਰਚੀ ਬਾਣੀ ਵਿਚ ਜਿਥੇ ਪਹਿਲੇ ਅੱਠ ਗੁਰੂ ਸਾਹਿਬਾਨ ਦੀ ਉਸਤਤਿ ਕੀਤੀ ਹੈ, ਉਥੇ ਆਪਣੇ ਪਿਤਾ ਜੀ ਦੀ ਉਸਤਤਿ ਵਿਚ ਲਿਖਿਆ ਹੈ (ਜੋ ਸਿੱਖ ਪੰਥ ਵਲੋਂ ਕੀਤੀ ਜਾਂਦੀ ਨਿੱਤ ਦੀ ਅਰਦਾਸ ਦੀਆਂ ਆਖਰੀ ਲਾਈਨਾਂ 'ਚ ਦਰਜ ਹਨ) ਕਿ ਜੋ ਵੀ ਪ੍ਰਾਣੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਸਿਮਰਨ ਕਰੇਗਾ, ਉਸ ਦਾ ਘਰ ਨੌਂ ਨਿਧੀਆਂ (ਖ਼ਜ਼ਾਨਿਆਂ) ਨਾਲ ਭਰਪੂਰ ਰਹੇਗਾ ਅਤੇ ਨੌਵੇਂ ਗੁਰੂ ਜੀ ਸਿਮਰਨ ਕਰਨ ਵਾਲਿਆਂ ਦੇ ਸਦਾ ਅੰਗ-ਸੰਗ ਰਹਿਕੇ ਸਹਾਈ ਹੋਣਗੇ। ਦੱਸਵੇਂ ਪਾਤਸ਼ਾਹ ਜੀ ਦਾ ਫੁਰਮਾਨ ਹੈ "ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ ॥ ਸਭ ਥਾਈਂ ਹੋਇ ਸਹਾਇ ॥"






ਗੁ: ਗੁਰੂ ਕੇ ਮਹਿਲ ਅੰਮ੍ਰਿਤਸਰ

**ਕੀਰਤਪੁਰ ਸਾਹਿਬ ਵਿਖੇ ਆਪ ਜੀ ਦੇ ਪਿਤਾ ਛੇਵੇਂ ਪਾਤਸ਼ਾਹ ਜੀ ਵਲੋਂ ਜਦ ਪੋਤਰੇ ਹਰਿਰਾਏ ਸਾਹਿਬ ਜੀ ਨੂੰ ਗੁਰਗੱਦੀ ਬਖਸ਼ਕੇ ਜੋਤੀ ਜੋਤ ਸਮਾ ਗਏ, ਤਾਂ ਆਪ ਜੀ ਛੇਵੇਂ ਪਾਤਸ਼ਾਹ ਜੀ ਦੇ ਬਚਨਾਂ ਦੀ ਪਾਲਣਾ ਕਰਦੇ ਹੋਏ ਆਪਣੀ ਮਾਤਾ ਨਾਨਕੀ ਜੀ ਨਾਲ ਆਪਣੇ ਨਾਨਕੇ ਪਿੰਡ ਬਾਬਾ ਬਕਾਲਾ ਸਾਹਿਬ ਵਿਖੇ ਆ ਗਏ ਸਨ। ਆਪ ਜੀ ਨੇ ਇਥੇ ਭੋਰਾ ਸਾਹਿਬ ਵਿਚ ਬੈਠਕੇ 26 ਸਾਲ 9 ਮਹੀਨੇ 13 ਦਿਨ ਘੋਰ ਤਪੱਸਿਆ ਕੀਤੀ। ਓਧਰ ਦਿੱਲੀ ਵਿਖੇ ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਜੋਤੀ ਜੋਤ ਸਮਾਗਮ ਤੋਂ ਪਹਿਲਾਂ ਸਿੱਖਾਂ ਦੇ ਅਗਲੇ ਗੁਰੂ ਸਬੰਧੀ ਬੋਲੇ ਬੋਲ 'ਬਾਬਾ ਵੱਸੇ ਬਕਾਲੇ' ਅਨੁਸਾਰ 1665 ਈਸਵੀ ਨੂੰ ਇਕ ਸਿੱਖ ਵਪਾਰੀ ਭਾਈ ਮੱਖਣ ਸ਼ਾਹ ਲੁਬਾਣੇ ਵਲੋਂ ਬਾਬਾ ਬਕਾਲਾ ਸਾਹਿਬ ਵਿਖੇ ਹੀ ਗੁਰੂਡੰਮ ਦੀਆਂ 22 ਮੰਜੀਆਂ ਲਾਕੇ ਬੈਠੇ ਨਕਲੀ ਗੁਰੂਆਂ ਦਾ ਭਾਂਡਾ ਫੋੜਦੇ ਹੋਏ ਕੋਠੇ 'ਤੇ ਚੜਕੇ 'ਸੱਚਾ ਗੁਰੂ ਲਾਧੋ ਰੇ' 'ਸੱਚਾ ਗੁਰੂ ਲਾਧੋ ਰੇ' (ਭਾਵ ਸੱਚਾ ਗੁਰੂ ਲੱਭ ਪਿਆ) ਦਾ ਹੋਕਾ ਦੇ ਕੇ ਨੌਵੇਂ ਪਾਤਸ਼ਾਹ ਜੀ ਨੂੰ ਪ੍ਰਗਟ ਕੀਤਾ ਗਿਆ ਸੀ।**

ਲੇਖਕ:- ਬਾਬਾ ਬੁੱਢਾ ਵੰਸ਼ਜ
ਪ੍ਰੋ: ਬਾਬਾ ਨਿਰਮਲ ਸਿੰਘ ਰੰਧਾਵਾ
ਗੁਰੂ ਕੀ ਵਡਾਲੀ-ਛੇਹਰਟਾ
99880-66466
ਪੰਜਾਬ ਮੇਲ USA



# 'ਪੌਣੀ ਸਦੀ ਜਮ੍ਹਾਂ ਸਵਾ ਤਿੰਨ ਵਰ੍ਹੇ' ਲੇਖ ਸੰਗ੍ਰਹਿ ਇਤਿਹਾਸਕ ਦਸਤਾਵੇਜ਼




-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



**240 ਪੰਨਿਆਂ, 300 ਰੁਪਏ ਕੀਮਤ ਵਾਲਾ ਇਹ ਲੇਖ ਸੰਗ੍ਰਹਿ ਪੰਜਾਬੀ ਵਿਰਸਾ ਟਰੱਸਟ (ਰਜਿ:) ਪਲਾਹੀ ਫਗਵਾੜਾ ਨੇ ਪ੍ਰਕਾਸ਼ਤ ਕੀਤਾ ਹੈ। ਸੰਪਰਕ ਗੁਰਮੀਤ ਸਿੰਘ ਪਲਾਹੀ : 9815802070**

> **"ਵੱਧਦੇ ਆਰਥਿਕ ਪਾੜੇ ਦੇ ਵਿਚਕਾਰ 'ਜੀ ਰਾਮ ਜੀ'' ਵਿਚ ਦੱਸਿਆ ਹੈ ਕਿ ਮਨਰੇਗਾ ਦਾ ਨਾਮ ਬਦਲਕੇ ਕੇਂਦਰ ਤੇ ਰਾਜ ਸਰਕਾਰ ਦਾ ਹਿੱਸਾ 60:40 ਕਰ ਦਿੱਤਾ। ਰਾਜਾਂ ਨੇ ਆਪਣਾ ਹਿੱਸਾ ਦੇ ਨਹੀਂ ਸਕਣਾ। ਕੇਂਦਰ ਨੇ ਆਪਣੇ ਗਲੋਂ ਲਾਹ ਦਿੱਤਾ। ਰੋਜ਼ਗਾਰ 100 ਤੋਂ 150 ਦਿਨ ਕਰ ਦਿੱਤਾ, ਜਦੋਂ ਕਿ 40 ਦਿਨਾਂ ਤੋਂ ਵੱਧ ਰੋਜ਼ਗਾਰ ਕਦੇ ਦਿੱਤਾ ਹੀ ਨਹੀਂ ਗਿਆ। 'ਬੰਦੇ ਮਾਤਰਮ ਬਨਾਮ ਜਨ ਗਣ ਮਨ' ਲੇਖ ਅਨੁਸਾਰ ਰਾਜਨੀਤਕ ਸਟੰਟ ਹੈ। ਜਨ ਗਣ ਮਨ 1937 ਤੋਂ ਚੱਲ ਰਿਹਾ ਹੈ।**

ਗੁਰਮੀਤ ਸਿੰਘ ਪਲਾਹੀ ਸੰਵੇਦਨਸ਼ੀਲ ਤੱਥਾਂ ਦੀ ਗਵਾਹੀ ਨਾਲ ਲਿਖਣ ਵਾਲਾ ਲੇਖਕ ਹੈ। ਉਹ ਸਥਾਪਤ, ਇਨਸਾਫ਼ ਪਸੰਦ, ਦਲੇਰ ਤੇ ਧੜੱਲੇਦਾਰ ਵਿਦਵਾਨ ਲੇਖਕ ਹੈ। ਉਹ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਕਾਲਮ ਨਵੀਸ ਹੈ। ਉਸਦੀਆਂ ਹੁਣ ਤੱਕ 13 ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। 'ਪੌਣੀ ਸਦੀ ਜਮ੍ਹਾਂ ਸਵਾ ਤਿੰਨ ਵਰ੍ਹੇ' ਉਸਦੀ 14ਵੀਂ ਲੇਖ ਸੰਗ੍ਰਹਿਾਂ ਦੀ ਪੁਸਤਕ ਹੈ। ਇਸ ਪੁਸਤਕ ਨੂੰ ਪਰਵਿੰਦਰਜੀਤ ਸਿੰਘ ਅਤੇ ਕਮਲੇਸ਼ ਸੰਧੂ ਨੇ ਸੰਪਾਦਿਤ ਕੀਤਾ ਹੈ। ਦੋਹਾਂ ਸੰਪਾਦਕਾਂ ਨੇ ਇਸ ਪੁਸਤਕ ਵਿਚ ਉਸਦੇ ਵੱਖ-ਵੱਖ ਵਿਸ਼ਿਆਂ 'ਤੇ ਵੱਖ-ਵੱਖ ਸਮੇਂ ਲਿਖੇ 51 ਲੇਖ ਸ਼ਾਮਲ ਕੀਤੇ ਹਨ, ਜਿਹੜੇ ਦੇਸ਼-ਵਿਦੇਸ਼ ਵਿਚ ਪ੍ਰਕਾਸ਼ਤ ਹੋਣ ਵਾਲੇ ਅਖ਼ਬਾਰਾਂ ਅਤੇ ਵੈੱਬਸਾਈਟਸ ਦਾ ਸ਼ਿੰਗਾਰ ਬਣ ਚੁੱਕੇ ਹਨ। ਇਨ੍ਹਾਂ ਲੇਖਾਂ ਦੇ ਵਿਸ਼ੇ ਲੋਕਾਈ ਦੇ ਦਰਦ ਦੀ ਦਾਸਤਾਂ ਹਨ। ਦੇਸ਼-ਵਿਦੇਸ਼ ਖਾਸ ਤੌਰ 'ਤੇ ਪੰਜਾਬ ਵਿਚ ਵਾਪਰਨ ਵਾਲੀ ਹਰ ਤੱਤਕਾਲੀ ਘਟਨਾ ਬਾਰੇ ਉਸਦੇ ਬੇਬਾਕੀ ਨਾਲ ਲਿਖੇ ਲੇਖ ਇਸ ਲੇਖ ਸੰਗ੍ਰਹਿ ਵਿਚ ਸ਼ਾਮਲ ਕੀਤੇ ਗਏ ਹਨ। ਲੇਖ ਸੰਗ੍ਰਹਿ ਦੇ ਨਾਮ ਵਾਲਾ ਪਹਿਲਾ ਲੇਖ 'ਪੌਣੀ ਸਦੀ ਜਮ੍ਹਾਂ ਸਵਾ ਤਿੰਨ ਵਰ੍ਹੇ' ਵਿਚ ਦੇਸ਼ ਦੀ ਗ਼ਰੀਬੀ, ਕੰਗਾਲੀ, ਦਰਿਦਰਤਾ ਅਤੇ ਥੁੜ੍ਹਾਂ ਦਾ ਬਾਰੇ ਜਾਣਕਾਰੀ ਦਿੱਤੀ ਹੈ। ਲੇਖ ਵਿਚ ਸਵਾਰਥੀ ਸਿਆਸਤਦਾਨਾਂ ਦੀਆਂ ਸਾਜ਼ਿਸ਼ਾਂ ਵੱਲੋਂ ਲੋਕਾਂ ਦੀਆਂ ਸਹੂਲਤਾਂ 'ਤੇ ਕੀਤੇ ਕਬਜ਼ਿਆਂ ਦਾ ਬ੍ਰਿਤਾਂਤ ਦਿੱਤਾ ਗਿਆ ਹੈ। ਲੋਕਾਂ ਨੂੰ ਮੁਫ਼ਤਖ਼ੋਰੇ ਬਣਾ ਦਿੱਤਾ ਹੈ। 'ਪੱਤਰਕਾਰਾਂ ਦੀ ਹੱਤਿਆ ਪ੍ਰੈੱਸ ਦੀ ਆਜ਼ਾਦੀ ਲਈ ਖ਼ਤਰਾ' ਸਿਰਲੇਖ ਵਾਲੇ ਲੇਖ ਵਿਚ ਦੱਸਿਆ ਗਿਆ ਹੈ ਕਿ ਔਸਤਨ ਹਰ ਰੋਜ਼ 91 ਪੱਤਰਕਾਰਾਂ ਦੇ ਕਤਲ ਹੋ ਰਹੇ ਹਨ। ਲੋਕ-ਹਿਤੈਸ਼ੀ ਪੱਤਰਕਾਰਾਂ ਲਈ ਚੁਣੌਤੀਆਂ ਬਰਕਰਾਰ ਹਨ। 'ਨਫ਼ਰਤ ਦੇ ਅੰਗ-ਸੰਗ ਦੇਸ਼ ਮਹਾਨ' ਲੇਖ ਵਿਚ ਨਸਲਵਾਦ, ਨਫ਼ਰਤੀ ਭਾਸ਼ਣਾ ਅਤੇ ਬਿਆਨਾਂ ਦੀ ਸਿਆਸਤਦਾਨਾਂ ਵੱਲੋਂ ਕੀਤੀ ਜਾਂਦੀ ਬਿਆਨਬਾਜ਼ੀ ਦਾ ਪ੍ਰਗਟਾਵਾ ਕੀਤਾ ਗਿਆ ਹੈ। 2023 ਦੀ ਰਿਪੋਰਟ ਅਨੁਸਾਰ 107 ਵਿਧਾਇਕ ਤੇ ਸੰਸਦ ਮੈਂਬਰਾਂ ਵੱਲੋਂ ਨਫ਼ਰਤੀ ਭਾਸ਼ਣ ਕੀਤੇ ਗਏ। ਇਨ੍ਹਾਂ 'ਤੇ ਐਫ.ਆਈ.ਆਰ.ਸੁਪਰੀਮ ਕੋਰਟ ਦੇ ਹੁਕਮਾ ਨਾਲ ਕਰਵਾਉਣੀਆਂ ਪਈਆਂ ਹਨ। 'ਸੁਪਨਿਆਂ ਅਤੇ ਹਕੀਕਤ ਦਰਮਿਆਨ' ਲੇਖ ਵਿਚ ਕਹਿਣੀ ਤੇ ਕਰਨੀ ਦੇ ਅੰਤਰ ਬਾਰੇ ਦੱਸਿਆ ਗਿਆ ਹੈ। ਨੇਤਾ ਜੋ ਕਹਿੰਦੇ ਹਨ, ਉਹ ਅਸਲ ਵਿਚ ਨਹੀਂ ਹੁੰਦਾ। ਦੂਸ਼ਿਤ ਪਾਣੀ ਨਾਲ ਲੋਕ ਰਾਜਾਂ ਵਿਚ ਮਰ ਰਹੇ ਹਨ। 2047 ਤੱਕ ਵਿਕਸਤ ਹੋਣ ਦਾ ਸੁਪਨਾ ਹਕੀਕਤਾਂ ਤੋਂ ਦੂਰ ਹੈ। 'ਲੋਕਤੰਤਰ, ਭਾਰਤੀ ਸਿਆਸਤ ਅਤੇ ਚੀਜ਼ਾਂ ਦੀ ਮੁਫ਼ਤ ਵੰਡ' ਲੇਖ ਵਿਚ ਦੱਸਿਆ ਹੈ ਕਿ ਵੋਟਾਂ ਮੁਫ਼ਤ ਚੀਜ਼ਾਂ ਦੇ ਕੇ ਖਰੀਦੀਆਂ ਜਾਂਦੀਆਂ ਹਨ। 'ਨਸ਼ਿਆਂ ਦੀ ਦਲਦਲ-ਵੱਡੀ ਚੁਣੌਤੀ' ਵਿਚ ਦੱਸਿਆ ਕਿ ਨਸ਼ਿਆਂ ਦੇ ਮਾਫ਼ੀਏ ਸਰਗਰਮ ਹਨ। ਨਸ਼ਿਆਂ ਦੀ ਤਸਕਰੀ ਜ਼ੋਰਾਂ 'ਤੇ ਹੈ। "ਵੱਧਦੇ ਆਰਥਿਕ ਪਾੜੇ ਦੇ ਵਿਚਕਾਰ 'ਜੀ ਰਾਮ ਜੀ'' ਵਿਚ ਦੱਸਿਆ ਹੈ ਕਿ ਮਨਰੇਗਾ ਦਾ ਨਾਮ ਬਦਲਕੇ ਕੇਂਦਰ ਤੇ ਰਾਜ ਸਰਕਾਰ ਦਾ ਹਿੱਸਾ 60:40 ਕਰ ਦਿੱਤਾ। ਰਾਜਾਂ ਨੇ ਆਪਣਾ ਹਿੱਸਾ ਦੇ ਨਹੀਂ ਸਕਣਾ। ਕੇਂਦਰ ਨੇ ਆਪਣੇ ਗਲੋਂ ਲਾਹ ਦਿੱਤਾ। ਰੋਜ਼ਗਾਰ 100 ਤੋਂ 150 ਦਿਨ ਕਰ ਦਿੱਤਾ, ਜਦੋਂ ਕਿ 40 ਦਿਨਾਂ ਤੋਂ ਵੱਧ ਰੋਜ਼ਗਾਰ ਕਦੇ ਦਿੱਤਾ ਹੀ ਨਹੀਂ ਗਿਆ। 'ਬੰਦੇ ਮਾਤਰਮ ਬਨਾਮ ਜਨ ਗਣ ਮਨ' ਲੇਖ ਅਨੁਸਾਰ ਰਾਜਨੀਤਕ ਸਟੰਟ ਹੈ। ਜਨ ਗਣ ਮਨ 1937 ਤੋਂ ਚੱਲ ਰਿਹਾ ਹੈ। ਇਨ੍ਹਾਂ ਤੋਂ ਇਲਾਵਾ ਜਿਹੜੇ ਲੇਖ ਇਸ ਪੁਸਤਕ ਦਾ ਮਾਣ ਵਧਾ ਰਹੇ ਹਨ, ਉਹ ਸਾਰੇ ਵੰਨ-ਸਵੰਨੇ ਵਿਸ਼ਿਆਂ 'ਤੇ ਹਨ। ਕਹਿਣ ਦਾ ਭਾਵ ਹੈ ਕਿ ਕੋਈ ਅਜਿਹਾ ਵਿਸ਼ਾ ਭਾਵੇਂ ਉਹ ਕਿਸੇ ਕੁਰੀਤੀ ਨਾਲ ਸੰਬੰਧਤ ਹੋਵੇ ਤੇ ਭਾਵੇਂ ਸੰਸਾਰ ਦੇ ਕਿਸੇ ਵੀ ਹਿੱਸੇ ਵਿਚ ਮਾਨਵਤਾ ਦੇ ਹਿੱਤਾਂ ਦੀ ਅਣਵੇਖੀ ਹੋ ਰਹੀ ਹੋਵੇ, ਉਸ 'ਤੇ ਗੁਰਮੀਤ ਸਿੰਘ ਪਲਾਹੀ ਦੀ ਕਲਮ ਆਪ ਮੁਹਾਰੇ ਲਿਖਣ ਲੱਗ ਜਾਂਦੀ ਹੈ। ਉਹ ਆਪਣੇ ਲੇਖਾਂ ਵਿਚ ਗੋਦੀ ਮੀਡੀਆ ਨੂੰ ਵੀ ਆੜੇ ਹੱਥੀਂ ਲੈਂਦਾ ਹੈ। ਉਸਦੇ ਬਹੁਤੇ ਲੇਖ ਪੰਜਾਬ ਹਿਤੈਸ਼ੀ ਹਨ। ਪੰਜਾਬ ਦੇ ਵਿਕਾਸ ਨਾਲ ਸੰਬੰਧਤ ਉਹ ਹਰ ਮੁੱਦੇ ਬਾਰੇ ਲੇਖ ਲਿਖਦਾ ਹੈ। ਗੁਰਮੀਤ ਸਿੰਘ ਪਲਾਹੀ ਘੱਟ ਗਿਣਤੀਆਂ, ਮੁਸਲਮਾਨਾਂ, ਸਿੱਖ ਕੈਦੀਆਂ, ਸੀ.ਬੀ.ਆਈ. ਤੇ ਈ.ਡੀ., ਮਨੀਪੁਰ, ਸੰਚਾਰ ਸਾਥੀ, ਵੋਟ ਚੋਰੀ, ਗ਼ਰੀਬੀ, ਬੇਰੋਜ਼ਗਾਰੀ, ਭ੍ਰਿਸ਼ਟਾਚਾਰ, ਪੈਨਸ਼ਨ, ਰਾਸ਼ਟਰੀ ਸਵੈਮ-ਸੇਵਕ ਸੰਘ ਤੇ ਉਸਦੇ ਵਾਦਵਿਵਾਦ ਵਰਗੇ ਮਹੱਤਵਪੂਰਨ ਵਿਸ਼ਿਆਂ 'ਤੇ ਉਹ ਲਿਖਦਾ ਰਹਿੰਦਾ ਹੈ। ਲੇਖਕ ਇਸ ਪੁਸਤਕ ਵਿਚ ਸਿਰਫ ਭਾਰਤ ਵਿਚ ਹੋ ਰਹੀਆਂ ਸਰਗਰਮੀਆਂ/ਘਟਨਾਵਾਂ ਬਾਰੇ ਹੀ ਨਹੀਂ ਲਿਖਿਆ, ਸਗੋਂ ਸੰਸਾਰ ਵਿਚ ਖਾਸ ਤੌਰ 'ਤੇ ਡੋਨਾਲਡ ਟਰੰਪ ਦੀਆਂ ਆਪ ਹੁਦਰੀਆਂ ਬਾਰੇ ਵੀ ਲਗਾਤਾਰ ਲਿਖਿਆ ਹੈ। ਉਹ 'ਜੰਗ ਬਨਾਮ ਟਰੰਪ ਕਾਰਡ', 'ਕੌਤਕੀ ਟਰੰਪ: ਦੁਨੀਆਂ ਲਈ ਖ਼ਤਰਾ', 'ਉਜਾੜਾ ਅਤੇ ਪਰਵਾਸ ਅਤਿਅੰਤ ਪੀੜਦਾਇਕ', 'ਵਪਾਰਕ ਹਥੌੜੇ ਦੀ ਮਾਰ ਅਤੇ ਚੂਰ-ਚੂਰ ਹੋ ਰਹੇ ਲੋਕ ਸੁਪਨੇ' ਲੇਖਾਂ ਵਿਚ ਟਰੰਪ ਦੇ ਏਕਾ ਅਧਿਕਾਰ ਦੇ ਹੁਕਮ, ਧੱਕੇਸ਼ਾਹੀ, ਪਨਾਮਾ ਨਹਿਰ, ਕੈਨੇਡਾ, ਗ੍ਰੀਨਲੈਂਡ ਤੇ ਗਾਜ਼ਾਪੱਟੀ ਹਥਿਆਉਣ ਦੀਆਂ ਚਾਲਾਂ, ਪਰਵਾਸੀਆਂ ਨੂੰ ਹੱਥਕੜੀਆਂ ਲਾਕੇ ਵਾਪਸ ਭੇਜਣ, ਸੀਰੀਆ ਦਾ ਉਜਾੜਾ, ਯੂਕਰੇਨ ਜੰਗ, ਟਰੰਪ ਦੀ ਥਾਣੇਦਾਰੀ, ਰਾਸ਼ਟਰਵਾਦ, ਜੰਗਾਂ ਲਗਵਾਉਣਾ ਤੇ ਬੰਦ ਕਰਵਾਉਣ ਦੇ ਪਾਜ ਖੋਲ੍ਹਦਾ ਹੈ। ਯੂਰਪ ਵਿਚ ਕੱਟੜਪੰਥੀ ਦਲ ਤੇ ਫਾਸ਼ੀਵਾਦ ਵਿਚਾਰਾਂ ਵਾਲੇ ਲੋਕਾਂ ਦਾ ਬੋਲਬਾਲਾ ਹੋ ਰਿਹਾ ਹੈ। ਕੈਨੇਡਾ ਨੇ ਇਮੀਗ੍ਰੇਸ਼ਨ ਰੂਲਾਂ ਵਿਚ ਤਬਦੀਲੀਆਂ ਕੀਤੀਆਂ ਹਨ। ਇਨ੍ਹਾਂ ਦੇਸ਼ਾਂ ਵਿਚ ਧਰੁਵੀਕਰਨ ਵੱਧ ਰਿਹਾ ਹੈ। ਵਿਸ਼ਵ ਦੀ ਰਾਜਨੀਤੀ ਵਿਚ ਭਾਰਤੀ ਮੂਲ ਦੇ ਨਾਗਰਿਕ ਮੋਹਰੀ ਦੀ ਭੂਮਿਕਾ ਨਿਭਾ ਰਹੇ ਹਨ। ਅਮਰੀਕਾ, ਕੈਨੇਡਾ, ਆਸਟ੍ਰੇਲੀਆ ਇੰਗਲੈਂਡ ਅਤੇ ਹੋਰ ਦੇਸ਼ਾਂ ਵਿਚ ਭਾਰਤੀ ਚੋਣਾਂ ਜਿੱਤਕੇ ਉਚ ਅਹੁਦਿਆਂ 'ਤੇ ਪਹੁੰਚੇ ਹੋਏ ਹਨ। ਭਾਰਤ ਵਿਚ ਅੰਨ੍ਹਾ ਹਜ਼ਾਰੇ ਅੰਦੋਲਨ, ਆਪ ਪਾਰਟੀ ਦਾ ਦਿੱਲੀ ਅਚਾਨਕ ਵਿਚ ਆਉਣਾ ਤੇ ਜਾਣਾ, ਸੰਸਦਾਂ ਤੇ ਵਿਧਾਇਕਾਂ ਦੇ ਕਾਰਨਾਮੇ, ਅਪਰਾਧਿਕ ਪਿਛੋਕੜ, ਜਵਾਬਦੇਹੀ ਗਾਇਬ ਹੋਣਾ, ਮੁਫ਼ਤਖ਼ੋਰੀ ਲੌਲੀਪਾਪ, ਤ੍ਰੈ-ਭਾਸ਼ਾਈ ਫਾਰਮੂਲਾ ਲਾਗੂ ਕਰਕੇ ਰਾਜਾਂ ਦਾ ਗਲਾ ਘੋਟਣਾ, ਵਿਵਾਦਿਤ ਸਿੱਖਿਆ ਨੀਤੀ, ਵਕਫ਼ ਸੋਧ ਕਾਨੂੰਨ ਰਾਹੀਂ ਘੱਟ ਗਿਣਤੀਆਂ ਨੂੰ ਤੰਗ ਕਰਨਾ, ਪਹਿਲਗਾਮ ਘਟਨਾ ਆਦਿ ਬਾਰੇ ਵਿਸਤਾਰ ਨਾਲ ਲਿਖਕੇ ਲੋਕਾਂ ਨੂੰ ਜਾਣੂ ਕਰਵਾਇਆ ਗਿਆ ਹੈ। ਇਸੇ ਤਰ੍ਹਾਂ ਦੇਸ਼ ਦੇ ਵਰਤਮਾਨ ਹਾਲਾਤ ਨੂੰ ਔਰੰਗਜ਼ੇਬ ਦੇ ਬਰਾਬਰ ਕਹਿਕੇ ਨਿੰਦਿਆ ਹੈ। ਉਹ ਇਹ ਵੀ ਲਿਖਦਾ ਹੈ ਕਿ ਪੰਜਾਬ ਦੀ ਤਬਾਹੀ ਕਰਨ ਵਾਲੇ ਕਾਰਨਾਂ ਨੂੰ ਲੱਭਕੇ ਜ਼ਿੰਮੇਵਾਰੀ ਨਿਸ਼ਚਿਤ ਕਰਨੀ ਚਾਹੀਦੀ ਹੈ। ਪੰਜਾਬੀਆਂ ਨੂੰ ਆਪਣੀ ਸੋਚ ਬਦਲਣੀ ਪਵੇਗੀ, ਤਾਂ ਹੀ ਪੰਜਾਬ ਦਾ ਭਲਾ ਹੋ ਸਕਦਾ ਹੈ। ਸਿੱਖਿਆ ਨੀਤੀ ਵਿਚ ਸੋਧ ਜ਼ਰੂਰੀ ਹੈ। ਅਧਿਆਪਕਾਂ ਦੀ ਘਾਟ ਹੈ, ਪ੍ਰੰਤੂ ਆਈਲੈਟ ਸੈਂਟਰਾਂ ਦੀ ਗਿਣਤੀ ਜ਼ਿਆਦਾ ਹੈ। ਜਾਤੀਵਾਦ ਮਰਦਮਸ਼ੁਮਾਰੀ ਸਿਆਸਤ ਤੋਂ ਪ੍ਰੇਰਿਤ ਹੈ। ਸਿਆਸੀ ਲੋਕ ਮਹਾਰਾਜਿਆਂ ਦੀ ਤਰ੍ਹਾਂ ਵਿਚਰ ਰਹੇ ਹਨ, ਉਨ੍ਹਾਂ ਨੂੰ ਆਪਣਾ ਵਿਵਹਾਰ ਬਦਲਣਾ ਪਵੇਗਾ। ਗੁਰਮੀਤ ਸਿੰਘ ਪਲਾਹੀ ਨੇ ਆਪਣੇ ਇੱਕ ਲੇਖ ਵਿਚ ਚਿੰਤਾ ਪ੍ਰਗਟ ਕੀਤੀ ਹੈ ਕਿ ਜਿਸ ਪ੍ਰਕਾਰ ਸੰਵਿਧਾਨ ਵਿਚ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ, ਇਉਂ ਲੱਗਦਾ ਹੈ ਕਿ ਸਮਾਜਵਾਦੀ ਤੇ ਧਰਮ ਨਿਰਪੱਖ ਸ਼ਬਦ ਸੰਵਿਧਾਨ ਵਿਚੋਂ ਕੱਢ ਦਿੱਤੇ ਜਾਣਗੇ। ਭਾਰਤੀ ਕਿਸਾਨਾਂ ਦੀ ਸਥਿਤੀ ਬਾਰੇ ਲਿਖਦਿਆਂ ਲੇਖਕ ਨੇ ਦੱਸਿਆ ਹੈ ਕਿ ਕਾਗਜ਼ਾਂ ਵਿਚ ਛੋਟੇ-ਮੋਟੇ ਲਾਭ ਕਿਸਾਨਾਂ ਨੂੰ ਦਿੱਤੇ ਗਏ, ਪ੍ਰੰਤੂ ਅਮਲੀ ਤੌਰ 'ਤੇ ਕਿਸਾਨ ਦੀ ਹਾਲਾਤ ਮਾੜੀ ਹੁੰਦੀ ਜਾ ਰਹੀ ਹੈ। ਪਿਛਲੇ ਲੰਬੇ ਸਮੇਂ ਤੋਂ ਨਰਿੰਦਰ ਮੋਦੀ ਦੀ ਸਰਕਾਰ ਬਹੁਤੀ ਸਫਲ ਨਹੀਂ ਹੋਈ, ਸਗੋਂ ਗ਼ਰੀਬ ਤੇ ਅਮੀਰ ਦਾ ਪਾੜਾ ਵੱਧ ਰਿਹਾ ਹੈ। ਜਿਸ ਬਦਲਾਅ ਦੀ ਉਮੀਦ ਸੀ, ਉਹ ਬਦਲਾਅ ਆਉਣ ਵਿਚ ਅਜੇ ਸਮਾਂ ਲੱਗੇਗਾ। ਸੜਕਾਂ ਦਾ ਨਿਰਮਾਣ ਚੰਗੇ ਢੰਗ ਨਾਲ ਹੋ ਗਿਆ ਹੈ। ਲੇਖਕ ਨੇ ਨਰਿੰਦਰ ਮੋਦੀ ਦੀ ਸਰਕਾਰ ਨੂੰ ਬਦਲਣ ਸੰਬੰਧੀ ਕਾਂਗਰਸ ਨੂੰ ਇੱਕ ਹੋਰ ਅੰਦੋਲਨ ਜਿਸਦਾ ਨਾਮ ਦੂਜੀ ਆਜ਼ਾਦੀ ਦੀ ਲੜਾਈ ਰੱਖਕੇ ਚਲਾਉਣਾ ਪਵੇਗਾ। ਬਿਹਾਰ ਦੀਆਂ ਚੋਣਾਂ ਵਿਚ ਜਿੱਤ ਪ੍ਰਾਪਤ ਕਰਨ ਲਈ ਭਾਰਤੀ ਜਨਤਾ ਪਾਰਟੀ ਵੱਲੋਂ ਵਰਤੇ ਗਏ ਹੱਥਕੰਡਿਆਂ ਦਾ ਪੂਰਾ ਵੇਰਵਾ ਦਿੱਤਾ ਗਿਆ ਹੈ। ਬਿਹਾਰ ਜਿੱਤਿਆ ਨਹੀਂ, ਸਗੋਂ ਹਥਿਆਇਆ ਗਿਆ ਹੈ। ਰਾਜਪਾਲ ਰਾਜ ਸਰਕਾਰਾਂ ਦੀ ਕਾਰਗੁਜ਼ਾਰੀ ਵਿਚ ਬੇਲੋੜੀ ਦਖ਼ਲਅੰਦਾਜ਼ੀ ਕਰ ਰਹੇ ਹਨ। ਪੰਜਾਬ ਵਿਚੋਂ ਰੀਜਨਲ ਪਾਰਟੀਆਂ ਦੀ ਸਥਿਤੀ ਡਾਵਾਂਡੋਲ ਹੈ। ਕੇਂਦਰ ਨੂੰ ਪੰਜਾਬ ਦੇ ਹਿਤਾਂ ਦਾ ਧਿਆਨ ਰੱਖਣਾ ਚਾਹੀਦਾ ਹੈ। ਪੰਜਾਬ ਨੂੰ ਹੜ੍ਹਾਂ ਦੀ ਮਾਰ ਨੇ ਨੁਕਸਾਨ ਪਹੁੰਚਾਇਆ ਹੈ, ਪ੍ਰੰਤੂ ਕੇਂਦਰ ਦੀ ਮਦਦ ਬਹੁਤ ਘੱਟ ਹੈ। ਇਸ ਲਈ ਕੇਂਦਰ ਨੂੰ ਪੰਜਾਬ ਦੀ ਬਾਂਹ ਫੜ੍ਹਨੀ ਚਾਹੀਦੀ ਹੈ। ਲੇਖਕ ਨੇ ਇਹ ਵੀ ਲਿਖਿਆ ਹੈ ਕਿ ਕੇਂਦਰ ਸਰਕਾਰ ਆਪਣੀ ਰਾਜਨੀਤੀ ਲਈ ਕਾਨੂੰਨਾਂ ਨੂੰ ਹਥਿਆਰ ਵਜੋਂ ਵਰਤ ਰਹੀ ਹੈ। ਪੰਜਾਬ ਵਿਚ ਪੰਚਾਇਤਾਂ ਤੇ ਸਥਾਨਕ ਸਰਕਾਰਾਂ ਦੀ ਖ਼ੁਦਮੁਖਤਾਰੀ ਨੂੰ ਖੋਹਿਆ ਜਾ ਰਿਹਾ ਹੈ, ਜੋ ਪਰਜਾਤੰਤਰਿਕ ਪ੍ਰਣਾਲੀ ਵਿਚ ਖ਼ਤਰਨਾਕ ਟਰੈਂਡ ਹੈ। ਲੇਖਕ ਇੱਕ ਲੇਖ ਵਿਚ ਲਿਖਦਾ ਹੈ ਕਿ ਸਿਆਸੀ ਖ਼ਚਰਾਪਣ ਨੇ ਲੋਕਾਈ ਦਾ ਨੁਕਸਾਨ ਕੀਤਾ ਹੈ, ਪ੍ਰੰਤੂ ਸਾਹਿਤ ਨੇ ਸਮਾਜਿਕ ਤੇ ਸਿਆਸੀ ਤਬਦੀਲੀ ਵਿਚ ਵਿਲੱਖਣ ਯੋਗਦਾਨ ਪਾਇਆ ਹੈ। ਉਹ ਚੋਣਾਂ ਜਿੱਤਣ ਲਈ ਮੁਫ਼ਤਖ਼ੋਰੀ ਦੀ ਪ੍ਰਵਿਰਤੀ ਨੂੰ ਵੀ ਪਰਜਾਤੰਤਰ ਲਈ ਘਾਤਕ ਸਮਝਦਾ ਹੈ। ਆਰ.ਟੀ.ਆਈ. ਕਾਨੂੰਨਾਂ ਵਿਚ ਸਰਕਾਰ ਤਬਦੀਲੀਆਂ ਕਰਕੇ ਲੋਕਾਂ ਦੇ ਹਿੱਤਾਂ ਦਾ ਨੁਕਸਾਨ ਕਰਕੇ ਆਪਣੀ ਮਨਮਰਜ਼ੀ ਕਰਨ ਦਾ ਰਾਹ ਪੱਧਰਾ ਕਰ ਰਹੀ ਹੈ। ਭਾਰਤ ਵਿਚ ਇਨਸਾਫ਼ ਮਿਲਣਾ ਦੂਰ ਦੀ ਗੱਲ ਬਣ ਗਈ ਹੈ। ਪੰਜਾਬ ਦੇ ਜ਼ਖ਼ਮ ਹਮੇਸ਼ਾ ਲਈ ਅੱਲੇ ਹਨ, ਕਿਉਂਕਿ ਪੰਜਾਬ ਨਾਲ ਹੋਈਆਂ ਜ਼ਿਆਦਤੀਆਂ ਦਾ ਕਦੀ ਵੀ ਇਨਸਾਫ ਨਹੀਂ ਮਿਲਿਆ। ਪਾਣੀਆਂ ਦੇ ਮਸਲੇ 'ਤੇ ਪੰਜਾਬ ਦੇ ਹੱਕ ਖੋਹੇ ਜਾ ਰਹੇ ਹਨ, ਕਿਉਂਕਿ ਕੇਂਦਰ ਸਰਕਾਰ ਮਨਮਰਜ਼ੀ ਕਰ ਰਹੀ ਹੈ।

# ਸਾਡੇ ਸਮਾਜ ਦੀਆਂ ਜੋਕਾਂ, ਜੋਤਸ਼ੀ, ਤਾਂਤਰਿਕ, ਬਾਬੇ ਅਤੇ ਵਾਸਤੂ ਸ਼ਾਸ਼ਤਰ ਵਾਲੇ

ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ 95011-00062
ਪੰਜਾਬ ਮੇਲ USA





**ਵਾਸਤੂ ਸ਼ਾਸ਼ਤਰ ਵੀ ਬਹੁਤ ਵੱਡਾ ਪਖੰਡ ਹੈ। ਮੂਰਖ ਲੋਕ ਇਨ੍ਹਾਂ ਦੇ ਕਹਿਣ 'ਤੇ ਚੰਗੀਆਂ ਭਲੀਆਂ ਕੋਠੀਆਂ ਤੇ ਦਫਤਰ ਤੋੜ ਦਿੰਦੇ ਹਨ। ਖਾਸ ਤੌਰ 'ਤੇ ਸਿਆਸੀ ਲੋਕ ਮੰਤਰੀ ਬਣਦੇ ਸਾਰ ਪਹਿਲਾਂ ਸਰਕਾਰੀ ਕੋਠੀ ਅਤੇ ਦਫਤਰ ਦੀ ਤੋੜ-ਭੰਨ ਹੀ ਕਰਵਾਉਂਦੇ ਹਨ, ਸਰਕਾਰੀ ਪੈਸਾ ਜੋ ਲੱਗਣਾ ਹੋਇਆ। ਵੈਸੇ ਸ਼ਰਾਬ ਦਾ ਠੇਕਾ ਭਾਵੇਂ ਮੜ੍ਹੀਆਂ ਵਿਚ ਰੱਖ ਲਉ, ਉਸ ਦਾ ਮੂੰਹ ਚੜ੍ਹਦੇ, ਲਹਿੰਦੇ, ਉੱਤਰ ਜਾਂ ਦੱਖਣ ਵੱਲ ਰੱਖ ਲਉ, ਉਸ ਨੇ ਕਾਮਯਾਬ ਹੋਣਾ ਹੀ ਹੈ। ਉਸ 'ਤੇ ਕੋਈ ਵਾਸਤੂ ਸ਼ਾਸਤਰ ਨਿਯਮ ਲਾਗੂ ਨਹੀਂ ਹੁੰਦਾ। ਕੀ ਵਾਸਤੂ ਸ਼ਾਸ਼ਤਰ ਮੁਤਾਬਕ ਬਣੇ ਘਰਾਂ ਵਿਚ ਮੌਤ ਜਾਂ ਬਿਮਾਰੀ ਨਹੀਂ ਆਉਂਦੀ?**

ਕੁਝ ਦਿਨ ਪਹਿਲਾਂ ਇਹ ਖਬਰ ਆਈ ਹੈ ਕਿ ਮਹਾਰਾਸ਼ਟਰ ਦੇ ਇੱਕ ਠੱਗ ਜੋਤਸ਼ੀ ਨੇ ਸੈਂਕੜੇ ਔਰਤਾਂ ਨਾਲ ਸਰੀਰਕ ਸਬੰਧ ਬਣਾਏ ਹਨ। ਸਬੰਧ ਤਾਂ ਬਣਾਏ ਹੀ, ਨਾਲ ਉਨ੍ਹਾਂ ਦੀਆਂ ਵੀਡੀਉ ਵੀ ਬਣਾ ਲਈਆਂ। ਮਹਾਰਾਸ਼ਟਰ ਦੀ ਮਹਿਲਾ ਕਮਿਸ਼ਨ ਦੀ ਚੇਅਰਮੈਨ ਵੀ ਉਸ ਦੇ ਪੰਜਿਆਂ ਤੋਂ ਨਹੀਂ ਬਚ ਸਕੀ। ਲੋਕ ਰੋਜ਼ਾਨਾ ਜੋਤਸ਼ੀਆਂ-ਤਾਂਤਰਿਕਾਂ ਦੇ ਕਹਿਣ 'ਤੇ ਹਜ਼ਾਰਾਂ ਮਣ ਨਾਰੀਅਲ, ਹਵਨ ਦੀ ਸਵਾਹ, ਦੇਵੀ-ਦੇਵਤਿਆਂ ਦੀਆਂ ਮੂਰਤੀਆਂ, ਮਰਨ ਵਾਲਿਆਂ ਦੀਆਂ ਅਸਥੀਆਂ, ਧਾਰਮਿਕ ਸਮਾਗਮਾਂ ਦਾ ਰਹਿੰਦ-ਖੂੰਹਦ, ਕੋਲੇ, ਸਿੱਕਾ ਅਤੇ ਪੈਸੇ ਨਦੀਆਂ ਨਾਲਿਆਂ ਵਿਚ ਸੁੱਟਦੇ ਰਹਿੰਦੇ ਹਨ। ਹਰੇਕ ਧਾਰਮਿਕ ਚੀਜ ਨੂੰ ਜਲ ਪ੍ਰਵਾਹ ਕਰਨ ਦੀ ਘਟੀਆ ਰਵਾਇਤ ਨੇ ਭਾਰਤ ਦੇ ਪਾਣੀਆਂ ਨੂੰ ਬਰਬਾਦ ਕਰ ਕੇ ਰੱਖ ਦਿੱਤਾ ਹੈ। ਇਨ੍ਹਾਂ ਜੋਤਸ਼ੀਆਂ ਨੇ ਕਿਸਾਨਾਂ ਨੂੰ ਵੀ ਬਹੁਤ ਦੁਖੀ ਕੀਤਾ ਹੋਇਆ ਹੈ। ਰੋਜ਼ ਨਹਿਰਾਂ, ਕੱਸੀਆਂ ਅਤੇ ਮੋਘਿਆਂ ਦਾ ਪਾਣੀ ਨਾਰੀਅਲ ਤੇ ਹੋਰ ਧਾਰਮਿਕ ਗੰਦ-ਮੰਦ ਫਸਣ ਕਾਰਨ ਜਾਮ ਹੋ ਜਾਂਦਾ ਹੈ। ਸਾਡੇ ਜੰਮਣ ਤੋਂ ਲੈ ਕੇ ਮਰਨ ਤੱਕ ਦੇ ਬਹੁਤੇ ਕ੍ਰਿਆ ਕਰਮ ਹਵਾ ਅਤੇ ਪਾਣੀ ਨੂੰ ਬੁਰੀ ਤਰ੍ਹਾਂ ਪ੍ਰਦੂਸ਼ਿਤ ਕਰਨ ਵਾਲੇ ਹਨ। ਇੱਕ ਆਮ ਭਾਰਤੀ ਦੇ ਜੀਵਨ ਕਾਲ ਵਿਚ ਅਨੇਕਾਂ ਹਵਨ, ਯੱਗ, ਪਾਠ ਆਦਿ ਕੀਤੇ ਜਾਂਦੇ ਹਨ, ਜਿਨ੍ਹਾਂ ਦੌਰਾਨ ਕਰੋੜਾਂ ਟਨ ਲੱਕੜਾਂ, ਘਿਉ ਅਤੇ ਹੋਰ ਖਾਣ ਯੋਗ ਸਮੱਗਰੀ ਫੂਕ ਦਿੱਤੀ ਜਾਂਦੀ ਹੈ। ਹੁਣ ਅੱਗ ਵਿਚ ਘਿਉ ਸਾੜਨ ਜਾਂ ਪਾਣੀ ਵਿਚ ਨਾਰੀਅਲ ਰੋੜ੍ਹਨ ਨਾਲ ਰੱਬ ਕਿਵੇਂ ਖੁਸ਼ ਹੋ ਸਕਦਾ ਹੈ? 2024 ਦੀਆਂ ਪਾਰਲੀਮੈਂਟ ਚੋਣਾਂ ਸਮੇਂ ਮੱਧ ਪ੍ਰਦੇਸ਼ ਦੇ ਇੱਕ ਪਖੰਡੀ ਬਾਬੇ ਨੇ ਇੱਕ ਨੇਤਾ ਨੂੰ ਜਿਤਾਉਣ ਲਈ ਭੁਪਾਲ ਵਿਖੇ ਹਵਨ ਕਰ ਕੇ ਕਈ ਮਣ ਲਾਲ ਮਿਰਚਾਂ ਸਾੜ ਸੁੱਟੀਆਂ ਸਨ। ਨਾਲ ਹੀ ਐਲਾਨ ਕੀਤਾ ਕਿ ਜੇ ਇਹ ਨੇਤਾ ਨਾ ਜਿੱਤਿਆ, ਤਾਂ ਮੈਂ ਆਤਮ ਦਾਹ ਕਰ ਲਵਾਂਗਾ। ਪਰ ਜਦੋਂ ਉਹ ਨੇਤਾ ਹਾਰ ਗਿਆ, ਤਾਂ ਬਾਬਾ ਪੂਰੀ ਬੇਸ਼ਰਮੀ ਨਾਲ ਮਰਨ ਤੋਂ ਮੁੱਕਰ ਗਿਆ। ਜਦੋਂ ਵੀ ਕੋਈ ਭਾਰਤੀ ਮਰਦਾ ਹੈ, ਤਾਂ ਚਿਤਾ ਦੇ ਰੂਪ ਵਿਚ 4-5 ਕਵਿੰਟਲ ਲੱਕੜਾਂ ਨਾਲ ਲੈ ਹੀ ਜਾਂਦਾ ਹੈ, ਦਰੱਖਤ ਭਾਵੇਂ ਉਸ ਨੇ ਸਾਰੀ ਉਮਰ ਕੋਈ ਨਾ ਲਗਾਇਆ ਹੋਵੇ।

ਭਾਰਤ ਵਿਚ ਜੋਤਸ਼ੀਆਂ-ਤਾਂਤਰਿਕਾਂ ਨੇ ਲੋਕਾਂ ਨੂੰ ਬੁਰੀ ਤਰ੍ਹਾਂ ਵਹਿਮਾਂ-ਭਰਮਾਂ ਵਿਚ ਜਕੜਿਆ ਹੋਇਆ ਹੈ। ਕਈ ਲੋਕ ਐਨੇ ਵਹਿਮੀ ਹਨ ਕਿ ਜੋਤਸ਼ੀ ਨੂੰ ਪੁੱਛੇ ਬਗੈਰ ਬਾਥਰੂਮ ਤੱਕ ਨਹੀਂ ਜਾਂਦੇ। ਭਾਰਤ ਵਿਚ ਜੋਤਿਸ਼, ਤਾਂਤਰਿਕ, ਵਾਸਤੂ ਕਲਾ, ਪੁੱਛਾਂ ਦੇਣੀਆਂ ਅਤੇ ਭੂਤ ਕੱਢਣੇ ਕਰੋੜਾਂ ਦਾ ਕਾਰੋਬਾਰ ਬਣ ਚੁੱਕਾ ਹੈ। ਅਸੀਂ ਸਦੀਆਂ ਤੋਂ ਪਖੰਡਵਾਦ ਵਿਚ ਵਰਲਡ ਚੈਂਪੀਅਨ ਹਾਂ। ਜੇ ਅੰਗਰੇਜ਼ਾਂ ਨੇ ਕੰਪਿਊਟਰ ਬਣਾਇਆ, ਤਾਂ ਅਸੀਂ ਵੱਖ-ਵੱਖ ਧਰਮ ਅਤੇ ਦੇਵੀ ਦੇਵਤੇ ਬਣਾਏ। ਉਨ੍ਹਾਂ ਨੇ ਧਰਤੀ ਵਿਚੋਂ ਡੀਜ਼ਲ, ਪੈਟਰੋਲ ਲੱਭਿਆ, ਤਾਂ ਅਸੀਂ ਪੀਰਾਂ ਬਾਬਿਆਂ ਦੀਆਂ ਕਬਰਾਂ ਲੱਭੀਆਂ। ਉਨ੍ਹਾਂ ਨੇ ਹਵਾਈ ਜਹਾਜ਼ ਉਡਾਏ, ਤਾਂ ਅਸੀਂ ਪੂਛੋਂ ਪਕੜ ਕੇ ਹਾਥੀ ਅਸਮਾਨ ਵਿਚ ਉਡਾ ਦਿੱਤੇ, ਜੋ ਅੱਜ ਤੱਕ ਵਾਪਸ ਨਹੀਂ ਆਏ, ਹੋ ਸਕਦਾ ਸ਼ੁੱਕਰ ਗ੍ਰਹਿ 'ਤੇ ਘਾਹ ਚਰਦੇ ਹੋਣ। ਉਨ੍ਹਾਂ ਦੀਆਂ ਔਰਤਾਂ ਉਲੰਪਿਕ ਵਿਚ ਖੇਡਦੀਆਂ ਹਨ, ਤਾਂ ਭਾਰਤੀ ਔਰਤਾਂ ਬਾਬਿਆਂ, ਸਾਧਾਂ ਤੇ ਤਾਂਤਰਿਕਾਂ ਕੋਲ ਖੇਡਦੀਆਂ ਹਨ। ਜੇ ਅੰਗਰੇਜ਼ਾਂ ਨੇ ਸਰਚ ਕਰਨ ਲਈ ਗੂਗਲ ਬਣਾਇਆ, ਤਾਂ ਸਾਡੇ ਕੋਲ ਨਿਰਮਲ ਤੇ ਬਗੇਸ਼ਵਰ ਬਾਬਾ ਹੈ, ਜੋ ਸਭ ਕੁਝ ਪਹਿਲਾਂ ਹੀ ਦੱਸ ਦਿੰਦਾ ਹੈ।

ਵਾਸਤੂ ਸ਼ਾਸ਼ਤਰ ਵੀ ਬਹੁਤ ਵੱਡਾ ਪਖੰਡ ਹੈ। ਮੂਰਖ ਲੋਕ ਇਨ੍ਹਾਂ ਦੇ ਕਹਿਣ 'ਤੇ ਚੰਗੀਆਂ ਭਲੀਆਂ ਕੋਠੀਆਂ ਤੇ ਦਫਤਰ ਤੋੜ ਦਿੰਦੇ ਹਨ। ਖਾਸ ਤੌਰ 'ਤੇ ਸਿਆਸੀ ਲੋਕ ਮੰਤਰੀ ਬਣਦੇ ਸਾਰ ਪਹਿਲਾਂ ਸਰਕਾਰੀ ਕੋਠੀ ਅਤੇ ਦਫਤਰ ਦੀ ਤੋੜ-ਭੰਨ ਹੀ ਕਰਵਾਉਂਦੇ ਹਨ, ਸਰਕਾਰੀ ਪੈਸਾ ਜੋ ਲੱਗਣਾ ਹੋਇਆ। ਵੈਸੇ ਸ਼ਰਾਬ ਦਾ ਠੇਕਾ ਭਾਵੇਂ ਮੜ੍ਹੀਆਂ ਵਿਚ ਰੱਖ ਲਉ, ਉਸ ਦਾ ਮੂੰਹ ਚੜ੍ਹਦੇ, ਲਹਿੰਦੇ, ਉੱਤਰ ਜਾਂ ਦੱਖਣ ਵੱਲ ਰੱਖ ਲਉ, ਉਸ ਨੇ ਕਾਮਯਾਬ ਹੋਣਾ ਹੀ ਹੈ। ਉਸ 'ਤੇ ਕੋਈ ਵਾਸਤੂ ਸ਼ਾਸਤਰ ਨਿਯਮ ਲਾਗੂ ਨਹੀਂ ਹੁੰਦਾ। ਕੀ ਵਾਸਤੂ ਸ਼ਾਸ਼ਤਰ ਮੁਤਾਬਕ ਬਣੇ ਘਰਾਂ ਵਿਚ ਮੌਤ ਜਾਂ ਬਿਮਾਰੀ ਨਹੀਂ ਆਉਂਦੀ? ਚੰਡੀਗੜ੍ਹ ਦੇ ਵਹਿਮੀ ਆਰਕੀਟੈਕਟ ਲੀ ਕਰਬੂਜ਼ੀਏ ਨੇ 13 ਨੰਬਰ ਸੈਕਟਰ ਨਹੀਂ ਬਣਾਇਆ ਕਿਉਂਕਿ ਪੱਛਮੀ ਦੇਸ਼ਾਂ ਵਿਚ 13 ਨੰਬਰ ਨੂੰ ਮਨਹੂਸ ਸਮਝਿਆ ਜਾਂਦਾ ਹੈ। ਤਾਂ ਕੀ ਚੰਡੀਗੜ੍ਹ ਵਿਚ ਕੋਈ ਜ਼ੁਰਮ ਨਹੀਂ ਹੁੰਦੇ ਜਾਂ ਹਮੇਸ਼ਾਂ ਸ਼ਾਂਤੀ ਬਣੀ ਰਹਿੰਦੀ ਹੈ? ਇਥੇ ਤਾਂ ਸਗੋਂ ਰੋਜ਼ ਬੇਰੋਜ਼ਗਾਰਾਂ 'ਤੇ ਡਾਂਗ ਖੜਕਦੀ ਹੈ। ਕੁਦਰਤੀ ਆਫਤਾਂ ਆਉਣ 'ਤੇ ਵਾਸਤੂ ਸ਼ਾਸਤਰ ਵਾਲਾ ਮਕਾਨ ਵੀ ਬਾਕੀ ਮਕਾਨਾਂ ਵਾਂਗ ਹੀ ਤਬਾਹ ਹੋ ਜਾਂਦਾ ਹੈ।

ਅੱਜ ਤੱਕ ਕਦੀ ਕਿਸੇ ਜੋਤਸ਼ੀ ਨੇ ਸੁਨਾਮੀ, ਭੂਚਾਲ, ਹੜ੍ਹ ਅਤੇ ਜੰਗ ਆਦਿ ਦੀ ਭਵਿੱਖਬਾਣੀ ਨਹੀਂ ਕੀਤੀ। ਕੁਦਰਤੀ ਆਫਤਾਂ ਆਉਣ 'ਤੇ ਸੈਂਕੜੇ ਜੋਤਸ਼ੀ ਤੇ ਤਾਂਤਰਿਕ ਵੀ ਆਮ ਲੋਕਾਂ ਦੇ ਨਾਲ ਹੀ ਮਾਰੇ ਜਾਂਦੇ ਹਨ। ਜੇ ਜੋਤਿਸ਼ ਸੱਚ ਹੁੰਦਾ, ਤਾਂ ਟੇਵੇ, ਲਗਨ ਅਤੇ ਕੁੰਡਲੀਆਂ ਮਿਲਾ ਕੇ ਕਰਵਾਏ ਗਏ ਸਾਰੇ ਵਿਆਹ ਸਫਲ ਹੁੰਦੇ, ਕਦੇ ਵੀ ਤਲਾਕ ਨਾ ਹੁੰਦਾ। ਅੱਜ ਤੱਕ ਕੋਈ ਜੋਤਸ਼ੀ, ਤਾਂਤਰਿਕ ਜਾ ਬਾਬਾ ਤਰਕਸ਼ੀਲਾਂ ਵੱਲੋਂ ਰੱਖਿਆ ਲੱਖਾਂ ਦਾ ਇਨਾਮ ਕਿਉਂ ਨਹੀਂ ਜਿੱਤ ਸਕਿਆ? ਕਈ ਥਾਵਾਂ 'ਤੇ ਜੋਤਸ਼ੀਆਂ ਨੇ ਇਹ ਕਹਿ ਕੇ ਕਿ ਤੇਰੇ ਘਰ ਫਲਾਣੇ ਨੇ ਟੂਣਾ ਕੀਤਾ ਹੈ, ਕਤਲ ਤੱਕ ਕਰਵਾ ਦਿੱਤੇ ਹਨ। ਕਿਸੇ ਨੂੰ ਵੱਸ ਕਰਨ ਵਾਲਾ ਕੋਈ ਤਵੀਤ ਨਹੀਂ ਹੁੰਦਾ, ਨਹੀਂ ਲੋਕ ਪ੍ਰਧਾਨ ਮੰਤਰੀ ਨੂੰ ਵੱਸ ਵਿਚ ਕਰਕੇ ਕਿਸੇ ਸਟੇਟ ਦੇ ਗਵਰਨਰ ਲੱਗ ਜਾਂਦੇ। ਜੇ ਨਜ਼ਰ ਲੱਗਣ ਨਾਲ ਨੁਕਸਾਨ ਹੋ ਸਕਦਾ ਹੁੰਦਾ, ਤਾਂ ਟਾਟਾ, ਬਿਰਲਾ ਤੇ ਅੰਬਾਨੀ ਕਦੇ ਦਾ ਸੜਕਾਂ 'ਤੇ ਆ ਜਾਂਦੇ। ਜੇ ਜੋਤਸ਼ੀਆਂ-ਤਾਂਤਰਿਕਾਂ ਦੇ ਉਪਾਵਾਂ ਵਿਚ ਸ਼ਕਤੀ ਹੁੰਦੀ, ਤਾਂ ਇਨ੍ਹਾਂ ਦੇ ਆਪਣੇ ਬੱਚੇ ਕਰੋੜਪਤੀ ਹੁੰਦੇ। ਜੇ ਧਾਰਮਿਕ ਗ੍ਰੰਥਾਂ ਦਾ ਤੋਤਾ ਰਟੰਤ ਕਰਨ ਨਾਲ ਰੱਬ ਮਿਲਦਾ ਹੁੰਦਾ, ਤਾਂ ਸਾਰੇ ਪੰਡਤਾਂ, ਗ੍ਰੰਥੀਆਂ, ਮੌਲਵੀਆਂ ਤੇ ਪਾਦਰੀਆਂ ਦਾ ਰੱਬ ਨਾਲ ਚਾਹ ਪਾਣੀ ਸਾਂਝਾ ਹੋਣਾ ਸੀ। ਸੂਰਜ ਨੂੰ ਚੜ੍ਹਾਇਆ ਪਾਣੀ ਉਥੇ ਪਹੁੰਚ ਜਾਂਦਾ, ਤਾਂ ਹੁਣ ਤੱਕ ਸੂਰਜ ਠੰਡਾ ਹੋ ਜਾਣਾ ਸੀ।

ਪਖੰਡੀਆਂ ਵਿਚੋਂ ਸਭ ਤੋਂ ਵੱਧ ਬੇਰਹਿਮ ਤਾਂਤਰਿਕ ਹੁੰਦੇ ਹਨ। ਚੰਗੇ ਭਲੇ ਘਰਾਂ ਦੀਆਂ ਔਰਤਾਂ ਇਨ੍ਹਾਂ ਮੁਸ਼ਟੰਡਿਆਂ ਸਾਹਮਣੇ ਸਿਰ ਮਾਰ-ਮਾਰ ਕੇ ਖੇਡਦੀਆਂ ਹਨ, ਕਈ ਤਾਂ ਇੱਜ਼ਤ ਤੱਕ ਲੁਟਾ ਬੈਠਦੀਆਂ ਹਨ। ਇਹ ਭੂਤ ਕੱਢਣ ਦੇ ਨਾਮ 'ਤੇ ਮਾਨਸਿਕ ਤੌਰ 'ਤੇ ਬਿਮਾਰ ਵਿਅਕਤੀਆਂ ਨੂੰ ਬੁਰੀ ਤਰ੍ਹਾਂ ਕੁੱਟਦੇ ਹਨ। ਵਿਚਾਰਾ ਮਰੀਜ਼ ਡਰ ਦਾ ਮਾਰਾ ਹੀ ਕਹਿ ਦਿੰਦਾ ਹੈ ਕਿ ਮੈਂ ਫਲਾਣੇ ਦਾ ਭੂਤ ਹਾਂ ਤੇ ਇਸ ਨੂੰ ਛੱਡ ਕੇ ਜਾ ਰਿਹਾ ਹਾਂ। ਭੂਤ ਨੂੰ ਕਿਸੇ ਦੀ ਅਤ੍ਰਿਪਤ ਆਤਮਾ ਮੰਨਿਆਂ ਜਾਂਦਾ ਹੈ। ਜਦੋਂ ਆਤਮਾ ਮਰ ਹੀ ਨਹੀਂ ਸਕਦੀ, ਤਾਂ ਤਾਂਤਰਿਕ ਵੱਲੋਂ ਕੀਤੀ ਕੁਟਾਈ ਦਾ ਭੂਤ 'ਤੇ ਕੀ ਅਸਰ ਹੋਣਾ ਹੈ? ਨਾਲੇ ਭੂਤ ਨੇ ਜੇ ਚੰਬੜਨਾ ਹੀ ਹੈ, ਤਾਂ ਅਮਰੀਕਾ ਜਾ ਕੇ ਕਿਸੇ ਗੋਰੇ ਗੋਰੀ ਨੂੰ ਚੰਬੜੇ, ਐਵੇਂ ਗੁਆਂਢ ਦੀ ਝੁੱਗੀ ਵਿਚ ਕਿਸੇ ਗਰੀਬ ਔਰਤ ਨੂੰ ਚੰਬੜ ਕੇ ਗਰਮੀ ਨਾਲ ਮਰਨ ਦਾ ਕੀ ਫਾਇਦਾ? ਤਾਂਤਰਿਕ ਲੋਕਾਂ ਨੂੰ ਕੰਮ ਸਿੱਧ ਕਰਨ, ਇਸ਼ਕ ਸਫਲ ਕਰਨ, ਦੁਸ਼ਮਣ-ਸੌਂਕਣ ਖਤਮ ਕਰਨ ਅਤੇ ਦੱਬੇ ਖਜ਼ਾਨੇ ਪੁਟਾਉਣ ਦੇ ਨਾਮ 'ਤੇ ਰੱਜ ਕੇ ਲੁੱਟਦੇ ਹਨ। ਕਈ ਅਖਬਾਰਾਂ ਵਿਚ ਲੁਧਿਆਣੇ ਦੇ ਤਾਂਤਰਿਕਾਂ ਦੇ ਇਸ਼ਤਿਹਾਰ ਆਉਂਦੇ ਹਨ, ਜੋ ਸ਼ਰੇਆਮ ਦੁਸ਼ਮਣ ਨੂੰ ਖਤਮ ਕਰਨ ਦੀ ਗਰੰਟੀ ਦਿੰਦੇ ਹਨ। ਇਨ੍ਹਾਂ ਦੇ ਕਹਿਣ 'ਤੇ ਵਹਿਮੀ ਔਰਤਾਂ ਔਲਾਦ ਪ੍ਰਾਪਤ ਕਰਨ ਲਈ ਦੂਸਰਿਆਂ ਦੇ ਬੱਚਿਆਂ ਦੀ ਬਲੀ ਤੱਕ ਦੇ ਦਿੰਦੀਆਂ ਹਨ।

ਕਈ ਸਾਲ ਪਹਿਲਾਂ ਮੈਂ ਕਿਸੇ ਥਾਣੇ ਦਾ ਐੱਸ.ਐੱਚ.ਉ. ਲੱਗਾ ਹੋਇਆ ਸੀ। ਉਥੇ ਕੋਈ ਵਹਿਮੀ ਵਿਅਕਤੀ ਥਾਣੇ ਦੇ ਮੁੰਸ਼ੀ ਦਾ ਦੋਸਤ ਸੀ। ਉਸ ਨੂੰ ਕਿਸੇ ਜੋਤਸ਼ੀ ਨੇ ਭਰਮ ਪਾ ਦਿੱਤਾ ਕਿ ਤੇਰੀ ਕੁੰਡਲੀ ਵਿਚ ਜੇਲ੍ਹ ਯਾਤਰਾ ਲਿਖੀ ਹੈ, ਇਸ ਲਈ ਜਲਦੀ ਕਿਸੇ ਹਵਾਲਾਤ ਵਿਚ ਦੋ-ਚਾਰ ਘੰਟੇ ਕੱਟ ਲੈ, ਤੇਰਾ ਕਸ਼ਟ ਟਲ ਜਾਵੇਗਾ। ਉਹ ਆਪਣੇ ਦੋਸਤ ਮੁੰਸ਼ੀ ਦੇ ਤਰਲੇ ਵਾਸਤੇ ਪਾ ਕੇ ਕੁਝ ਸਮੇਂ ਲਈ ਥਾਣੇ ਦੀ ਹਵਾਲਾਤ ਵਿਚ ਵੜ ਗਿਆ। ਥੋੜ੍ਹੀ ਦੇਰ ਬਾਅਦ ਹੀ ਉਸ ਮੁੰਸ਼ੀ ਦੀ ਡਿਊਟੀ ਬਦਲ ਗਈ ਤੇ ਰਾਤ ਵਾਲਾ ਨਵਾਂ ਮੁੰਸ਼ੀ ਆ ਗਿਆ। ਦਿਨ ਵਾਲਾ ਮੁੰਸ਼ੀ ਵਹਿਮੀ ਨੂੰ ਬਾਹਰ ਕੱਢਣਾ ਭੁੱਲ ਗਿਆ ਤੇ ਆਪਣੇ ਪਿੰਡ ਜਾ ਕੇ ਆਰਾਮ ਨਾਲ ਸੌਂ ਗਿਆ। ਵਹਿਮੀ ਰਾਤ ਨੂੰ ਚੀਕਾਂ ਮਾਰੇ ਕਿ ਮੈਨੂੰ ਬਾਹਰ ਕੱਢੋ। ਰਾਤ ਵਾਲਾ ਮੁੰਸ਼ੀ ਡਰਦਾ ਮਾਰਾ ਕੱਢੇ ਨਾ ਕਿ ਖੌਰੇ ਇਹ ਮੁਲਜ਼ਮ ਕਿਹੜੇ ਕੇਸ ਵਿਚ ਆਇਆ ਹੈ? ਵਿਚਾਰੇ ਨੂੰ ਸਾਰੀ ਰਾਤ ਹਵਾਲਾਤ ਵਿਚ ਮੱਛਰਾਂ-ਖਟਮਲਾਂ ਨਾਲ ਯੁੱਧ ਕਰਦੇ ਹੋਏ ਗੁਜ਼ਾਰਨੀ ਪਈ। ਵਹਿਮ ਜਿੰਨੇ ਵਧਾਈ ਜਾਉਗੇ, ਉਨੇ ਵਧੀ ਜਾਣਗੇ। ਇਸ ਲਈ ਆਪਣੀ ਮਿਹਨਤ ਅਤੇ ਲਗਨ ਨਾਲ ਕੰਮ ਕਰਦੇ ਜਾਉ, ਸਫਲਤਾ ਜ਼ਰੂਰ ਕਦਮ ਚੁੰਮੇਗੀ।

# ਤਸ਼ੱਦਦ ਦੇ ਸਾਏ ਹੇਠ ਫ਼ੈਲ ਰਿਹਾ ਅਨੀਮੀਆ

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA






**ਕਿੰਨੀਆਂ ਹੀ ਸਮਾਜਿਕ ਬੁਰਾਈਆਂ ਹਨ, ਜਿਨ੍ਹਾਂ ਵਿਚ ਦੀ ਉਨ੍ਹਾਂ ਨੂੰ ਲੰਘਣਾ ਪੈਂਦਾ ਹੈ। ਬਾਲ ਵਿਆਹ ਵਰਗੀ ਕੁਰੀਤੀ, ਮਰਦ ਬਰਾਬਰ ਦੇ ਅਧਿਕਾਰਾਂ ਦੀ ਤਾਂਘ, ਮਰਦ ਸਮਾਜ ਵਿਚ ਮਰਦ ਦਾ ਰੰਘਰਊਪੁਣਾ ਅਤੇ ਇਸ ਤੋਂ ਵੀ ਅੱਗੇ ਆਰਥਿਕ ਤੌਰ 'ਤੇ ਮਰਦ ਉੱਤੇ ਨਿਰਭਰਤਾ ਅਤੇ ਫਿਰ ਘਰੇਲੂ ਤਸ਼ੱਦਦ, ਉਸਦੇ ਪੱਲੇ ਲਗਾਤਾਰ ਪੈਂਦਾ ਹੈ, ਜੋ ਉਸ ਦੀ ਸਿਹਤ ਲਈ ਘਾਤਕ ਸਿੱਧ ਹੁੰਦਾ ਹੈ। ਪ੍ਰਸੂਤਾ ਪੀੜ ਹੰਢਾਉਣੀ, ਖ਼ੁਰਾਕ ਦੀ ਕਮੀ, ਸਮਾਜਿਕ ਵਰਤਾਰੇ ਨਾਲ ਲਗਾਤਾਰ ਜੀਉਂਦੇ ਰਹਿਣਾ, ਉਸਦੀ ਸਿਹਤ ਵੀ ਵਿਗਾੜਦਾ ਹੈ ਅਤੇ ਉਸਦੇ ਪੱਲੇ ਉਮਰੋਂ ਪਹਿਲਾਂ ਮੌਤ ਵੀ ਪਾਉਂਦਾ ਹੈ।**

ਲੱਦਾਖ ਵਿਚ 92.8 ਫ਼ੀਸਦੀ ਔਰਤਾਂ ਅਨੀਮੀਆ (ਖ਼ੂਨ ਦੀ ਕਮੀ) ਨਾਲ ਜੂਝ ਰਹੀਆਂ ਹਨ। ਕੀ ਇਹ ਆਧੁਨਿਕ ਸਿਹਤ ਸੇਵਾਵਾਂ ਦੀ ਪਹੁੰਚ ਉੱਤੇ ਵੱਡਾ ਸਵਾਲੀਆ ਨਿਸ਼ਾਨ ਨਹੀਂ ਹੈ? ਰਤਾ ਕੁ ਅੰਕੜਿਆਂ ਉੱਤੇ ਝਾਤ ਮਾਰੀਏ, ਤਾਂ ਵੇਖਣ ਨੂੰ ਮਿਲਦਾ ਹੈ ਕਿ ਪੱਛਮੀ ਬੰਗਾਲ ਵਿਚ 71.4 ਫ਼ੀਸਦੀ (ਜਿੱਥੇ ਇੱਕ ਔਰਤ ਵਰ੍ਹਿਆਂ ਤੋਂ ਮੁੱਖ ਮੰਤਰੀ ਹੈ), ਤ੍ਰਿਪੁਰਾ ਵਿਚ 67.2 ਫ਼ੀਸਦੀ, ਅਸਾਮ ਵਿਚ 65.9 ਫ਼ੀਸਦੀ, ਜੰਮੂ-ਕਸ਼ਮੀਰ ਵਿਚ 65.9 ਫ਼ੀਸਦੀ, ਪੰਜਾਬ ਵਿਚ 58.7 ਫ਼ੀਸਦੀ ਔਰਤਾਂ ਪੋਸ਼ਣ ਤੋਂ ਕੋਹਾਂ ਦੂਰ ਹਨ ਅਤੇ ਅਨੀਮੀਆ ਤੋਂ ਪ੍ਰਭਾਵਿਤ ਹਨ। ਆਜ਼ਾਦੀ ਦੇ ਲਗਭਗ ਅੱਠ ਦਹਾਕੇ ਬੀਤਣ ਅਤੇ ਸਿਹਤ ਯੋਜਨਾਵਾਂ ਉੱਤੇ ਭਾਰੀ ਬਜ਼ਟ ਰੱਖਣ ਦੇ ਬਾਵਜੂਦ ਕੀ ਇਸ ਗੰਭੀਰ ਅਤੇ ਕੌੜੀ ਸੱਚਾਈ ਤੋਂ ਮੂੰਹ ਮੋੜਿਆ ਜਾ ਸਕਦਾ ਹੈ? ਇੱਕ ਰਿਪੋਰਟ ਅਨੁਸਾਰ ਦੇਸ਼ ਵਿਚ 15 ਤੋਂ 49 ਸਾਲ ਦੀਆਂ ਔਰਤਾਂ ਵਿਚੋਂ ਅੱਧੀਆਂ ਤੋਂ ਵੱਧ (55.3 ਫ਼ੀਸਦੀ) ਇਸ ਰੋਗ ਤੋਂ ਪੀੜਤ ਹਨ।

ਪਿਛਲੇ ਦਿਨੀਂ 2016 ਤੋਂ 2026 ਦੇ ਅੰਕੜੇ ਸਿਹਤ ਰਿਪੋਰਟ ਸਬੰਧੀ ਸਾਹਮਣੇ ਆਏ ਹਨ, ਜਿਹੜੇ ਇਹ ਦਰਸਾਉਂਦੇ ਹਨ ਕਿ 20 ਵਰ੍ਹਿਆਂ ਵਿਚ ਕਈ ਅਹਿਮ ਸੂਬਿਆਂ ਵਿਚ ਔਰਤਾਂ ਵਿਚ ਅਨੀਮੀਆ ਦੀ ਸਥਿਤੀ ਬਦ ਤੋਂ ਬਦਤਰ ਹੋਈ ਹੈ। ਪੰਜਾਬ ਜਿਸਨੂੰ ਖੁਸ਼ਹਾਲ ਸੂਬਾ ਮੰਨਿਆ ਜਾਂਦਾ ਹੈ, ਉਸ ਵਿਚ ਔਰਤਾਂ 'ਚ ਅਨੀਮੀਆ ਰੋਗ 'ਚ ਪਿਛਲੇ 20 ਸਾਲਾਂ ਵਿਚ 54.4 ਫ਼ੀਸਦੀ ਦਾ ਉਛਾਲ ਆਇਆ। ਹਾਲਾਂਕਿ ਬਿਹਾਰ ਵਿਚ 5.7 ਫ਼ੀਸਦੀ ਔਰਤਾਂ 'ਚ ਅਨੀਮੀਆ ਰੋਗ 'ਚ ਸੁਧਾਰ ਵੇਖਿਆ ਗਿਆ, ਪਰ ਫਿਰ ਵੀ ਉੱਥੇ 63.5 ਫ਼ੀਸਦੀ ਔਰਤਾਂ ਖ਼ੂਨ ਦੀ ਕਮੀ ਦੇ ਰੋਗ ਨਾਲ ਲੜ ਰਹੀਆਂ ਹਨ। ਦਿੱਲੀ 'ਚ 12.6 ਫ਼ੀਸਦੀ, ਗੁਜਰਾਤ (65%) 17.5 ਫ਼ੀਸਦੀ, ਮਹਾਂਰਾਸ਼ਟਰ 'ਚ 11.9 ਫ਼ੀਸਦੀ ਦਾ ਵਾਧਾ ਵੇਖਿਆ ਗਿਆ ਹੈ।

ਇਹ ਰਿਪੋਰਟ ਆਖ਼ਰ ਕੀ ਸੰਕੇਤ ਦਿੰਦੀ ਹੈ? ਕੀ ਔਰਤਾਂ (ਜੋ ਦੇਸ਼ ਦੀ ਅੱਧੀ ਆਬਾਦੀ ਹਨ) ਪੋਸ਼ਣ ਸੰਕਟ ਵਿਚ ਨਹੀਂ ਹਨ? ਕੀ ਉਨ੍ਹਾਂ ਦੀ ਸਿਹਤ, ਆਧੁਨਿਕ ਭਾਰਤ ਵਿਚ ਸੁਰੱਖਿਅਤ ਹੈ? ਔਰਤ, ਜਿਸਨੂੰ ਬਚਪਨ ਤੋਂ ਹੀ ਹੋਰ ਸਮਾਜਿਕ ਔਖਿਆਈਆਂ ਵਿਚੋਂ ਦੀ ਲਗਾਤਾਰ ਲੰਘਣਾ ਪੈਂਦਾ ਹੈ, ਕੀ ਸਿਹਤ ਸਮੱਸਿਆਵਾਂ ਨਾਲ ਵੀ ਬੁਰੇ ਦਿਨ ਨਹੀਂ ਵੇਖ ਰਹੀਆਂ? ਇਹੋ ਜਿਹੇ ਹਾਲਾਤਾਂ ਵਿਚ ਕੀ ਉਹ ਮੌਜੂਦਾ ਹਾਕਮਾਂ ਵੱਲੋਂ ਵਿਖਾਏ ਜਾ ਰਹੇ ਉੱਜਲ ਭਵਿੱਖ ਦੇ "ਭਲੇ ਦਿਨਾਂ ਦੀ ਆਸ" ਕਰ ਸਕਦੀਆਂ ਹਨ?

ਕਿੰਨੀਆਂ ਹੀ ਸਮਾਜਿਕ ਬੁਰਾਈਆਂ ਹਨ, ਜਿਨ੍ਹਾਂ ਵਿਚ ਦੀ ਉਨ੍ਹਾਂ ਨੂੰ ਲੰਘਣਾ ਪੈਂਦਾ ਹੈ। ਬਾਲ ਵਿਆਹ ਵਰਗੀ ਕੁਰੀਤੀ, ਮਰਦ ਬਰਾਬਰ ਦੇ ਅਧਿਕਾਰਾਂ ਦੀ ਤਾਂਘ, ਮਰਦ ਸਮਾਜ ਵਿਚ ਮਰਦ ਦਾ ਰੰਘਰਊਪੁਣਾ ਅਤੇ ਇਸ ਤੋਂ ਵੀ ਅੱਗੇ ਆਰਥਿਕ ਤੌਰ 'ਤੇ ਮਰਦ ਉੱਤੇ ਨਿਰਭਰਤਾ ਅਤੇ ਫਿਰ ਘਰੇਲੂ ਤਸ਼ੱਦਦ, ਉਸਦੇ ਪੱਲੇ ਲਗਾਤਾਰ ਪੈਂਦਾ ਹੈ, ਜੋ ਉਸ ਦੀ ਸਿਹਤ ਲਈ ਘਾਤਕ ਸਿੱਧ ਹੁੰਦਾ ਹੈ। ਪ੍ਰਸੂਤਾ ਪੀੜ ਹੰਢਾਉਣੀ, ਖ਼ੁਰਾਕ ਦੀ ਕਮੀ, ਸਮਾਜਿਕ ਵਰਤਾਰੇ ਨਾਲ ਲਗਾਤਾਰ ਜੀਉਂਦੇ ਰਹਿਣਾ, ਉਸਦੀ ਸਿਹਤ ਵੀ ਵਿਗਾੜਦਾ ਹੈ ਅਤੇ ਉਸਦੇ ਪੱਲੇ ਉਮਰੋਂ ਪਹਿਲਾਂ ਮੌਤ ਵੀ ਪਾਉਂਦਾ ਹੈ।

ਦੰਗਿਆਂ 'ਚ ਸਭ ਤੋਂ ਵੱਧ ਪੀੜਾ ਕੌਣ ਹੰਢਾਉਂਦਾ ਹੈ, ਔਰਤ! ਸਰੀਰਕ ਉਤਪੀੜਨ ਕੌਣ ਸਹਿੰਦਾ ਹੈ, ਔਰਤ! ਜੰਗ 'ਚ ਸਭ ਤੋਂ ਵੱਧ ਕੌਣ ਪ੍ਰਭਾਵਤ ਹੁੰਦਾ ਹੈ, ਔਰਤ! ਤੇ ਕਿਸ ਦਾ ਲਹੂ ਇਹੋ ਜਿਹੀਆਂ ਪ੍ਰਸਥਿਤੀਆਂ 'ਚ ਵੱਧ ਡੁਲਦਾ ਹੈ, ਜਵਾਬ ਹੈ, ਔਰਤ ਦਾ! ਜਾਪਣ ਲੱਗਦਾ ਹੈ ਜਿਵੇਂ ਮਨੁੱਖ ਦਾ ਲਹੂ ਸਸਤਾ ਹੋ ਗਿਆ ਹੈ। ਮਨੁੱਖ ਦਾ ਲਹੂ ਰਿਸ਼ਤਿਆਂ ਨੂੰ ਭੁੱਲ, ਲਾਲ ਤੋਂ ਚਿੱਟਾ ਹੋ ਗਿਆ ਹੈ ਅਤੇ ਇਸ "ਚਿੱਟੇ ਲਹੂ" ਦੇ ਵਰਤਾਰੇ ਦਾ ਸੰਤਾਪ ਔਰਤ ਵੱਧ ਭੋਗਦੀ ਹੈ। ਉਸਦਾ ਤਨ, ਉਸਦਾ ਮਨ ਅਤੇ ਉਸਦੀ ਆਰਥਿਕ ਸਥਿਤੀ ਦਾਅ ਉੱਤੇ ਛੱਡ ਦਿੱਤੀ ਜਾਂਦੀ ਹੈ।

ਜਦੋਂ ਮਰਦ ਦਾ ਖ਼ੂਨ ਸਫ਼ੈਦ ਹੁੰਦਾ ਹੈ। ਉਹ ਰਿਸ਼ਤਿਆਂ ਨੂੰ ਤਾਰ-ਤਾਰ ਕਰਦਾ ਹੈ। ਘਰੇਲੂ ਹਿੰਸਾ ਇਨ੍ਹਾਂ ਰਿਸ਼ਤਿਆਂ ਵਿਚ ਦਰਾੜ ਦੀ ਉਪਜ ਹੈ। ਅਸਲ 'ਚ ਇਹ ਵਰਤਾਰਾ ਮਰਦ ਦੀ ਬੀਮਾਰ ਮਾਨਸਿਕਤਾ ਅਤੇ ਬੀਮਾਰ ਸਮਾਜਿਕ ਵਿਵਸਥਾ ਦਾ ਸੰਕੇਤ ਹੈ। ਜਦੋਂ ਸਮਾਜ 'ਚ ਲਹੂ ਸਫ਼ੈਦ ਹੁੰਦਾ ਹੈ, ਰਿਸ਼ਤੇ ਟੁੱਟਦੇ ਹਨ। ਦੇਸ਼ ਵਿਚ ਔਰਤਾਂ ਖਿਲਾਫ਼ ਅਪਰਾਧਾਂ 'ਚ ਵਾਧਾ ਖ਼ੂਨ ਦੀ ਕਮੀ ਜੇਹਾ ਹੀ ਵੱਧ ਰਿਹਾ ਹੈ। ਭਾਵੇਂ ਸੰਵਿਧਾਨ ਬਰਾਬਰੀ, ਲਿੰਗ ਦੇ ਆਧਾਰ ਉੱਤੇ ਭੇਦਭਾਵ ਨਾ ਕਰਨ ਅਤੇ ਜੀਵਨ ਅਤੇ ਅਜ਼ਾਦੀ ਦੇ ਅਧਿਕਾਰ ਦਾ ਵਾਇਦਾ ਕਰਦਾ ਹੈ, ਲੇਕਿਨ ਬਹੁ-ਗਿਣਤੀ ਔਰਤਾਂ ਨੂੰ ਇਹ ਅਧਿਕਾਰ ਪ੍ਰਾਪਤ ਨਹੀਂ ਹੁੰਦੇ, ਦੇਸ਼ ਦੇ ਪੇਂਡੂ ਖਿੱਤੇ ਅਤੇ ਅਰਧ-ਸ਼ਹਿਰੀ ਖੇਤਰ ਵਿਚ ਔਰਤਾਂ ਦੀ ਭੈੜੀ ਹਾਲਾਤ, ਉਨ੍ਹਾਂ ਦੀ ਰੋਜ਼ਾਨਾ ਜ਼ਿੰਦਗੀ ਨੂੰ ਪ੍ਰਭਾਵਤ ਕਰ ਰਹੀ ਹੈ। ਸੰਤੁਲਿਤ ਭੋਜਨ ਦੀ ਕਮੀ, ਭੈੜੀਆਂ ਬੁਨਿਆਦੀ ਸਹੂਲਤਾਂ, ਸਿਹਤ ਵਿਵਸਥਾਵਾਂ ਦਾ ਨਾ ਹੋਣਾ ਉਨ੍ਹਾਂ ਪੱਲੇ ਨਰਕ ਜਿਹੀ ਜ਼ਿੰਦਗੀ ਪਾਉਂਦਾ ਹੈ। ਔਰਤਾਂ ਅੱਜ ਵੀ ਭੁੱਖਮਰੀ ਦਾ ਵੱਧ ਸ਼ਿਕਾਰ ਹਨ। ਅੱਜ ਵੀ ਉਹ ਭੈੜੇ ਕੌੜੇ ਬੋਲਾਂ ਨਾਲ, ਸਰੀਰਕ ਮਾਰ ਸਹਿੰਦੀਆਂ, ਮਾਨਸਿਕ ਪ੍ਰੇਸ਼ਾਨੀ ਦਾ ਸ਼ਿਕਾਰ ਬਣਦੀਆਂ ਹਨ।

ਸਮਾਜ ਦਾ ਕਮਜ਼ੋਰ ਅੰਗ, ਸਮਝਦਿਆਂ ਪਸ਼ੂ ਬਿਰਤੀ ਵਾਲੇ ਜਾਬਰ ਲੋਕ ਉਸਦਾ ਅੰਗ-ਅੰਗ ਨੋਚਦੇ ਹਨ। ਉਨ੍ਹਾਂ ਨੂੰ ਵੇਸ਼ਵਾ ਵਿਰਤੀ 'ਚ ਪਾਉਂਦੇ ਹਨ। ਵਪਾਰਕ, ਕਾਰਪੋਰੇਟੀ ਰੁਚੀਆਂ ਵਾਲੇ ਲੋਕ ਉਸਦੇ ਸਰੀਰ ਦਾ ਪ੍ਰਦਰਸ਼ਨ ਕਰਕੇ, ਵਪਾਰਕ ਲਾਹਾ ਲੈਂਦੇ ਹਨ। ਇਥੇ ਹੀ ਬੱਸ ਨਹੀਂ, ਉਨ੍ਹਾਂ ਦਾ ਮਾਨਸਿਕ ਸ਼ੋਸ਼ਣ ਕਰਦਿਆਂ, ਉਨ੍ਹਾਂ ਦੇ ਜੀਵਨ ਨੂੰ ਇਹੋ ਜਿਹੇ ਹਨੇਰੇ ਨਰਕ-ਕੁੰਭ 'ਚ ਧੱਕ ਦਿੰਦੇ ਹਨ, ਜਿਥੋਂ ਉਨ੍ਹਾਂ ਦਾ ਬਾਹਰ ਨਿਕਲਣਾ ਅਸੰਭਵ ਹੋ ਜਾਂਦਾ ਹੈ। ਅੱਜ ਵੀ ਪਤੀ ਦੇ ਮਰਨ ਉਪਰੰਤ "ਬੇਵਾ" ਕਹਾਉਂਦੀਆਂ ਔਰਤਾਂ, ਚਿੱਟੇ ਕੱਪੜੇ ਪਾਉਣ ਲਈ ਮਜਬੂਰ ਕਰ ਦਿੱਤੀਆਂ ਜਾਂਦੀਆਂ ਹਨ। ਅੱਜ ਵੀ ਮਰਦ ਪ੍ਰਧਾਨ ਸਮਾਜ ਵਿਚ ਉਹ ਬਿਰਧ ਅਵਸਥਾ 'ਚ ਮਰਨ ਤੋਂ ਪਹਿਲਾਂ ਸ਼ਮਸ਼ਾਨ ਘਾਟਾਂ ਦੇ ਚੌਗਿਰਦਿਆਂ 'ਚ ਮੌਤ ਦੀ ਘੜੀ ਉਡੀਕਦੀਆਂ ਹਨ। ਪੁੱਤਰ, ਧੀਆਂ, ਰਿਸ਼ਤੇਦਾਰ ਉਨ੍ਹਾਂ ਤੋਂ ਦੂਰੀ ਬਣਾਈ ਰੱਖਦੇ ਹਨ। ਪੱਛੜੇ ਖੇਤਰਾਂ 'ਚ ਔਰਤ ਚੁੜੇਲ ਤੱਕ ਬਣਾ ਦਿੱਤੀਆਂ ਜਾਂਦੀਆਂ ਹਨ। ਸਾਧਾਂ, ਬਾਬਿਆਂ ਦਾ ਸ਼ਿਕਾਰ ਔਰਤਾਂ ਗੁਲਾਮੀ ਦੀਆਂ ਬੇੜੀਆਂ 'ਚ ਬੱਝੀਆਂ ਨਰਕੀ ਜ਼ਿੰਦਗੀ ਜੀਊਣ ਲਈ ਮਜਬੂਰ ਕਰ ਦਿੱਤੀਆਂ ਜਾਂਦੀਆਂ ਹਨ। ਮਹਾਂਰਾਸ਼ਟਰ ਦੇ ਪੁਣੇ ਇਲਾਕੇ ਦੇ 45 ਸਾਲਾਂ ਸਾਧ ਬਾਬੇ ਅਸ਼ੋਕ ਕੁਮਾਰ ਖਾਰਾਤ ਉੱਤੇ ਜਬਰ-ਜਨਾਹ ਦੇ 11 ਪਰਚੇ ਦਰਜ਼ ਹਨ। ਇੰਤਹਾ ਦੇਖੋ ਦੇਸੀ ਐਪਸਟੀਨ ਦੇਸ਼ ਦੇ ਕੋਨੇ-ਕੋਨੇ ਫੈਲਿਆ ਹੈ ਅਤੇ ਜ਼ਿਆਦਾਤਾਰ ਇਸਦਾ ਲਾਹਾ ਸਿਆਸਤਦਾਨ ਲੈਂਦੇ ਹਨ। ਢੌਂਗੀ ਆਸਾ ਰਾਮ, ਇੱਕ ਉਦਹਾਰਨ ਹੈ। ਬਲਾਤਕਾਰੀ ਸਿਰਸੇ ਵਾਲੇ ਸਾਧ ਨੂੰ ਜੇਲ੍ਹੋਂ ਬਾਹਰ ਲਿਆਂਦਾ ਜਾਂਦਾ ਹੈ ਤੇ ਉਹ ਪ੍ਰੇਮੀਆਂ ਦੇ ਜ਼ੋਰ ਨਾਲ ਸਿਆਸਤ ਪਲਟ ਕੇ ਰੱਖ ਦਿੰਦਾ ਹੈ।

ਧਰਮ ਅਤੇ ਔਰਤਾਂ ਦੀ ਸਥਿਤੀ ਦਾ ਆਪਸ ਵਿਚ ਰਿਸ਼ਤਾ ਗੁੰਝਲਦਾਰ ਹੈ। ਦੁਨੀਆਂ ਦੇ ਲਗਭਗ ਸਾਰੇ ਪ੍ਰਮੁੱਖ ਧਰਮ ਰੂਹਾਨੀ ਤੌਰ 'ਤੇ ਮਰਦ ਤੇ ਔਰਤ ਨੂੰ ਬਰਾਬਰ ਮੰਨਦੇ ਹਨ, ਪਰ ਵਿਹਾਰਕ ਤੌਰ 'ਤੇ ਧਾਰਮਿਕ ਸੰਸਥਾਵਾਂ ਅਕਸਰ ਮਰਦ ਪ੍ਰਧਾਨ ਰਹੀਆਂ ਹਨ। ਕਈ ਵਾਰ ਧਰਮ ਦੀਆਂ ਰੂੜ੍ਹੀਵਾਦੀ ਵਿਆਖਿਆਵਾਂ ਔਰਤ ਦੀ ਆਜ਼ਾਦੀ, ਸਿੱਖਿਆ ਅਤੇ ਫ਼ੈਸਲੇ ਲੈਣ ਦੀ ਸ਼ਕਤੀ ਨੂੰ ਸੀਮਤ ਕਰ ਦਿੰਦੀਆਂ ਹਨ।

ਕਿਹਾ ਤਾਂ ਇਹ ਜਾਂਦਾ ਹੈ ਕਿ ਸਫ਼ਲ ਗ੍ਰਹਿਸਥੀ ਜੀਵਨ ਦੋ ਪਹੀਆਂ 'ਤੇ ਚੱਲਦਾ ਹੈ। ਹਰੇਕ ਧਰਮ ਵੀ ਇਸਦੀ ਵਿਆਖਿਆ ਇਵੇਂ ਹੀ ਕਰਦਾ ਹੈ। ਪਰ ਅਮਲ ਵੱਖਰੇ ਹਨ। ਦੁਨੀਆਂ ਦਾ ਕੋਈ ਵੀ ਧਰਮ ਮਰਦ ਦੇ ਬਰਾਬਰ ਔਰਤ ਨੂੰ ਆਜ਼ਾਦੀ ਨਹੀਂ ਦਿੰਦਾ। ਗਲੀਆਂ - ਗਲਿਆਰਿਆਂ, ਘਰਾਂ - ਹਵੇਲੀਆਂ, ਬਜ਼ਾਰਾਂ, ਧਾਰਮਿਕ, ਸਿੱਖਿਆ ਸੰਸਥਾਵਾਂ 'ਤੇ ਔਰਤਾਂ ਨਾਲ ਵਿਤਕਰਿਆਂ ਦੀ ਲੰਮੀ ਕਹਾਣੀ ਹੈ। ਜਿਹੜੀ ਸਮਾਜੀ ਵਰਤਾਰਿਆਂ 'ਚ ਬੀਮਾਰ ਸੋਚ ਦੀ ਤਰਜ਼ਮਾਨੀ ਕਰਨ ਵਾਲੀ ਹੈ। ਔਰਤਾਂ ਪ੍ਰਤੀ ਧਾਰਮਿਕ ਸੁਧਾਰ, ਜਾਇਦਾਦ ਦਾ ਅਧਿਕਾਰ, ਸਮਾਜਿਕ ਸਤਿਕਾਰ ਹਾਲੇ ਵੀ ਸਮਾਜ ਵਿਚ ਹਾਸ਼ੀਏ 'ਤੇ ਹਨ। ਧਰਮ ਅੱਜ ਵੀ ਸ਼ਕਤੀਕਰਨ ਦੀ ਥਾਂ ਵਧੇਰੇ ਸੋਸ਼ਣ ਦਾ ਜ਼ਰੀਆ ਬਣਾਇਆ ਜਾ ਚੁੱਕਾ ਹੈ। ਈਸਾਈ, ਜੈਨ, ਬੁੱਧ ਧਰਮਾਂ 'ਚ ਔਰਤਾਂ ਦੀ ਅਗਵਾਈ 'ਚ ਬੰਦਸ਼ਾਂ ਹਨ। ਹਿੰਦੂ ਧਰਮ 'ਚ ਤਾਂ ਔਰਤਾਂ ਨੂੰ ਮਤਾਹਿਤ ਦਾ ਦਰਜਾ ਦਿੱਤਾ ਜਾਂਦਾ ਹੈ, ਬਰਾਬਰੀ ਦਾ ਹੱਕ ਤਾਂ ਦੂਰ ਹੈ। ਸਿੱਖ ਧਰਮ ਔਰਤਾਂ ਦੀ ਬਰਾਬਰੀ ਦੀ ਗੱਲ ਤਾਂ ਜ਼ਰੂਰ ਕਰਦਾ ਹੈ। ਪਰ ਵਿਹਾਰਕ ਪੱਖੋਂ ਔਰਤ ਸਿੱਖ ਧਰਮ ਵਿਚ ਵੀ ਪੀੜਤ ਹੈ। ਇਸਲਾਮ ਔਰਤ ਲਈ ਬੁਰਕਾ ਅਤੇ ਮਰਦ ਵੱਲੋਂ ਵਧੇਰੇ ਔਰਤਾਂ ਨਾਲ ਵਿਆਹ ਪ੍ਰਥਾ ਕੀ ਦਰਸਾਉਂਦੀ ਹੈ? ਔਰਤ-ਮਰਦ ਦੀ ਰੂਹਾਨੀ ਬਰਾਬਰੀ, ਧਾਰਮਿਕ ਆਜ਼ਾਦੀ, ਸਮਾਜਿਕ ਸੁਧਾਰ ਕਹਿਣੀ ਤੇ ਕਥਨੀ ਦੌਰਾਨ ਵੱਡੇ ਪਾੜੇ 'ਚ ਹਨ। ਕਹਿਣ ਦੀਆਂ ਗੱਲਾਂ ਹੀ ਹਨ ਕਿ "ਮਾਂ ਦੇ ਪੈਰਾਂ 'ਚ ਜਨਤ ਹੁੰਦੀ ਹੈ"(ਇਸਲਾਮ) ਜਾਂ ਗੁਰੂ ਨਾਨਕ ਦੇਵ ਜੀ ਦੇ ਬਚਨ "ਸੋ ਕਿਉਂ ਮੰਦਾ ਆਖੀਐ ਜਿਤੁ ਜੰਮੈ ਰਾਜਾਨ।" ਪਰ ਜ਼ਮੀਨੀ ਹਕੀਕਤ ਕੁੱਝ ਹੋਰ ਹੀ ਹੈ।

ਵੈਸੇ ਤਾਂ ਦੁਨੀਆਂ ਭਰ ਵਿਚ ਹੀ, ਔਰਤ ਉਹ ਦਰਜਾ ਹਾਸਲ ਨਹੀਂ ਕਰ ਸਕੀ, ਜਿਸਦੀ ਉਹ ਹੱਕਦਾਰ ਹੈ। ਪਰ ਭਾਰਤ ਤਾਂ ਇਸ ਮਾਮਲੇ ਵਿਚ ਬਹੁਤ ਹੀ ਦਰਦਨਾਕ ਸਥਿਤੀ ਵਿਚ ਹੈ। ਕੁੱਲ 148 ਦੇਸ਼ਾਂ ਵਿਚੋਂ ਭਾਰਤ, ਵਿਸ਼ਵ ਜੈਂਡਰ ਰੈਕਿੰਗ ਵਿਚ 131ਵੇਂ ਥਾਂ 'ਤੇ ਹੈ। ਉਸਦੀ ਇਹ ਸਥਿਤੀ ਉਸਦੀ ਆਰਥਿਕ ਭਾਗੀਦਾਰੀ, ਸਮਾਜਿਕ ਸਥਿਤੀ, ਉਸਦੀ ਸੁਰੱਖਿਆ, ਆਜ਼ਾਦੀ, ਸਿੱਖਿਆ ਅਤੇ ਸਿਹਤ 'ਤੇ ਹੈ। ਅਸਲ 'ਚ ਇੱਕ ਔਰਤ ਉੱਤੇ ਪਰਿਵਾਰਿਕ ਅਤੇ ਸਮਾਜਿਕ ਰੀਤੀ-ਰਿਵਾਜਾਂ ਦਾ ਦਬਾਅ ਇੰਨਾ ਜ਼ਿਆਦਾ ਹੈ ਕਿ ਆਪਣਾ ਚਿਹਰਾ-ਮੋਹਰਾ ਨਿਖਾਰਨ 'ਚ ਉਹ ਨਾ-ਕਾਮਯਾਬ ਤਾਂ ਰਹਿੰਦੀ ਹੀ ਹੈ, ਨਿੱਜੀ ਫ਼ੈਸਲੇ ਲੈਣ ਦੀ ਵਧੇਰੇ ਖੁੱਲ੍ਹ ਵੀ ਉਸਦੇ ਲਈ ਅੱਗੇ ਵੱਧਣ 'ਚ ਵੱਡੀ ਰੁਕਾਵਟ ਹੈ।

ਔਰਤਾਂ ਨਾਲ ਹੁੰਦੀ ਬੇਇਨਸਾਫ਼ੀ ਦੀ ਦਾਸਤਾਨ ਅੱਜ ਵੀ ਉਤਨੀ ਹੀ ਵੱਡੀ ਅਤੇ ਭਿਅੰਕਰ ਦਿਸਦੀ ਹੈ, ਜਿੱਡੀ ਸਦੀਆਂ ਪਹਿਲਾਂ ਸੀ। ਉਸਦੇ ਪੈਰਾਂ 'ਚ ਪਾਈਆਂ ਬੇੜੀਆਂ, ਉਸਦੇ ਬੋਲਾਂ 'ਤੇ ਲਾਏ ਜੰਦਰੇ, ਅੱਜ ਵੀ ਉਸਨੂੰ ਸਮਾਜ 'ਚ ਆਜ਼ਾਦ ਵਿਚਰਨ 'ਚ ਵੱਡੀ ਰੁਕਾਵਟ ਹਨ। ਉਹ ਰੁਕਾਵਟ ਪਾਰ ਕਰਨ ਲਈ ਭਾਵੇਂ ਸੰਘਰਸ਼ਸ਼ੀਲ ਹੈ, ਪਰ ਵੱਡੀ ਸਮਾਜਿਕ ਜਕੜ ਲਗਾਤਾਰ ਉਸਨੂੰ ਅੱਗੇ ਵੱਧਣ ਤੋਂ ਰੋਕ ਰਹੀ ਹੈ।

ਭਾਰਤੀ ਸਮਾਜ 'ਚ ਔਰਤਾਂ ਨੂੰ ਘਰੇਲੂ ਕੰਮਾਂ ਤੱਕ ਸੀਮਤ ਰੱਖਣ ਦੀ ਰਿਵਾਇਤ, ਕਾਨੂੰਨੀ ਜਾਗਰੂਕਤਾ ਦੀ ਕਮੀ, ਰਾਜਨੀਤਿਕ ਹਿੱਸੇਦਾਰੀ 'ਚ ਘਾਟ, ਆਰਥਿਕ ਪੱਖੋਂ ਕਮਜ਼ੋਰੀ, ਉਸਨੂੰ ਅੱਗੇ ਵਧਣੋਂ ਰੋਕ ਰਹੀ ਹੈ। ਸਿਰਫ਼ ਆਤਮ ਵਿਸ਼ਵਾਸ, ਆਰਥਿਕ ਮਜ਼ਬੂਤੀ ਅਤੇ ਨਿਡਰ ਸੋਚ ਨਾਲ ਹੀ ਉਹ ਅੱਗੇ ਵੱਧਕੇ ਕੁਝ ਹਾਸਲ ਕਰਨ ਦੇ ਯੋਗ ਹੋ ਸਕੇਗੀ ਅਤੇ ਉਹ ਸਭ ਕੁੱਝ ਬਦਲ ਸਕੇਗੀ, ਜੋ ਸਮਾਜ 'ਚ ਪੈਦਾ ਹੋਏ ਲਹੂ ਦੇ ਲਾਲ ਕਣਾਂ ਨੂੰ ਸਫ਼ੈਦੀ 'ਚ ਬਦਲ ਕੇ ਉਸਦਾ ਜੀਵਨ ਜੀਊਣ ਯੋਗ ਨਹੀਂ ਰਹਿਣ ਦੇ ਰਹੇ।

# ਕਸੋਲ ਤੋਂ ਕਸੌਲੀ

## (ਭਾਗ ਪਹਿਲਾ)


ਅਮਰਬੀਰ ਸਿੰਘ ਚੀਮਾ
ਸਰਹਿੰਦ, ਜ਼ਿਲ੍ਹਾ ਫਤਹਿਗੜ੍ਹ ਸਾਹਿਬ (ਪੰਜਾਬ)
ਮੋਬਾਈਲ ਨੰ: 98889-40211
ਪੰਜਾਬ ਮੇਲ USA






ਇਕ ਕੁਦਰਤ ਤੇ ਦੂਜੀ ਆਜ਼ਾਦੀ, ਇਨ੍ਹਾਂ ਦੋਹਾਂ ਚੀਜ਼ਾਂ ਦੇ ਪਿਆਰ ਕਰਕੇ ਰਠੌਰ ਫੌਜ 'ਚ ਪੰਦਰਾਂ ਸਾਲ ਹੀ ਪੂਰੇ ਕਰ ਸਕਿਆ। ਸਾਲ 1980 ਵਿਚ ਅਗਾਊਂ ਸੇਵਾਮੁਕਤੀ ਲੈ ਕੇ ਉਹ ਆਪਣੀ ਪਤਨੀ ਤੇ ਇੱਕਲੌਤੇ ਪੁੱਤਰ ਵਿਕਰਮ ਸਮੇਤ ਹਿਮਾਚਲ ਵਿਚ ਪੈਂਦੇ ਆਪਣੇ ਜੱਦੀ ਪਿੰਡ ਕਸੋਲ ਵਿਖੇ ਆ ਗਿਆ। ਇੱਥੇ ਪਾਰਬਤੀ ਨਦੀ ਕਿਨਾਰੇ ਉਸਦੇ ਪੁਰਖਿਆਂ ਦੀ ਜ਼ਮੀਨ ਸੀ। ਉਨ੍ਹਾਂ ਨੇ ਹੁਣ ਇੱਥੇ ਹੀ ਰਹਿਣ ਦਾ ਫ਼ੈਸਲਾ ਕਰ ਲਿਆ ਸੀ। ਸੇਵਾਮੁਕਤੀ ਤੋਂ ਮਿਲੇ ਪੈਸੇ ਤੇ ਬਾਕੀ ਕੁਝ ਕਰਜਾ ਲੈ ਕੇ ਰਠੌਰ ਨੇ ਆਪਣੀ ਜ਼ਮੀਨ ਉੱਤੇ ਦਸ-ਦਸ ਕਮਰਿਆਂ ਦੀ ਦੋ ਮੰਜ਼ਿਲਾ ਇਮਾਰਤ ਬਣਾ ਲਈ ਸੀ। ਉਸਨੇ ਆਪਣੀ ਨਵੀਂ ਇਮਾਰਤ ਦਾ ਨਾਂ "ਰਠੌਰ ਗੈਸਟ ਹਾਊਸ" ਰੱਖਿਆ ਸੀ। ਉਸਦੇ ਬਿਲਕੁਲ ਨਾਲ ਹੀ ਉਨ੍ਹਾਂ ਨੇ ਆਪਣੇ ਰਹਿਣ ਲਈ ਛੋਟਾ ਜਿਹਾ ਘਰ ਵੀ ਬਣਾ ਲਿਆ ਸੀ। ਘਰ ਦੇ ਦੋਹੀਂ ਪਾਸੀ ਬਾਕੀ ਜ਼ਮੀਨ ਵਿਚ ਸੇਬਾਂ ਦੇ ਬਾਗ ਲੱਗੇ ਹੋਏ ਸਨ, ਪਿਛਲੇ ਪਾਸੇ ਨਾਲ ਵੱਗਦੀ ਪਾਰਬਤੀ ਨਦੀ ਤੇ ਸਾਹਮਣੇ ਉੱਚੇ-ਉੱਚੇ ਪਹਾੜ। ਮਤਲਬ ਚਾਰੇ ਪਾਸੇ ਕੁਦਰਤ ਹੀ ਕੁਦਰਤ। ਸਵੇਰੇ-ਸਵੇਰੇ ਸੈਰ ਤੋਂ ਵਾਪਿਸ ਆ ਕੇ ਨਦੀ ਕਿਨਾਰੇ ਆਪਣੇ ਬਗੀਚੇ 'ਚ ਬੈਠ ਕੇ ਗਰਮ-ਗਰਮ ਚਾਹ ਦੀਆਂ ਚੁਸਕੀਆਂ ਨਾਲ ਅਖ਼ਬਾਰ ਪੜ੍ਹਨਾ, ਇਹੀ ਰਠੌਰ ਦੇ ਸੁਪਨਿਆਂ ਦੀ ਜ਼ਿੰਦਗੀ ਸੀ, ਜਿਸਨੂੰ ਹੁਣ ਉਹ ਜੀਅ ਰਿਹਾ ਸੀ।

ਕਸੋਲ ਵਿਦੇਸ਼ੀ ਸੈਲਾਨੀਆਂ ਦੀ ਪਸੰਦੀਦਾ ਠਹਿਰ ਹੈ, ਇਸ ਲਈ ਇਹ ਇੱਕ ਟੂਰਿਸਟ ਹੱਬ ਵੱਜੋਂ ਵਿਕਸਿਤ ਹੋ ਰਿਹਾ ਹੈ। ਆਸਟਰੀਆ, ਇਜ਼ਰਾਈਲ ਤੇ ਹੋਰ ਦੇਸ਼ਾਂ ਦੇ ਲੋਕ ਗਰਮੀਆਂ ਵਿਚ ਹਰ ਸਾਲ ਇੱਥੇ ਆਉਂਦੇ ਰਹਿੰਦੇ ਹਨ। ਉਹ 6-7 ਮਹੀਨੇ ਇੱਥੇ ਪਹਾੜੀਆਂ ਵਿਚ ਹੀ ਗੁਜ਼ਾਰਦੇ ਤੇ ਸਰਦੀਆਂ ਸ਼ੁਰੂ ਹੁੰਦੇ ਹੀ ਵਾਪਸ ਪਰਤ ਜਾਂਦੇ ਹਨ। ਰਠੌਰ ਗੈਸਟ ਹਾਊਸ ਵਿਚ ਪੂਰਾ ਸਮਾਂ ਰੌਣਕਾਂ ਲੱਗੀਆਂ ਰਹਿੰਦੀਆਂ ਸਨ।

ਆਪਣੇ ਗੈਸਟ ਹਾਊਸ ਠਹਿਰਣ ਵਾਲੇ ਸੈਲਾਨੀਆਂ ਨੂੰ ਲਿਆਉਣ ਤੇ ਛੱਡਣ ਦਾ ਕੰਮ ਵਿਕਰਮ ਦਾ ਸੀ। ਨੇੜਲਾ ਏਅਰਪੋਰਟ ਭੂੰਤਰ ਪੈਂਦਾ ਸੀ, ਜੋ ਕਿ ਕਸੋਲ ਤੋਂ ਤੀਹ ਕੁ ਕਿਲੋਮੀਟਰ ਦੀ ਦੂਰੀ 'ਤੇ ਸੀ। ਵਿਕਰਮ ਹਰ ਰੋਜ਼ ਆਪਣੀ ਗੱਡੀ ਲੈ ਕੇ ਭੂੰਤਰ ਜਾਂਦਾ ਸੀ। ਉਸਨੇ ਆਪਣੀ ਗੱਡੀ 'ਤੇ ਰਠੌਰ ਗੈਸਟ ਹਾਊਸ ਦੀ ਵੱਡੀ ਤਖ਼ਤੀ ਅੰਗਰੇਜ਼ੀ ਵਿਚ ਲਿਖਾਈ ਹੋਈ ਸੀ, ਤਾਂ ਕਿ ਵਿਦੇਸ਼ੀ ਲੋਕਾਂ ਨੂੰ ਭਾਸ਼ਾ ਦੀ ਦਿੱਕਤ ਨਾ ਆਵੇ। ਵਿਕਰਮ ਏਅਰਪੋਰਟ ਉਤਰਨ ਵਾਲੇ ਸੈਲਾਨੀਆਂ ਨੂੰ ਆਪਣੇ ਗੈਸਟ ਹਾਊਸ ਲੈ ਕੇ ਆਉਂਦਾ ਸੀ। ਰਠੌਰ ਦੀ ਪਤਨੀ ਘਰ ਦੇ ਕੰਮ-ਕਾਜਾਂ ਦੇ ਨਾਲ-ਨਾਲ ਆਪਣੇ ਗੈਸਟ ਹਾਊਸ ਦੇ ਕੰਮਾਂ ਵਿਚ ਵੀ ਪੂਰਾ ਯੋਗਦਾਨ ਪਾਉਂਦੀ ਸੀ। ਇਹੀ ਉਨ੍ਹਾਂ ਤਿੰਨਾਂ ਦੀ ਰੁਟੀਨ ਸੀ, ਜਿਸ ਨਾਲ ਉਹ ਵਧੀਆ ਜ਼ਿੰਦਗੀ ਜੀਅ ਰਹੇ ਸਨ।

ਇਸ ਸੀਜ਼ਨ ਦੇ ਸ਼ੁਰੂ ਹੁੰਦਿਆਂ ਹੀ ਰਠੌਰ ਗੈਸਟ ਹਾਊਸ ਕਿਸੇ ਇੱਕ ਵਿਦੇਸ਼ੀ ਗਰੁੱਪ ਵੱਲੋਂ ਪੂਰੇ ਸੀਜ਼ਨ ਲਈ ਹੀ ਬੁੱਕ ਕਰ ਲਿਆ ਸੀ। ਮਿੱਥੀ ਤਾਰੀਖ਼ ਨੂੰ ਵਿਕਰਮ ਉਨ੍ਹਾਂ ਨੂੰ ਲੈਣ ਲਈ ਏਅਰਪੋਰਟ ਪਹੁੰਚ ਗਿਆ ਸੀ। ਉਸ ਵਿਦੇਸ਼ੀ ਗਰੁੱਪ ਵਿਚੋਂ ਜੂਲੀ, ਕਿਮ ਤੇ ਏਰੀਨ, ਤਿੰਨ ਵਿਦੇਸ਼ੀ ਕੁੜੀਆਂ ਹੀ ਅੱਜ ਆਈਆਂ ਸਨ। ਗਰੁੱਪ ਦੇ ਬਾਕੀ ਮੈਂਬਰਾਂ ਬਾਰੇ ਪੁੱਛਣ 'ਤੇ ਉਨ੍ਹਾਂ ਨੇ ਦੱਸਿਆ ਕਿ ਬਾਕੀ ਜਣੇ 3-4 ਦਿਨ ਬਾਅਦ ਆਉਣਗੇ।

ਗੈਸਟ ਹਾਊਸ ਪਹੁੰਚ ਕੇ ਪਹਿਲੇ ਦਿਨ ਇਨ੍ਹਾਂ ਤਿੰਨਾਂ ਕੁੜੀਆਂ ਨੇ ਆਪਣੇ ਹਿਸਾਬ ਨਾਲ ਸਾਮਾਨ ਦੀ ਪੂਰੀ ਸੈਟਿੰਗ ਕਰ ਲਈ ਸੀ। ਵਿਕਰਮ ਵੀ ਖ਼ੁਸ਼ ਸੀ ਕਿ ਇਸ ਸੀਜ਼ਨ ਰੋਜ਼-ਰੋਜ਼ ਏਅਰਪੋਰਟ ਨਹੀਂ ਜਾਣਾ ਪਵੇਗਾ। ਚਾਰ ਦਿਨਾਂ ਬਾਅਦ ਉਨ੍ਹਾਂ ਦੇ ਗਰੁੱਪ ਦੇ ਬਾਕੀ ਦਸ ਬਾਰਾਂ ਦੋਸਤ ਵੀ ਕਸੋਲ ਆ ਗਏ ਸਨ। ਸਾਰੇ ਜਣੇ ਦੇਰ ਰਾਤ ਤੱਕ ਖਾ ਪੀ ਕੇ ਉੱਚੀ-ਉੱਚੀ ਮਿਊਜ਼ਿਕ ਵਜਾ ਕੇ ਨੱਚਦੇ ਰਹੇ। ਦੂਜੇ ਦਿਨ ਦਸ-ਗਿਆਰਾਂ ਵਜੇ ਤੱਕ ਕੋਈ ਵੀ ਨਾ ਉੱਠਿਆ। ਕਾਫੀ ਦੇਰ ਉਡੀਕ ਕਰਨ ਤੋਂ ਬਾਅਦ ਮਿਸਿਜ਼ ਰਠੌਰ ਨੇ ਅੰਦਰ ਜਾ ਕੇ ਦੇਖਿਆ ਤਾਂ ਅੰਦਰ ਦਾ ਨਜ਼ਾਰਾ ਦੇਖ ਕੇ ਉਸਦੀ ਚੀਕ ਹੀ ਨਿਕਲ ਗਈ। ਚੀਕਣ ਦੀ ਆਵਾਜ਼ ਸੁਣ ਕੇ ਵਿਕਰਮ ਤੇ ਮਿ. ਰਾਠੌਰ ਵੀ ਭੱਜੇ-ਭੱਜੇ ਆ ਗਏ। ਉਨ੍ਹਾਂ ਨੇ ਦੇਖਿਆ ਕਿ ਅੰਦਰ ਸਿਰਫ ਕਿਮ ਹੀ ਸੀ, ਜੋ ਕਿ ਬੇਹੋਸ਼ੀ ਦੀ ਹਾਲਤ ਵਿਚ ਸੀ। ਗਰੁੱਪ ਦਾ ਹੋਰ ਕੋਈ ਵੀ ਮੈਂਬਰ ਉੱਥੇ ਨਹੀਂ ਸੀ। ਉਨ੍ਹਾਂ ਤਿੰਨਾਂ ਨੂੰ ਕੁਝ ਸਮਝ ਨਹੀਂ ਸੀ ਆ ਰਹੀ। ਕਮਰੇ ਵਿਚ ਬੀਅਰ ਤੇ ਸ਼ਰਾਬ ਦੀਆਂ ਖ਼ਾਲੀ ਬੋਤਲਾਂ ਅਤੇ ਸਿਗਰਟਾਂ ਦੀਆਂ ਡੱਬੀਆਂ ਇਧਰ-ਉੱਧਰ ਖਿੰਡੀਆਂ ਪਈਆਂ ਸਨ। ਵਿਕਰਮ ਤੇ ਮਿਸਿਜ ਰਾਠੌਰ ਫਟਾਫਟ ਕਿਮ ਨੂੰ ਹਸਪਤਾਲ ਲੈ ਗਏ ਤੇ ਰਠੌਰ ਨੇ ਇਸ ਸਭ ਦੀ ਜਾਣਕਾਰੀ ਪੁਲਿਸ ਨੂੰ ਦੇ ਦਿੱਤੀ। ਹਸਪਤਾਲ 'ਚ ਡਾਕਟਰਾਂ ਦੇ ਦੱਸਣ ਮੁਤਾਬਿਕ ਨਸ਼ੇ ਦੀ ਬਹੁਤਾਤ ਦੇ ਨਾਲ-ਨਾਲ ਕਿਮ ਨੂੰ ਨਸ਼ੇ ਵਿਚ ਬੇਹੋਸ਼ੀ ਦੀ ਦਵਾਈ ਵੀ ਪਲਾਈ ਗਈ ਸੀ। ਇਸ ਕਰਕੇ ਕਿਮ ਦਾ ਦਿਮਾ.ਗ ਇੱਕ ਗਹਿਰੀ ਨੀਂਦ ਵਿਚ ਚਲਾ ਗਿਆ ਸੀ। ਪੁਲਿਸ ਦੀ ਛਾਣਬੀਨ ਮੁਤਾਬਿਕ ਜੂਲੀ ਤੇ ਏਰੀਨ ਬਾਕੀ ਗਰੁੱਪ ਦੇ ਮੈਂਬਰਾਂ ਸਮੇਤ ਕਿਮ ਦਾ ਸਾਰਾ ਪੈਸਾ ਤੇ ਹੋਰ ਕੀਮਤੀ ਸਮਾਨ ਲੈ ਕੇ ਉਸੇ ਰਾਤ ਨੂੰ ਉਹ ਉੱਥੋਂ ਫਰਾਰ ਹੋ ਗਏ ਸਨ। ਰਠੌਰ ਨੇ ਦੂਜੇ ਦਿਨ 11-12 ਵਜੇ ਤੱਕ ਪੁਲਿਸ ਨੂੰ ਫ਼ੋਨ ਕੀਤਾ ਸੀ, ਉਦੋਂ ਤੱਕ ਉਹ ਸਾਰੇ ਜਣੇ ਕਿਤੇ ਦੂਰ ਨਿਕਲ ਚੁੱਕੇ ਸਨ।

ਛੇਵੇਂ ਦਿਨ ਜਾ ਕੇ ਕਿਮ ਨੂੰ ਥੋੜ੍ਹਾ-ਥੋੜ੍ਹਾ ਹੋਸ਼ ਆਇਆ। ਉਹ ਵੀ ਇਸ ਸਭ ਤੋਂ ਹੈਰਾਨ ਤੇ ਪ੍ਰੇਸ਼ਾਨ ਸੀ। ਡਾਕਟਰਾਂ ਨੇ ਦੱਸਿਆ ਸੀ ਕਿ ਅਜੇ ਦਸ-ਪੰਦਰਾਂ ਦਿਨ ਕਿਮ ਨੂੰ ਹਸਤਪਾਲ ਹੀ ਰਹਿਣਾ ਪਵੇਗਾ। ਭਾਵੇਂ ਹੁਣ ਉਹ ਖਤਰੇ ਤੋਂ ਬਾਹਰ ਸੀ, ਪਰ ਦਿਮਾਗੀ ਸਦਮੇ ਤੇ ਬੇਹੋਸ਼ੀ ਦੀ ਦਵਾਈ ਦੀ ਜ਼ਿਆਦਾ ਤਦਾਦ ਕਰਕੇ ਅਜੇ ਉਸਦਾ ਡਾਕਟਰਾਂ ਦੀ ਨਿਗਰਾਨੀ ਵਿਚ ਰਹਿਣਾ ਜ਼ਰੂਰੀ ਸੀ।

ਵਿਕਰਮ ਦੀ ਹੁਣ ਫੇਰ ਉਹੀ ਰੁਟੀਨ ਸ਼ੁਰੂ ਹੋ ਗਈ ਸੀ। ਗੈਸਟ ਹਾਊਸ ਖ਼ਾਲੀ ਹੋ ਗਿਆ ਸੀ। ਉਸਨੇ ਫੇਰ ਏਅਰਪੋਰਟ ਜਾਣਾ ਸ਼ੁਰੂ ਕਰ ਦਿੱਤਾ ਸੀ ਤੇ ਰਸਤੇ ਵਿਚ ਹੀ ਹਸਤਪਾਲ ਸੀ। ਉਹ ਜਾਂਦਾ ਹੋਇਆ ਕਿਮ ਨੂੰ ਖਾਣਾ ਵੀ ਦੇ ਜਾਂਦਾ ਸੀ। ਜਿਸ ਦਿਨ ਕੋਈ ਵੀ ਸੈਲਾਨੀ ਨਹੀਂ ਸੀ ਮਿਲਦਾ, ਉਸ ਦਿਨ ਉਹ ਵਾਪਸੀ ਸਮੇਂ ਹਸਤਪਾਲ 'ਚ ਹੀ ਕਾਫ਼ੀ ਸਮਾਂ ਬਿਤਾਉਂਦਾ ਸੀ।

ਕਿਮ ਵਿਕਰਮ ਨੂੰ ਆਪਣੇ ਬਾਰੇ ਦੱਸ ਰਹੀ ਸੀ ਕਿ ਉਹ ਆਸਟਰੀਆ ਦੇ ਇੱਕ ਅਮੀਰ ਵਪਾਰੀ ਦੀ ਇਕਲੌਤੀ ਕੁੜੀ ਸੀ। ਪੂਰੀ ਦੁਨੀਆਂ ਘੁੰਮਣਾ ਚਾਹੁੰਦੀ ਸੀ ਉਹ, ਪਰ ਉਸਦੇ ਪਿਤਾ ਚਾਹੁੰਦੇ ਸੀ ਕਿ ਉਹ ਉਨ੍ਹਾਂ ਦਾ ਕਾਰੋਬਾਰ ਸੰਭਾਲੇ। ਇਸੇ ਦੌਰਾਨ ਕਿਮ ਆਪਣੇ ਦੋਸਤਾਂ ਨਾਲ ਮਿਲਕੇ ਆਪਣੇ ਘਰੋਂ ਬਹੁਤ ਸਾਰੇ ਪੈਸੇ ਲੈ ਕੇ ਭਾਰਤ ਘੁੰਮਣ ਆ ਗਈ ਸੀ। ਉਹ ਰੋਂਦੀ ਹੋਈ ਦੱਸ ਰਹੀ ਸੀ ਕਿ ਜਿਹੜੇ ਪੈਸੇ ਉਹ ਘਰੋਂ ਚੋਰੀ ਲੈ ਕੇ ਆਈ ਸੀ ਤੇ ਉਹੀ ਪੈਸੇ ਉਸਦੇ ਦੋਸਤ ਚੋਰੀ ਕਰ ਕੇ ਲੈ ਗਏ ਸਨ। ਹਸਤਪਾਲ 'ਚ ਕਿਮ ਦੇ ਇਲਾਜ ਦੌਰਾਨ ਕਿਮ ਤੇ ਵਿਕਰਮ ਇੱਕ ਦੂਜੇ ਦੇ ਕਾਫ਼ੀ ਨਜ਼ਦੀਕ ਆ ਗਏ ਸਨ ਤੇ ਇਹ ਨੇੜਤਾ ਚੁੱਪ-ਚਪੀਤੇ ਪਿਆਰ ਵਿਚ ਤਬਦੀਲ ਹੋ ਗਈ ਸੀ। ਵਿਕਰਮ ਤਾਂ ਮਨ ਹੀ ਮਨ 'ਚ ਕਿਮ ਨਾਲ ਘਰ ਵਸਾਉਣਾ ਚਾਹੁੰਦਾ ਸੀ।

ਆਖ਼ਿਰਕਾਰ ਕਿਮ ਨੂੰ ਠੀਕ ਹੋਣ ਮਗਰੋਂ ਹਸਤਪਾਲੋਂ ਛੁੱਟੀ ਮਿਲ ਗਈ ਸੀ। ਉਸਦੇ ਇਲਾਜ 'ਤੇ ਵੀ ਕਾਫ਼ੀ ਖ਼ਰਚ ਆਇਆ ਸੀ, ਜੋ ਕਿ ਰਠੌਰ ਨੇ ਹੀ ਕੀਤਾ ਸੀ। ਗੈਸਟ ਹਾਊਸ ਪਹੁੰਚ ਕੇ ਕਿਮ ਮਿਸਿਜ਼ ਰਠੌਰ ਦੇ ਗਲ ਲੱਗ ਬਹੁਤ ਦੇਰ ਤੱਕ ਰੋਂਦੀ ਰਹੀ। ਕਿਮ ਹੁਣ ਵਾਪਿਸ ਆਪਣੇ ਦੇਸ਼ ਜਾਣਾ ਚਾਹੁੰਦੀ ਸੀ, ਪਰ ਵਿਕਰਮ ਚਾਹੰਦਾ ਸੀ ਕਿ ਕਿਮ ਹੁਣ ਉਸ ਨਾਲ ਇੱਥੇ ਹੀ ਰਹੇ। ਕਿਮ ਵਿਕਰਮ ਨੂੰ ਸਮਝਾਉਂਦਿਆਂ ਕਹਿ ਰਹੀ ਸੀ ਕਿ ਇੱਕ ਤਾਂ ਉਸਨੇ ਆਪਣੇ ਪਿਤਾ ਤੋਂ ਆਪਣੀ ਗ਼ਲਤੀ ਦੀ ਮੁਆਫ਼ੀ ਮੰਗਣੀ ਹੈ ਤੇ ਦੂਜਾ ਆਪਣੇ ਧੋਖੇਬਾਜ਼ ਦੋਸਤਾਂ ਨੂੰ ਉਨ੍ਹਾਂ ਦੇ ਕੀਤੇ ਦੀ ਸਜ਼ਾ ਦਿਵਾਉਣੀ ਹੈ। ਕਿਮ ਵੱਲੋਂ ਜਲਦੀ ਵਾਪਿਸ ਆਉਣ ਦੇ ਵਾਅਦੇ ਨਾਲ ਵਿਕਰਮ ਰਜ਼ਾਮੰਦ ਹੋ ਗਿਆ ਸੀ।

ਉੱਧਰ ਰਠੌਰ ਨੇ ਕਿਮ ਦੀ ਟਿਕਟ ਲਈ ਹੋਰ ਪੰਜਾਹ-ਸੱਠ ਹਜ਼ਾਰ ਦੇਣ ਤੋਂ ਆਪਣੀ ਅਸਮਰਥਾ ਜ਼ਾਹਰ ਕਰ ਦਿੱਤੀ ਸੀ। ਪਰ ਵਿਕਰਮ ਨੇ ਆਪਣੇ ਪਿਆਰ 'ਤੇ ਭਰੋਸਾ ਕਰਕੇ ਆਪਣੀ ਬਚਤ ਵਿਚੋਂ ਕਿਮ ਦੀ ਟਿਕਟ ਬੁੱਕ ਕਰਵਾ ਦਿੱਤੀ ਸੀ। ਵਿਕਰਮ ਕਿਮ ਨੂੰ ਅੱਜ ਰਾਤੀਂ ਦਸ ਵਜੇ ਤੱਕ ਜਾਣ ਲਈ ਤਿਆਰ ਰਹਿਣ ਲਈ ਕਹਿ ਗਿਆ ਸੀ। ਉਹ ਆਪ ਗੱਡੀ ਦੀ ਸਰਵਿਸ ਕਰਾਉਣ ਚਲਾ ਗਿਆ ਸੀ। ਰਾਤੀਂ ਮਿਥੇ ਸਮੇਂ 'ਤੇ ਉਹ ਚੱਲ ਪਏ ਸਨ। ਅਸਮਾਨ ਬੱਦਲਾਂ ਨਾਲ ਭਰਿਆ ਹੋਇਆ ਸੀ, ਪਰ ਬਾਰਿਸ਼ ਨਹੀਂ ਸੀ ਹੋ ਰਹੀ। ਕਿਮ ਨੂੰ ਨੇੜਲੇ ਏਅਰਪੇਰਟ ਭੂੰਤਰ ਛੱਡਣ ਦੀ ਬਜਾਏ ਵਿਕਰਮ ਨੇ ਗੱਡੀ ਦਿੱਲੀ ਏਅਰਪੇਰਟ ਨੂੰ ਹੀ ਪਾ ਦਿੱਤੀ ਸੀ। ਇਹ ਚੌਦਾਂ-ਪੰਦਰਾਂ ਘੰਟਿਆਂ ਦੇ ਸਫ਼ਰ ਨੂੰ ਉਹ ਆਪਣੀ ਜ਼ਿੰਦਗੀ ਦਾ ਯਾਦਗਾਰੀ ਸਫ਼ਰ ਬਣਾਉਣਾ ਚਾਹੁੰਦਾ ਸੀ।

ਲੰਬਾ ਸਫ਼ਰ, ਰਾਤ ਦਾ ਵਕਤ, ਪਹਾੜੀ ਰਸਤਾ ਅਤੇ ਉਦਾਸੀ ਤੇ ਖ਼ਾਮੋਸ਼ੀ ਦਾ ਆਲਮ। ਕਿਮ ਆਪਣੇ ਆਪ ਨੂੰ ਅਹਿਸਾਨ ਥੱਲੇ ਦੱਬਿਆ-ਦੱਬਿਆ ਮਹਿਸੂਸ ਕਰ ਰਹੀ ਸੀ, ਪਰ ਵਿਕਰਮ ਕਹਿ ਰਿਹਾ ਸੀ ਉਹ ਸਭ ਕੁਝ ਆਪਣੇ ਪਿਆਰ ਲਈ ਹੀ ਕਰ ਰਿਹਾ ਹੈ। ਕਿਮ ਹੁਣ ਬੇਫ਼ਿਕਰ ਹੋ ਕੇ ਵਿਕਰਮ ਦੇ ਮੋਢੇ 'ਤੇ ਸਿਰ ਰੱਖ ਕੇ ਸੌਂ ਗਈ ਸੀ। ਤਿੰਨ ਕੁ ਘੰਟਿਆਂ ਦੀ ਡਰਾਈਵ ਤੋਂ ਬਾਅਦ ਅਚਾਨਕ ਹੀ ਤੇਜ਼ ਬਾਰਿਸ਼ ਸ਼ੁਰੂ ਹੋ ਗਈ। ਵਿਕਰਮ ਕਸੋਲ ਤੋਂ ਭੂੰਤਰ ਤੱਕ ਦੇ ਰਸਤਿਆਂ ਦਾ ਪੂਰੀ ਤਰਾਂ ਵਾਕਿਫ਼ ਸੀ, ਪਰ ਉਸਤੋਂ ਅੱਗੇ ਉਸਨੇ ਕਦੇ ਜ਼ਿਆਦਾ ਗੱਡੀ ਨਹੀਂ ਸੀ ਚਲਾਈ। ਅਸਮਾਨ ਛੂੰਹਦੀਆਂ ਪਹਾੜੀਆਂ, ਦੂਜੇ ਪਾਸੇ ਡੂੰਘੀ ਨਦੀ ਤੇ ਹਾਈਵੇ ਦੇ ਵਲ ਵਲੇਵੇਂ ਖਾਂਦੇ ਮੋੜ। ਸੜਕ 'ਤੇ ਹੁਣ ਗੱਡੀਆਂ ਵੀ ਇੱਕਾ-ਦੁੱਕਾ ਹੀ ਆਉਂਦੀਆਂ ਸਨ। ਮੀਂਹ ਦੇ ਨਾਲ-ਨਾਲ ਧੁੰਦ ਵੀ ਪੈਣ ਲੱਗੀ ਸੀ ਤੇ ਠੰਢ ਵੀ ਬਹੁਤ ਵਧ ਗਈ ਸੀ। ਦਿੱਲੀ ਫਲਾਈਟ 'ਚ ਹਾਲੇ ਬਹੁਤ ਵਕਤ ਸੀ। ਇਹੋ ਜਿਹੇ ਮੌਸਮ 'ਚ ਡਰਾਈਵਿੰਗ ਕਰਨੀ ਵੀ ਰਿਸਕੀ ਸੀ। ਇਸ ਲਈ ਉਨ੍ਹਾਂ ਨੇ ਰਸਤੇ ਵਿਚ ਕਿਤੇ ਰੁਕਣਾ ਹੀ ਠੀਕ ਸਮਝਿਆ। ਅਗਲੇ ਕੌਰਨਰ 'ਤੇ ਇੱਕ ਮੱਧਮ ਜਿਹੀ ਰੌਸ਼ਨੀ ਦਿਖਾਈ ਦਿੱਤੀ। ਗੱਡੀ ਸਾਈਡ 'ਤੇ ਲਾਉਂਦਿਆ ਦੇਖਿਆ ਕਿ ਛੋਟਾ ਜਿਹਾ ਹੋਟਲ ਸੀ ਤੇ ਇੱਕ ਗੱਡੀ ਪਹਿਲਾਂ ਹੀ ਖੜ੍ਹੀ ਸੀ। ਉੱਥੇ ਉਨ੍ਹਾਂ ਨੇ ਕਮਰਾ ਲੈ ਲਿਆ। ਘੜੀ 'ਤੇ ਸਮਾਂ ਦੇਖਿਆ ਤਾਂ ਰਾਤ ਦੇ ਦੋ ਵੱਜ ਚੁੱਕੇ ਸਨ। ਕਮਰੇ 'ਚ ਆ ਕੇ ਦੋਵੇਂ ਸਹਿਜ ਮਹਿਸੂਸ ਕਰ ਰਹੇ ਸਨ।

ਅਚਾਨਕ ਬਹੁਤ ਹੀ ਜ਼ਿਆਦਾ ਜ਼ੋਰ ਦੀ ਅਸਮਾਨੀ ਬਿਜਲੀ ਕੜਕੀ ਤੇ ਨਾਲ ਹੀ ਬਿਜਲੀ ਗੁੱਲ ਹੋ ਗਈ। ਏਨੀ ਕੜਕਵੀਂ ਆਵਾਜ਼ ਸੁਣ ਕੇ ਕਿਮ ਇੱਕਦਮ ਚੀਕ ਕੇ ਹਨੇਰੇ ਵਿਚ ਵਿਕਰਮ ਦੇ ਸੀਨੇ ਲੱਗ ਗਈ। ਬਾਹਰ ਮੋਹਲੇਦਾਰ ਬਾਰਿਸ਼ ਜਿਵੇਂ ਰੁਕਣ ਦਾ ਨਾਂ ਹੀ ਨਹੀਂ ਸੀ ਲੈ ਰਹੀ ਤੇ ਅੰਦਰ ਇਸ਼ਕੇ ਦੀ ਪਹਿਲੀ ਬਰਸਾਤ ਹੋ ਰਹੀ ਸੀ। ਸਵੇਰੇ ਛੇ ਕੁ ਵਜੇ ਖਿੜਕੀ 'ਚੋਂ ਕੁਝ ਰੌਸ਼ਨੀ ਅੰਦਰ ਆਉਣ ਲੱਗੀ, ਤਾਂ ਵਿਕਰਮ ਦੀ ਅੱਖ ਖੁੱਲ੍ਹੀ। ਉਸਨੇ ਖਿੜਕੀ ਤੋਂ ਪਰਦਾ ਹਟਾ ਕੇ ਦੇਖਿਆ ਕਿ ਕਿਮ ਉਸਦੀਆਂ ਬਾਹਾਂ 'ਚ ਬੇਪਰਵਾਹ ਤੇ ਬੇਖੌਫ਼ ਸੁੱਤੀ ਪਈ ਸੀ। ਸੋਹਣੀ ਤਾਂ ਉਹ ਹੈ ਹੀ ਸੀ, ਪਰ ਏਨੀ ਸੋਹਣੀ ਕਦੇ ਵੀ ਨਹੀਂ ਸੀ ਲੱਗੀ। ਵਿਕਰਮ ਨੇ ਪਿਆਰ ਨਾਲ ਕਿਮ ਨੂੰ ਜਗਾਇਆ। ਫਟਾਫਟ ਤਿਆਰ ਹੋ ਕੇ ਨਾਸ਼ਤਾ ਕੀਤਾ ਤੇ ਚੈੱਕਆਊਟ ਕਰਕੇ ਗੱਡੀ ਦਿੱਲੀ ਨੂੰ ਪਾ ਦਿੱਤੀ। ਹੁਣ ਮੌਸਮ ਵੀ ਕੁਝ ਸਾਫ਼ ਸੀ। ਸਾਰੇ ਰਸਤੇ ਆਉਣ ਵਾਲੀ ਜ਼ਿੰਦਗੀ ਦੀਆਂ ਸਲਾਹਾਂ ਕਰਦੇ-ਕਰਦੇ ਉਹ ਦਿੱਲੀ ਪਹੁੰਚ ਗਏ। ਕਿਮ ਦੇ ਜਲਦੀ ਮੁੜ ਕੇ ਆਉਣ ਦੇ ਵਾਅਦੇ ਨਾਲ ਭਰਿਆ ਹੋਇਆ ਮਨ ਲੈ ਕੇ ਕਿਮ ਨੂੰ ਰੁਖ਼ਸਤ ਕਰ ਵਿਕਰਮ ਵਾਪਿਸ ਆ ਗਿਆ। ਵਾਪਸੀ ਸਮੇਂ ਰਸਤੇ ਵਿਚ ਉਹ ਸੋਚ ਰਿਹਾ ਸੀ ਕਿ ਕਿਮ ਦੇ ਵਾਪਸ ਆਉਂਦਿਆਂ ਹੀ ਆਪਣੇ ਮੰਮੀ ਪਾਪਾ ਦੇ ਅਸ਼ੀਰਵਾਦ ਨਾਲ ਕਿਮ ਨਾਲ ਵਿਆਹ ਕਰਵਾ ਕੇ ਉਹ ਆਪਣੀ ਜ਼ਿੰਦਗੀ ਦੀ ਨਵੀਂ ਸ਼ੁਰੂਆਤ ਕਰੇਗਾ। ਪਰ ਕਿਸਮਤ ਨੂੰ ਸ਼ਾਇਦ ਕੁਝ ਹੋਰ ਹੀ ਮਨਜ਼ੂਰ ਸੀ।

ਭੂੰਤਰ ਪਹੁੰਚ ਕੇ ਹਾਈਵੇ ਛੱਡ ਕੇ ਕਸੋਲ ਨੂੰ ਮੁੜਦਿਆਂ ਹੀ ਉਸਨੇ ਸਾਰਾ ਨਜ਼ਾਰਾ ਬਦਲਿਆ ਹੋਇਆ ਦੇਖਿਆ। ਕਸੋਲ ਪਹੁੰਚ ਕੇ ਦੇਖਿਆ ਤਾਂ ਉਸਦੀਆਂ ਅੱਖਾਂ ਖੁੱਲ੍ਹੀਆਂ ਹੀ ਰਹਿ ਗਈਆਂ। "ਰਠੌਰ ਗੈਸਟ ਹਾਊਸ" ਦਾ ਉਥੇ ਨਾਮੋ-ਨਿਸ਼ਾਨ ਵੀ ਨਹੀਂ ਸੀ। ਪਤਾ ਲੱਗਿਆ ਕਿ ਲੰਘੀ ਰਾਤ ਬਹੁਤ ਵੱਡਾ ਬੱਦਲ ਫਟਿਆ ਸੀ, ਜੋ ਨਦੀ ਨਾਲ਼ ਲੱਗਦਾ ਲਗਭਗ ਅੱਧਾ ਪਿੰਡ ਆਪਣੇ ਨਾਲ ਹੀ ਵਹਾ ਕੇ ਲੈ ਗਿਆ ਸੀ। ਉਸਦੇ ਮੰਮੀ-ਪਾਪਾ ਦਾ ਵੀ ਕੁਝ ਪਤਾ ਨਹੀਂ ਸੀ। ਕਿੰਨਾ ਕੁ ਜਾਨੀ ਤੇ ਮਾਲੀ ਨੁਕਸਾਨ ਹੋਇਆ ਸੀ, ਇਸਦਾ ਕੋਈ ਅੰਦਾਜ਼ਾ ਨਹੀਂ ਸੀ। ਲੰਘੀ ਰਾਤ ਨੂੰ ਕਸੋਲ ਤੋਂ ਸੌ ਮੀਲ ਦੂਰ ਹੋਟਲ ਵਿਚ ਜੋ ਦਿਲ ਚੀਰਵੀਂ ਬਿਜਲੀ ਕੜਕੀ ਸੀ, ਉਹ ਆਵਾਜ਼ ਕਸੋਲ ਵਿਖੇ ਬੱਦਲ ਫਟਣ ਦੀ ਹੀ ਸੀ।

ਇੱਕ ਪਾਸੇ ਜਿਹੜੇ ਪਲਾਂ ਨੂੰ ਵਿਕਰਮ ਆਪਣੀ ਜ਼ਿੰਦਗੀ ਦੇ ਸਭ ਤੋਂ ਹਸੀਨ ਪਲ ਸਮਝ ਰਿਹਾ ਸੀ, ਦੂਜੇ ਪਾਸੇ ਉਹੀ ਪਲ ਉਸਦੀ ਜ਼ਿੰਦਗੀ ਦੇ ਸਭ ਤੋਂ ਦੁਖਦਾਈ ਪਲ ਬਣ ਚੁੱਕੇ ਸਨ। ਵਿਕਰਮ ਨੂੰ ਸਿਰਫ਼ ਏਨਾ ਪਤਾ ਸੀ ਕਿ ਹੁਣ ਉਸਦਾ ਸਭ ਕੁਝ ਲੁੱਟ ਚੁੱਕਿਆ ਸੀ। ਇੱਥੇ ਇਕਰਮ ਕੋਲ ਇੱਕ ਗੱਡੀ ਤੋਂ ਸਿਵਾਏ ਕੁਝ ਵੀ ਨਹੀਂ ਸੀ ਬਚਿਆ। ਇਸ ਲਈ ਬਹੁਤ ਹੀ ਦੁਖੀ ਮਨ ਨਾਲ਼ ਉਸਨੇ ਕਸੋਲ ਛੱਡਣ ਦਾ ਫੈਸਲਾ ਕਰ ਲਿਆ।

-ਚਲਦਾ.....

ਕੁਲਵਿੰਦਰ ਸਿੰਘ ਬਾਠ
ਕੈਲੀਫੋਰਨੀਆ, ਯੂ.ਐੱਸ.ਏ.
209-600-2897
ਪੰਜਾਬ ਮੇਲ USA



# ਮਿਰਗਾਵਲੀ... ਜ਼ਿੰਦਗੀ ਦੇ ਰੰਗਾਂ, ਰਾਗਾਂ ਅਤੇ ਸ਼ਬਦਾਂ ਦਾ ਵਿਲੱਖਣ ਰਸ !

ਪੰਜਾਬੀ ਸਾਹਿਤ, ਕਲਾ ਅਤੇ ਸੱਭਿਆਚਾਰ ਦੀ ਜਾਣੀ-ਪਛਾਣੀ ਹਰਫ਼ਨਮੌਲਾ ਸ਼ਖ਼ਸੀਅਤ ਗੁਰਭਜਨ ਸਿੰਘ ਗਿੱਲ ਦੇ ਗ਼ਜ਼ਲ ਸੰਗ੍ਰਹਿ "ਮਿਰਗਾਵਲੀ" ਨੂੰ ਪੜ੍ਹਨ ਅਤੇ ਮਾਣਨ ਦਾ ਮੌਕਾ ਮਿਲਿਆ। ਸੱਜਰੇ ਛਪੇ ਐਡੀਸ਼ਨ ਦੀ ਸਾਹਿਤਕ ਹਲਕਿਆਂ ਵਿਚ ਹੋ ਰਹੀ ਚਰਚਾ 'ਮਿਰਗਾਵਲੀ ਤੇ ਗੁਰਭਜਨ ਗਿੱਲ' ਦੀ ਪਾਠਕਾਂ ਵਿਚ ਮਕਬੂਲੀਅਤ ਨੂੰ ਪ੍ਰਗਟਾਉਂਦੀ ਹੈ। ਆਸਿਫ਼ ਰਜ਼ਾ ਅਤੇ ਇਮਰੋਜ਼ ਦੁਆਰਾ 'ਮਿਰਗਾਂ ਦੀ ਡਾਰ' ਅਤੇ ਦਿਲ ਟੁੰਬਦੇ ਰੰਗਾਂ ਨਾਲ ਸ਼ਿੰਗਾਰਿਆ ਮੁੱਖ ਪੰਨਾ ਇਸ ਕਾਵਿ ਸੰਗ੍ਰਹਿ ਅੰਦਰ ਸ਼ਾਮਲ ਗ਼ਜ਼ਲਾਂ ਦੀ ਰੂਹ ਤੇ ਰਸ ਨੂੰ ਚਾਰ ਚੰਨ੍ਹ ਲਗਾਉਂਦਾ ਹੈ।

ਕਵਿਤਾ, ਗ਼ਜ਼ਲ ਜਾਂ ਫਿਰ ਕੋਈ ਵੀ ਰਚਨਾ ਮਨੁੱਖੀ ਹਿਰਦੇ ਦੇ ਵਲਵਲਿਆਂ ਦੀ ਸੁਹਜਮਈ ਤਰਜਮਾਨੀ ਕਰਦੀ ਹੈ, ਜਿਸ ਦੀ ਅਹਿਮੀਅਤ ਇਸ ਅੰਦਰ ਸਮਾਏ ਨਜ਼ਰੀਏ ਦੀ ਹੁੰਦੀ ਹੈ। ਗੁਰਭਜਨ ਗਿੱਲ ਦੀ ਗਜ਼ਲ ਉਸ ਦੇ ਜਜ਼ਬਿਆਂ ਅਤੇ ਭਾਵਨਾਵਾਂ ਦਾ ਆਪ-ਮੁਹਾਰਾ ਪ੍ਰਵਾਹ ਹੈ। ਰਚਨਾ ਵਿਚ ਰਸ ਅਤੇ ਸਕਾਰਾਤਮਕ ਸੁਨੇਹਾ ਹੈ, ਜੋ ਪਾਠਕ ਦੇ ਮਨ 'ਤੇ ਗਹਿਰਾ ਤੇ ਚਿਰਜੀਵੀ ਪ੍ਰਭਾਵ ਪਾਉਂਦਾ ਹੈ। ਸ਼ਬਦਾਂ ਦੀ ਚੋਣ ਅਤੇ ਜਾਦੂਗਰੀ ਪਾਠਕ ਦੇ ਮਨ ਉੱਪਰ ਅਸਰ ਛੱਡਦੀ ਹੈ। ਪਾਠਕ ਖ਼ੁਦ-ਬ-ਖ਼ੁਦ ਰਚਨਾ ਦੇ ਸੰਗ ਗੁਫ਼ਤਗੂ ਕਰਦਿਆਂ ਉਸ ਦੇ ਨਾਲ ਹੀ ਤੁਰ ਪੈਂਦਾ ਹੈ। ਚੰਗੇ ਲੇਖਕ ਦੀ ਸ਼ਾਹਕਾਰ ਸਿਰਜਣਾ ਦੀ ਨਿਸ਼ਾਨਦੇਹੀ ਕਰਦੀ ਹੈ।

**ਗੁਰਭਜਨ ਗਿੱਲ ਦਾ ਵਿਸ਼ਾਲ ਸਾਹਿਤਕ ਸੰਸਾਰ...**

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਸਮਰਪਿਤ ਸ਼੍ਰੋਮਣੀ ਪੰਜਾਬੀ ਕਵੀ ਗੁਰਭਜਨ ਗਿੱਲ ਨੂੰ ਬਹੁਤੀ ਜਾਣ-ਪਛਾਣ ਦੀ ਜ਼ਰੂਰਤ ਨਹੀਂ ਹੈ। ਉਸ ਨੂੰ ਜਾਨਣ ਤੇ ਚਾਹੁਣ ਵਾਲਿਆਂ ਦਾ ਘੇਰਾ ਵਿਸ਼ਾਲ ਹੈ। ਬਹੁਵਿਧਾਵੀ ਅਤੇ ਸਮਰੱਥ ਸਾਹਿਤਕਾਰ ਜਿਸ ਨੇ ਗੀਤ, ਗ਼ਜ਼ਲ, ਕਵਿਤਾ, ਵਾਰਤਕ ਵਿਚ ਵਿਲੱਖਣ ਪੈੜਾਂ ਪਾਈਆਂ ਹਨ। ਇਸ ਦੇ ਨਾਲ ਹੀ ਉਹ ਸਾਹਿਤਕ ਟਿੱਪਣੀਕਾਰ, ਖੇਤੀਬਾੜੀ ਵਿਗਿਆਨ ਸਾਹਿਤ ਸੰਪਾਦਨ, ਪੇਂਡੂ ਖੇਡਾਂ ਤੇ ਸੱਭਿਆਚਾਰਕ ਮੇਲਿਆਂ ਦੇ ਸਰਪ੍ਰਸਤ ਵਜੋਂ ਵੀ 'ਪੂਰੇ ਦਾ ਪੂਰਾ' ਸਰਗਰਮ ਹੈ। ਪੰਜਾਬੀ ਲੋਕ ਵਿਰਾਸਤ ਅਕਾਦਮੀ ਲੁਧਿਆਣਾ ਦੇ ਮੌਜੂਦਾ ਚੇਅਰਮੈਨ ਹਨ। ਅਨੇਕਾਂ ਸਨਮਾਨਾਂ ਨਾਲ ਸਨਮਾਨਿਤ ਪੰਜਾਬੀ ਸਾਹਿਤ ਦੇ ਇਸ ਧਰੂ-ਤਾਰੇ ਨੇ ਸਾਹਿਤ ਵਿਚ ਵਡਮੁੱਲਾ ਯੋਗਦਾਨ ਪਾਇਆ ਅਤੇ ਪਾ ਰਿਹਾ ਹੈ। 'ਧੁਰ ਰੂਹ ਤੋਂ ਪੰਜਾਬੀ' ਗੁਰਭਜਨ ਗਿੱਲ ਦੀ ਸਿਰਜਣਾਤਮਿਕ ਕ੍ਰਿਆਸ਼ੀਲਤਾ ਉਸ ਦੇ 'ਜੀਨਜ' ਵਿਚ ਹੈ, ਜੋ ਖ਼ੁਦ-ਬ-ਖ਼ੁਦ ਪ੍ਰਗਟ ਹੁੰਦੀ ਜਾ ਰਹੀ ਹੈ। ਅੱਧੀ ਸਦੀ ਤੋਂ ਵੀ ਲੰਮੇ ਸਾਹਿਤਕ ਸਫ਼ਰ ਦੇ ਪੈਂਡਿਆਂ 'ਤੇ ਤੁਰਦਿਆਂ ਉਨ੍ਹਾਂ ਬਹੁਤ ਹੋਰ ਨਵੇਂ ਸ਼ਾਇਰਾਂ ਅਤੇ ਸਾਹਿਤ ਪ੍ਰੇਮੀਆਂ ਨੂੰ ਨਾਲ ਤੋਰਿਆ। ਸਾਹਿਤਕ ਸੱਜਣਾਂ ਦਾ ਇਹ ਕਾਫ਼ਲਾ ਹੋਰ ਵੱਡਾ ਹੁੰਦਿਆਂ ਅੱਗੇ ਵੱਧ ਰਿਹਾ ਹੈ।

ਗੁਰਭਜਨ ਗਿੱਲ ਦੀ ਲੇਖਣੀ 'ਤੇ ਮੋਟੀ ਜਿਹੀ ਹੀ ਨਜ਼ਰ ਮਾਰਦਿਆਂ ਉਨ੍ਹਾਂ ਦੀ ਅਥਾਹ ਸਿਰਜਣਾਤਮਿਕ ਸ਼ਕਤੀ ਦਾ ਇਜ਼ਹਾਰ ਹੋ ਜਾਂਦਾ ਹੈ। ਉਨ੍ਹਾਂ ਦਾ ਪਲੇਠਾ ਕਾਵਿ ਸੰਗ੍ਰਹਿ "ਸ਼ੀਸ਼ਾ ਝੂਠ ਬੋਲਦਾ ਹੈ" 1978 ਵਿਚ ਪਾਠਕਾਂ ਦੇ ਸਨਮੁਖ ਹੋਇਆ ਸੀ। 21 ਕਾਵਿ / ਗ਼ਜ਼ਲ ਸੰਗ੍ਰਹਿ, 5 ਸਹਿ-ਸੰਪਾਦਕ ਗ਼ਜ਼ਲ ਸੰਗ੍ਰਹਿ, 1 ਵਾਰਤਕ, 1 ਹਿੰਦੀ ਕਾਵਿ ਸੰਗ੍ਰਹਿ, 2 ਕਾਵਿ ਸੰਗ੍ਰਹਿ ਸੰਪਾਦਨ ਤੋਂ ਇਲਾਵਾ 6 ਕਾਵਿ ਸੰਗ੍ਰਹਿਆਂ ਦਾ ਸ਼ਾਹਮੁਖੀ ਵਿਚ ਪ੍ਰਕਾਸ਼ਨ, ਗੁਰਭਜਨ ਗਿੱਲ ਦੀ ਚੜ੍ਹਦੇ, ਲਹਿੰਦੇ ਅਤੇ ਗਲੋਬਲ ਪੰਜਾਬ ਵਿਚ ਮਕਬੂਲੀਅਤ ਦਾ ਪ੍ਰਤੀਕ ਹੈ।

ਗੁਰਭਜਨ ਗਿੱਲ ਵਰਗੀ ਸਮੁੰਦਰ ਨੁਮਾ ਸ਼ਖ਼ਸੀਅਤ ਨੂੰ ਕੁੱਜੇ ਵਿਚ 'ਕੱਠੇ ਕਰਨਾ ਮੇਰੇ ਵਰਗੇ ਐਰੇ-ਗੈਰੇ ਦੇ ਵੱਸ ਤੋਂ ਬਾਹਰ ਦੀ ਗੱਲ ਹੈ। ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਉਨ੍ਹਾਂ ਨਾਲ ਜਦ ਵੀ ਗੱਲ ਕਰਦਾ ਹਾਂ, ਤਾਂ ਮੈਨੂੰ ਇੰਜ ਮਹਿਸੂਸ ਹੁੰਦਾ ਹੈ, ਜਿਵੇਂ ਮੇਰਾ ਵੱਡਾ ਭਾਈ ਰੰਗਲੇ ਪੰਜਾਬ ਦੀਆਂ ਰੰਗਾਂ, ਰਾਗਾਂ ਤੇ ਰਸਾਂ ਨਾਲ ਲਬਰੇਜ਼ ਬਾਤਾਂ ਪਾਉਂਦਾ ਹੋਵੇ। ਮਾਨਵੀ ਕਦਰਾਂ-ਕੀਮਤਾਂ ਦੇ ਨਿਘਾਰ, ਬੇਇਨਸਾਫ਼ੀ ਅਤੇ ਸ਼ੋਸ਼ਣ ਨੂੰ ਲੰਮੇ ਹੱਥੀਂ ਲੈਂਦਾ ਹੈ। ਸਮੁੱਚੀ ਮਾਨਵਤਾ ਦੀ ਭਲਾਈ ਵਾਸਤੇ ਚੜ੍ਹਦੀ ਕਲਾ ਅਤੇ ਸਕਾਰਾਤਮਕ ਸੋਚ ਵਾਲੀਆਂ... ਗੱਲਾਂ.. ਤੇ.. ਬਾਤਾਂ ਕਰਦਾ ਹੈ! ਮਿੱਠਬੋਲੜਾ, ਮਿਲਣਸਾਰ ਤੇ ਮੁਹੱਬਤੀ ਸ਼ਖ਼ਸੀਅਤ ਵਾਲਾ ਵਿਦਵਾਨ ਹੈ।

**ਮਿਰਗਾਵਲੀ... ਜ਼ਿੰਦਗੀ ਦੇ ਰੰਗਾਂ, ਰਾਗਾਂ ਅਤੇ ਸ਼ਬਦਾਂ ਦਾ ਵਿਲੱਖਣ ਰਸ !**

ਖ਼ੂਬਸੂਰਤ ਟਾਈਟਲ ਪੇਜ ਨਾਲ ਸ਼ਿੰਗਾਰੇ 120 ਪੰਨੇ ਦੇ ਇਸ ਗ਼ਜ਼ਲ ਸੰਗ੍ਰਹਿ ਨੂੰ ਗੁਰਭਜਨ ਗਿੱਲ ਨੇ ਆਪਣੇ ਸਾਹਿਤਕ ਅਤੇ ਅਧਿਆਪਨ ਦੇ ਕਾਰਜਕਾਲ ਦੌਰਾਨ ਸ਼ਬਦ-ਸਿਰਜਣਾ ਲਈ ਮਿਲੀ ਮੁਹੱਬਤ ਦੇ ਨਾਮ ਇੰਜ ਕੀਤਾ ਹੈ...

ਰੰਗ, ਰਾਗ ਤੇ ਸ਼ਬਦ ਮੁਕੰਮਲ ਜ਼ਿੰਦਗੀ ਅੰਦਰ ਰਸ ਭਰਦੇ ਨੇ।

ਇਨ੍ਹਾਂ ਤੋਂ ਬਿਨ ਰੂਹ ਦੇ ਪੰਛੀ, ਗਗਨ ਉਡਾਰੀ ਕਦ ਭਰਦੇ ਨੇ।

'ਮਿਰਗਾਵਲੀ' ਗ਼ਜ਼ਲ ਸੰਗ੍ਰਹਿ ਦੀ ਰੂਹ ਦੇ ਅੰਦਰ ਲੇਖਕ ਦੀ ਦਾਨਿਸ਼ਵਰੀ, ਸੰਵੇਦਨਸ਼ੀਲਤਾ, ਮੁਹੱਬਤੀ ਰੂਹ, ਅਤੇ ਬੇਬਾਕ ਮਨ ਦੇ ਅੰਦਾਜ਼ ਦੀ ਸਾਫ਼ ਝਲਕ ਪੈਂਦੀ ਹੈ। ਅਨੁਭਵਾਂ, ਰੰਗਾਂ ਤੇ ਰਸਾਂ ਨੂੰ ਪ੍ਰਗਟਾਉਂਦੇ ਸ਼ਬਦ ਰੂਹ ਨੂੰ ਧੂਅ ਪਾਉਂਦੇ ਹਨ, ਚੰਗੇ ਵੀ ਲੱਗਦੇ ਹਨ ਅਤੇ ਵਕਤ ਦੇ ਘੁੰਮ ਰਹੇ ਪਹੀਏ ਵਾਂਗ ਆਪਣੀ ਮੰਜ਼ਿਲ ਵੱਲ ਤੁਰਦੇ ਰਹਿਣ ਲਈ ਪ੍ਰੇਰਦਿਆਂ ਚੰਗੇਰੀਆਂ ਪੈੜਾਂ ਪਾ ਰਹੇ ਹਨ।

ਦੋਸਤੋ, ਕਿਸੇ ਕਾਰਨ ਦੀ ਵਜ੍ਹਾ ਹੁੰਦਿਆਂ ਜਾਂ ਨਾ-ਹੁੰਦਿਆਂ ਹੋਇਆਂ ਵੀ ਅਜੋਕਾ ਇਨਸਾਨ ਖ਼ੁਦ ਦੀ ਭਾਲ ਵਿਚ ਹੀ ਗੁਆਚਾ ਫਿਰਦਾ ਹੈ। ਖ਼ੁਦ ਦੇ ਅੰਦਰ ਨਹੀਂ ਝਾਕਦਾ। ਉਸ ਦੇ ਪੈਰ ਵੀ ਜ਼ਮੀਨ ਤੋਂ ਉੱਖੜ ਗਏ ਹਨ। ਉੱਚੀਆਂ ਉਡਾਰੀਆਂ 'ਚੋਂ ਪੰਛੀ ਝਾਤ ਮਾਰਦਾ ਹੈ, ਤਾਂ ਉਸ ਨੂੰ ਸਭ ਸੰਸਾਰ ਖ਼ੁਦ ਤੋਂ ਬਹੁਤ ਛੋਟਾ ਅਤੇ ਥੱਲੇ ਲੱਗਦਾ ਹੈ। ਔਖੇ ਵੇਲੇ ਤੇ ਅਸਮਾਨੋਂ ਡਿੱਗਦੇ ਹੋਏ ਨੂੰ ਮਾਂ ਜਾਂ ਧਰਤੀ ਮਾਂ ਹੀ ਬੋਚਦੀ ਹੈ। ਠੋਕਰ ਲੱਗਦੀ ਹੈ ਤਾਂ ਉਸ ਦੇ ਚੁੱਪ ਮਨ ਜਾਂ ਜ਼ੁਬਾਨ ਵਾਲੇ ਮੁੱਖ ਵਿਚੋਂ 'ਹਾਏ ਮਾਂ' ਦੀ ਪੁਕਾਰ ਆਪ ਮੁਹਾਰੇ ਨਿਕਲਦੀ ਹੈ...।

"ਸੱਤ ਸਮੁੰਦਰ ਪਾਰ" ਗ਼ਜ਼ਲ ਦੀਆਂ ਕੁਝ ਖ਼ੂਬਸੂਰਤ ਲਾਈਨਾਂ ਇੰਜ ਬੋਲ ਰਹੀਆਂ ਹਨ...

ਸੱਤ ਸਮੁੰਦਰ ਪਾਰ ਗਵਾਚੇ ਫਿਰਦੇ ਹਾਂ।
ਖ਼ੁਦ ਨੂੰ ਲੱਭਦੇ ਫਿਰਦੇ ਕਿੰਨੇ ਚਿਰ ਦੇ ਹਾਂ।
ਮਾਂ ਹੀ ਚੇਤੇ ਆਵੇ ਜਾਂ ਫਿਰ ਧਰਤੀ ਮਾਂ,
ਵਿਚ ਮੁਸੀਬਤ ਜਦ ਵੀ ਆਪਾਂ ਘਿਰਦੇ ਹਾਂ।

ਹੁਸੀਨ ਸੁਪਨੇ, ਸਤਰੰਗੀ ਪਰਵਾਜ਼ਾਂ ਅਤੇ ਮੋਹ-ਮੁਹੱਬਤ ਧੜਕਦੇ ਦਿਲਾਂ ਦੀ ਨਿਸ਼ਾਨਦੇਹੀ ਕਰਦੀ ਹੈ। ਪਾਕਿ ਮੁਹੱਬਤ ਯਾਰ ਨਾਲ ਹੋਵੇ ਜਾਂ ਫਿਰ ਰੱਬ ਨਾਲ, ਇਹ ਇਨਸਾਨ ਨੂੰ ਜਿਉਂਦਾ ਰੱਖਦੀ ਹੈ, ਤੁਰ ਜਾਣ ਤੋਂ.. ਚਿਰ ਬਾਅਦ ਵੀ। ਮੁਹੱਬਤ ਅਤੇ ਮੁਹੱਬਤੀ ਰੂਹ ਤੋਂ ਵਿਹੂਣਾ ਇਨਸਾਨ ਜਿਉਂਦਾ ਕਿੱਥੋਂ ਹੈ? ਗੁਰਭਜਨ ਗਿੱਲ ਦੀ ਰੂਹ ਦੇ ਇਨ੍ਹਾਂ ਅਹਿਸਾਸਾਂ ਦੀ ਮੁਹੱਬਤੀ ਗਲਵੱਕੜੀ ਦਾ ਨਿੱਘ ਮਾਣਦਿਆਂ ਪਾਠਕ ਉਸ ਦੀ ਸਿਰਜਣਾ ਨੂੰ ਖ਼ੁਦ-ਬ-ਖ਼ੁਦ ਦਿਲ ਨਾਲ ਲਾਉਂਦਾ ਹੈ... ਤੇ ਸਲਾਮ ਕਰਦਾ ਹੈ!

**"ਅੱਜ ਉੱਠਦੇ ਸਵੇਰੇ ਤੇਰਾ ਆਇਆ"...**

ਅੱਜ ਉੱਠਦੇ ਸਵੇਰੇ ਤੇਰਾ ਆਇਆ ਸੀ ਖ਼ਿਆਲ।
ਝੋਲੀ ਭਰ ਗਈ ਹੈ ਮੇਰੀ ਸੂਹੇ ਸੂਹੇ ਫੁੱਲਾਂ ਨਾਲ।
ਹੋਰ ਸਾਰੇ ਹੀ ਸਵਾਲਾਂ ਦੇ ਜਵਾਬ ਮੇਰੇ ਕੋਲ,
ਕੱਲ੍ਹਾ ਹੱਲ ਹੀ ਨਾ ਹੋਵੇ, ਤੇਰੀ ਚੁੱਪ ਦਾ ਸਵਾਲ।
.....

**"ਮਨ ਦਾ ਵਿਹੜਾ"...**

ਮਨ ਦਾ ਵਿਹੜਾ ਮਹਿਕ ਗਿਆ ਹੈ।
ਹੁਣ ਹੀ ਤੇਰਾ ਖ਼ਤ ਮਿਲਿਆ ਹੈ।
ਵਗਦੀ ਪੌਣ ਮਗਰ ਨਹੀਂ ਜਾਣਾ,
ਮੈਂ ਸਧਰਾਂ ਨੂੰ ਵਰਜ ਲਿਆ ਹੈ।

ਜਬਰ, ਜ਼ੁਲਮ, ਬੇਇਨਸਾਫ਼ੀ, ਵਿਤਕਰਾ, ਸ਼ੋਸ਼ਣ ਜਦ ਕੋਈ ਵੀ ਕਰਦਾ ਹੈ, ਤਾਂ ਇਨਸਾਨ ਇਨਸਾਨੀਅਤ ਸਮੇਤ ਮਰਦਾ ਹੈ। ਬਾਣੀ ਵੀ ਇਹੀ ਕਹਿੰਦੀ ਹੈ... ਜਦ ਨਰ (ਬੰਦੇ/ਇਨਸਾਨ) ਦੇ ਅੰਦਰ ਨਰੂ (ਇਨਸਾਨੀਅਤ) ਮਰ ਜਾਂਦੀ ਹੈ, ਤਾਂ ਉਹ ਬੰਦਾ ਕਿਸੇ ਕੰਮ ਦਾ ਨਹੀਂ ਰਹਿੰਦਾ। ਯਾਨੀ, ਬੰਦਾ ਜਿਉਂਦਾ ਹੀ ਮਰ ਜਾਂਦਾ ਹੈ ਜਾਂ ਕਹਿ ਲਵੋ ਮਰਿਆਂ ਬਰਾਬਰ ਹੀ ਹੁੰਦਾ ਹੈ। ਇਸ ਤਰ੍ਹਾਂ ਦੇ ਨਰ ਆਪਾਂ ਆਪਣੇ ਜੀਵਨ ਵਿਚ ਆਮ ਹੀ ਦੇਖਦੇ ਹਾਂ। ਸੰਵੇਦਨਸ਼ੀਲ ਸ਼ਾਇਰ ਦਾ ਕਾਵਿ-ਮਨ ਕੁਰਲਾਉਂਦਾ ਹੈ। ਜਾਬਰ ਨੂੰ ਵੰਗਾਰਨ ਦੇ ਨਾਲ ਹੀ ਜ਼ੁਲਮ ਨੂੰ 'ਭਾਣਾ ਮੰਨ' ਕੇ ਸਹਿੰਦੇ ਅਵਾਮ ਵਿਚ ਇਨਕਲਾਬੀ ਰੂਹ ਅਤੇ ਜੋਸ਼ ਵੀ ਭਰਦਾ ਹੈ।

**"ਅੰਬਰਾਂ ਵਿਚ ਤਾਰੀ ਲੱਗਣੀ ਨਹੀਂ"...**

ਅੰਬਰਾਂ ਵਿਚ ਤਾਰੀ ਲੱਗਣੀ ਨਹੀਂ, ਜੇ ਖੰਭਾਂ ਵਿਚ ਪਰਵਾਜ਼ ਨਹੀਂ।
ਕਬਰਾਂ ਜਿਹੀ ਚੁੱਪ ਕਿਉਂ ਚਿਹਰੇ ਤੇ, ਹੈ ਬੰਦ ਜ਼ਬਾਨ, ਆਵਾਜ਼ ਨਹੀਂ।
ਕਾਵਾਂ ਦੀ ਅਸਲ ਹਕੀਕਤ ਨੂੰ, ਤੂੰ ਜਾਣਦਿਆਂ ਵੀ ਚੁੱਪ ਰਹਿੰਦੈਂ,
ਸੱਚ ਬੋਲਣ ਤੋਂ ਘਬਰਾ ਜਾਣਾ, ਇਸ ਧਰਤੀ ਦਾ ਅੰਦਾਜ਼ ਨਹੀਂ।

"ਜੀ ਆਇਆਂ ਨੂੰ ਆਖਣ ਦੇ"... ਗ਼ਜ਼ਲ ਦੇ ਖ਼ੂਬਸੂਰਤ ਲਫ਼ਜ਼ ਖ਼ੁਦ-ਬ-ਖ਼ੁਦ ਬੜਾ ਕੁਝ ਬੋਲ ਰਹੇ ਨੇ! ਪਾਠਕ ਨਾਲ ਸੰਵਾਦ ਰਚਾਉਂਦੇ ਹਨ।

ਜੀ ਆਇਆਂ ਨੂੰ ਆਖਣ ਦੇ ਲਈ ਹਰ ਵਾਰੀ ਮੁਸਕਾਨ ਨਹੀਂ ਹੁੰਦੀ।
ਹਰ ਵੰਗਾਰ, ਚੁਣੌਤੀ ਮਿੱਤਰੋ, ਹਰ ਮਨ ਵਿਚ ਮਹਿਮਾਨ ਨਹੀਂ ਹੁੰਦੀ।...

ਦੋਸਤੋ, ਸਭ ਜਾਣਦੇ ਹਨ ਕਿ ਸ਼ੀਸ਼ਾ ਝੂਠ ਨਹੀਂ ਬੋਲਦਾ। ਮਨ ਮਸਤਕ ਦੀ ਧੂੜ ਸ਼ੀਸ਼ਾ ਸਾਫ਼ ਕੀਤਿਆਂ ਸਾਫ਼ ਨਹੀਂ ਹੁੰਦੀ। ਫਿਰ ਵੀ ਸ਼ੀਸ਼ੇ ਦੇ ਸੱਚ ਮੂਹਰੇ ਖੜ੍ਹਾ ਬੰਦਾ ਖ਼ੁਦ 'ਤੇ ਯਕੀਨ ਹੀ ਨਹੀਂ ਕਰਦਾ!

**"ਸ਼ੀਸ਼ੇ ਅੰਦਰ ਕਿਸ ਦਾ ਚਿਹਰਾ"...**

ਸ਼ੀਸ਼ੇ ਅੰਦਰ ਕਿਸ ਦਾ ਚਿਹਰਾ, ਮੇਰੇ 'ਤੇ ਕਿਉਂ ਹੱਸ ਰਿਹਾ ਹੈ।
ਜੋ ਕੁਝ ਮੈਂ ਅੱਜ ਤੀਕ ਲੁਕਾਇਆ, ਬੋਲ ਬੋਲ ਕੇ ਦੱਸ ਰਿਹਾ ਹੈ
ਮੈਂ ਕਿੱਧਰ ਨੂੰ ਤੁਰਿਆ ਜਾਵਾਂ, ਜਲਥਲ, ਦਲਦਲ ਚਾਰ ਚੁਫ਼ੇਰੇ,
ਪਿਛਲਾ ਕਦਮ ਗਵਾਚ ਰਿਹਾ ਹੈ, ਅਗਲਾ ਹੇਠਾਂ ਧੱਸ ਰਿਹਾ ਹੈ।

ਦਹਿਸ਼ਤ ਦੇ ਮਾਹੌਲ ਵਿਚ ਇਨਸਾਨ ਜੀਵਨ ਨਹੀਂ ਜਿਉਂਦਾ, ਬਲਕਿ, ਡਰਦਾ-ਸਹਿਮਦਾ ਤੇ ਡਿੱਗਦਾ-ਢਹਿੰਦਾ ਜੂਨ ਕੱਟਦਾ ਹੈ। ਕੋਈ ਵੀ ਧਰਮ ਜਾਂ ਮਜ਼੍ਹਬ ਦਹਿਸ਼ਤ ਨਹੀਂ, ਬਲਕਿ, ਮਨੁੱਖਤਾ ਅਤੇ ਇਨਸਾਨ ਦੇ ਜੀਵਨ ਜਾਚ ਦੀ ਗੱਲ ਕਰਦਾ ਹੈ।

**"ਦਹਿਸ਼ਤ ਦਾ ਕੋਈ ਧਰਮ ਨਾ ਹੁੰਦਾ"...**

ਦਹਿਸ਼ਤ ਦਾ ਕੋਈ ਧਰਮ ਨਾ ਹੁੰਦਾ, ਇਹ ਤਾਂ 'ਨੇਰ੍ਹਾ ਗਰਦੀ।
ਗ਼ਾਜ਼ੀ ਬਣ ਕੇ ਲੋਕ ਕਰਨ ਜਾਂ ਕਰਦੀ ਸ਼ਾਹੀ ਵਰਦੀ।
ਬਾਬਰ ਵੇਲੇ ਤੋਂ ਅੱਜ ਤੀਕਰ, ਸਰਬ ਸਮੇਂ ਨੇ ਤੱਕਿਆ,
ਕੁਰਸੀ ਦੀ ਰਖਵਾਲੀ ਖ਼ਾਤਰ, ਕਲਗੀ ਕੀਹ ਕੁਝ ਕਰਦੀ।

ਸੰਵੇਦਨਸ਼ੀਲ ਮਨੁੱਖ ਦੀ ਰੂਹ ਅੰਦਰ ਅਨੁਭਵਾਂ ਜਾਂ ਅਹਿਸਾਸਾਂ ਦਾ ਚਸ਼ਮਾ ਫੁੱਟਦਾ ਰਹਿੰਦਾ ਹੈ। ਚਾਹੁੰਦਿਆਂ ਹੋਇਆਂ ਵੀ ਉਹ ਇਸ ਪ੍ਰਕਿਰਿਆ ਨੂੰ ਜ਼ਿਆਦਾ ਦੇਰ ਤੱਕ ਰੋਕ ਜਾਂ ਟੋਕ ਨਹੀਂ ਸਕਦਾ। ਅਡੋਲ ਸ਼ਬਦਾਂ ਵਿਚ ਅਥਾਹ ਸ਼ਕਤੀ ਹੁੰਦੀ ਹੈ ਅਤੇ ਲੇਖਕ ਸਮਾਜਿਕ, ਸੱਭਿਆਚਾਰਕ, ਰਾਜਨੀਤਿਕ ਤੇ ਹੋਰ ਅਜਿਹੀਆਂ ਬੇਇਨਸਾਫ਼ੀਆਂ ਖਿਲਾਫ਼ ਆਵਾਜ਼ ਬੁਲੰਦ ਕਰਨ ਨੂੰ ਆਪਣਾ ਧਰਮੀ ਕਰਤੱਵ ਮੰਨਦਾ ਹੈ। ਗੁਰਭਜਨ ਗਿੱਲ ਦੀ ਰੂਹ ਦਾ ਇਹ ਸੁਨੇਹਾ ਪਾਠਕਾਂ ਦੀ ਰੂਹ ਨੂੰ ਛੂਹ ਜਾਂਦਾ ਹੈ।

**"ਇਹ ਨਾ ਸਮਝੀਂ ਮੈਂ ਤਾਂ ਸਿਰਫ਼ ਲਿਖਾਰੀ ਹਾਂ"...**

ਇਹ ਨਾ ਸਮਝੀਂ ਮੈਂ ਤਾਂ ਸਿਰਫ਼ ਲਿਖਾਰੀ ਹਾਂ।
ਹਰ ਪਲ ਬਦੀਆਂ ਦੀ ਜੜ੍ਹ ਕੱਟਦੀ ਆਰੀ ਹਾਂ।
ਗੀਤ, ਗ਼ਜ਼ਲ ਤੇ ਕਵਿਤਾ ਲਿਖਣਾ ਸ਼ੌਕ ਨਹੀਂ,
ਧਰਮ ਪਛਾਨਣ ਵਰਗੀ ਜ਼ੁੰਮੇਵਾਰੀ ਹਾਂ।
ਜੇ ਮੇਰਾ ਇੱਕ ਸ਼ਬਦ ਕਦੇ ਵੀ ਡੋਲੇ ਤਾਂ,
ਮੈਂ ਮੁਜਰਿਮ ਹਾਂ, ਲਾਅਣਤ ਦਾ ਅਧਿਕਾਰੀ ਹਾਂ।

ਅਜੋਕੇ ਸਮਾਜ ਵਿਚ ਵਿਚਰਦਿਆਂ ਇੰਜ ਮਹਿਸੂਸ ਹੁੰਦਾ ਹੈ ਕਿ 'ਚੁੱਪ' ਸਾਡੇ ਜੀਵਨ 'ਤੇ ਅਮਰ ਵੇਲ ਵਾਂਗ ਛਾ ਗਈ ਹੈ ਅਤੇ ਮਨੁੱਖ ਨੂੰ ਅੰਦਰੋਂ-ਅੰਦਰੀ ਖਾ-ਮੁਕਾ ਰਹੀ ਹੈ। ਚੁੱਪ ਦਾ ਸ਼ੋਰ ਮਨ ਦੇ ਬੋਲ਼ੇ ਕੰਨਾਂ ਦੇ ਉਪਰੋਂ ਲੰਘ ਜਾਂਦਾ ਹੈ। ਇਹ ਤ੍ਰਾਸਦੀ ਜ਼ਿੰਦਗੀ ਦੇ ਰੰਗ-ਰਸ ਤੇ ਆਪਸੀ ਮੋਹ-ਮੁਹੱਬਤ ਦੀਆਂ ਨੂੰ ਜੜ੍ਹਾਂ ਨੂੰ ਸੁਕਾ ਰਹੀ ਹੈ... ਖਾ ਰਹੀ ਹੈ। ਗੁਰਭਜਨ ਗਿੱਲ ਦੀਆਂ ਲਾਈਨਾਂ ਖ਼ੂਬਸੂਰਤ ਅੰਦਾਜ਼ ਵਿਚ ਪਾਠਕਾਂ ਨਾਲ ਇਸ ਚਿੰਤਾ ਤੇ ਚਿੰਤਨ ਦਾ ਸੰਵਾਦ ਰਚਾ ਰਹੀਆਂ ਹਨ...

**"ਹੋਠਾਂ ਉੱਤੋਂ ਚੁੱਪ ਦੇ ਜੰਦਰੇ"...**

ਹੋਠਾਂ ਉੱਤੋਂ ਚੁੱਪ ਦੇ ਜੰਦਰੇ ਖੋਲ੍ਹ ਦਿਆ ਕਰ।
ਮਨ ਮਸਤਕ ਵਿਚ ਜੋ ਵੀ ਆਵੇ ਬੋਲ ਦਿਆ ਕਰ।
ਤੂੰ ਧਰਤੀ ਦੀ ਧੀ ਹੈਂ ਲੇਖਾ ਮਾਵਾਂ ਧੀਆਂ,
ਮਾਂ ਦੀ ਬੁੱਕਲ ਬਹਿ ਕੇ ਦੁਖ ਸੁਖ ਫ਼ੋਲ ਦਿਆ ਕਰ।

ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ॥ ਜੀਵਨ ਦੇ ਇਸ ਸੱਚ ਤੋਂ ਕੋਈ ਵੀ ਇਨਕਾਰੀ ਨਹੀਂ। ਫਿਰ ਵੀ, ਜਿਉਂਦੇ ਜੀ ਰੂਹ ਵਿਚ ਵੱਸਦੇ ਸੱਜਣ ਪਿਆਰੇ ਵਿਛੜਨ ਵੇਲੇ... ਪੂਰੀ ਤਰ੍ਹਾਂ ਕਦੇ ਵੀ ਨਹੀਂ ਵਿਛੜਦੇ। ਉਨ੍ਹਾਂ ਦਾ ਕੁਝ ਹਿੱਸਾ ਸਾਡੇ ਦਿਲ ਅੰਦਰ ਰਹਿ ਜਾਂਦਾ ਹੈ ਅਤੇ ਜਾਂਦੇ-ਜਾਂਦੇ ਸਾਡਾ ਕੁਝ ਨਾ ਕੁਝ ਉਹ ਆਪਣੇ ਨਾਲ ਲੈ ਜਾਂਦੇ ਹਨ। ਜੀਵਨ ਸਾਥਣ ਜਸਵਿੰਦਰ ਕੌਰ ਦੇ ਨਾਂ.... "ਨਜ਼ਰ ਤੇਰੀ ਦੀ ਇਨਾਇਤ" ਗ਼ਜ਼ਲ ਵਿਚ ਗੁਰਭਜਨ ਗਿੱਲ ਦਾ ਧੜਕਦਾ ਦਿਲ ਵੀ ਵਿੱਛੜ ਗਿਆਂ ਨੂੰ ਯਾਦ ਕਰ ਰਿਹਾ ਹੈ...।


ਰਿਸ਼ਤਿਆਂ ਦੇ ਤਾਣਿਆਂ-ਬਾਣਿਆਂ ਵਿਚੋਂ ਮਾਂ ਦਾ ਰਿਸ਼ਤਾ ਬੇਹੱਦ ਪ੍ਰਿਯ, ਨਾਜ਼ੁਕ, ਕੋਮਲ ਜਾਂ ਫਿਰ ਕਹਿ ਲਵੋ ਕਿ ਆਪਸੀ ਗੰਢ ਵਾਲਾ ਹੁੰਦਾ ਹੈ। ਸ਼ਾਇਦ ਨਹੀਂ... ਯਕੀਨਨ ਹੀ 'ਨਾੜੂ ਦੀ ਸਾਂਝ' ਦਾ ਖੇਲ ਹੈ। ਗੁਰਬਾਣੀ ਨੇ ਧਰਤੀ ਨੂੰ ਮਾਂ ਨਾਲ ਗੰਢਿਆ ਹੈ। ਸਮਾਜ, ਸੱਭਿਆਚਾਰ ਅਤੇ ਕਲਚਰ ਨੇ ਬੋਲੀ ਨੂੰ! ਨਾਸ਼ੁਕਰਾ ਬੰਦਾ ਮਾਂ, ਮਾਂ-ਭੂਮੀ ਤੇ ਮਾਂ-ਬੋਲੀ ਦੇ ਤਾਣਿਆਂ ਦੀਆਂ ਤੰਦਾਂ ਨੂੰ ਲੂਹਣ-ਜਾਲਣ ਤੇ ਕੱਟਣ-ਵੱਢਣ ਲਈ ਆਪਣਾ ਖ਼ੁਦ ਦਾ ਤਾਣਾ-ਬਾਣਾ ਬੁਣਦਾ ਈ ਰਹਿੰਦਾ ਹੈ! ਗੁਰਭਜਨ ਗਿੱਲ ਨੇ ਮਾਂ ਦੇ ਕੋਮਲ ਰਿਸ਼ਤੇ ਨੂੰ "ਉਹ ਤਾਂ ਕੇਵਲ ਚੋਲ਼ਾ ਬਦਲੇ" ਗ਼ਜ਼ਲ ਵਿਚ ਬਾਖ਼ੂਬੀ ਬਿਆਨਿਆ ਹੈ।

"ਇਹ ਸਾਰੀ ਸ਼ਾਨ ਤਾਂ"... ਗਜ਼ਲ ਵਿਚ ਗੁਰਭਜਨ ਗਿੱਲ ਗੁਰਾਂ ਦੀ ਬਖਸ਼ੀ ਹੋਈ ਦਸਤਾਰ ਦੀ ਸ਼ਾਨ ਦੇ ਨਾਲ ਹੀ ਦਸਤਾਰ ਲਈ ਚੁਣੌਤੀ, ਹਾਕਮ ਧਿਰਾਂ ਦੀ ਖ਼ੁਦੀ ਦੀ ਫੁੰਕਾਰ ਅਤੇ ਜਵਾਨੀ ਦੀ ਇਨਕਲਾਬੀ ਸੋਚ ਅਤੇ ਵੰਗਾਰ ਨੂੰ ਵੀ ਉਭਾਰਦੀ ਹੈ।

ਮੇਰੇ ਪਾਠਕ ਦੋਸਤੋ, ਮਿਰਗਾਵਲੀ ਕਿਤਾਬ ਦੀਆਂ ਸਾਰੀਆਂ ਗ਼ਜ਼ਲਾਂ ਕਾਬਲ-ਏ-ਤਾਰੀਫ਼ ਹਨ। "ਜਰਦਾ ਜਰਦਾ ਮਰ ਨਾ ਜਾਵਾਂ", "ਅੱਗੇ ਅੱਗ ਸੀ ਪਿੱਛੇ ਪਾਣੀ", "ਤੂੰ ਮੈਨੂੰ ਜੀਣ ਜੋਗਾ ਛੱਡ", "ਰਾਤੀਂ ਬਿਰਖ ਉਦਾਸ ਬੜੇ ਸੀ", "ਤੇਰਾ ਹੱਸਣਾ ਬਹਾਰ ਦੇਂਦਾ ਹੈ", " ਸੀਨਾ ਤਾਹੀਓਂ ਤਾਣ ਬਰਾਬਰ", "ਜ਼ੁਲਮ ਜਬਰ ਦਾ ਕਹਿਰੀ", "ਮੰਨਿਆ ਦਰਦ ਦਿਲੇ ਦਾ", "ਦੂਰ ਦੇਸ ਪਰਦੇਸੋਂ ਹੁਣ ਤੂੰ", "ਕਿਸ ਧਰਤੀ ਨੂੰ ਆਖਾਂ ਮਾਂ", "ਕਿੱਥੇ ਵੱਸਦੇ ਭੇਤ ਨਾ ਦੱਸਦੇ" ਅਤੇ ਕਈ ਹੋਰ ਵੰਨ-ਸੁਵੰਨੀਆਂ ਗ਼ਜ਼ਲਾਂ ਜਿੱਥੇ ਪਾਠਕ ਦਾ ਧਿਆਨ ਖਿੱਚਦੀਆਂ ਹਨ, ਉੱਥੇ ਹੀ ਗੁਰਭਜਨ ਗਿੱਲ ਦੀ ਸੰਵੇਦਨਸ਼ੀਲਤਾ ਅਤੇ ਵਿਸ਼ਾਲ ਸੋਚਣੀ ਦੀ ਗਵਾਹੀ ਵੀ ਭਰਦੀਆਂ ਹਨ। ਬਹੁਤੇ ਮੇਰੇ ਵਰਗੇ ਲੋਕ ਦੋ ਨੇਤਰਾਂ ਨਾਲ ਈ ਸਮਾਜ ਵੱਲ ਝਾਕੀ ਜਾਂਦੇ ਰਹਿੰਦੇ ਨੇ। ਤੀਸਰੇ ਸੰਵੇਦਨਸ਼ੀਲ ਅਤੇ ਕਾਵਿ ਮਨ-ਰੂਹ ਵਾਲੇ ਨੇਤਰ ਦਾ ਕ੍ਰਿਸ਼ਮਈ ਕਮਾਲ ਇਸ ਲਿਖਤ 'ਚ ਸਾਫ਼ ਝਲਕਦਾ ਹੈ।

ਮੈਨੂੰ ਗੁਰਭਜਨ ਗਿੱਲ ਜੀ ਦੀ ਇਹ ਸਿਰਜਣਾ ਬਾਕਮਾਲ ਲੱਗੀ। ਪਾਠਕ ਹੋਣ ਦੇ ਨਾਤੇ ਮੈਂ ਆਪ ਸੁਹਿਰਦ ਪਾਠਕਾਂ ਨੂੰ 'ਮਿਰਗਾਵਲੀ' ਗ਼ਜ਼ਲ ਪੁਸਤਕ ਪੜ੍ਹਣ ਲਈ ਪੁਰਜ਼ੋਰ ਸਿਫਾਰਸ਼ ਕਰਦਾ ਹਾਂ ਅਤੇ ਉਮੀਦ ਕਰਦਾ ਹਾਂ ਕਿ ਇਹ ਪੁਸਤਕ ਤੁਹਾਨੂੰ ਪਸੰਦ ਆਵੇਗੀ। ਗੁਰਭਜਨ ਗਿੱਲ ਦੇ ਅਗਲੇ ਅਤੇ ਅਗਲੇਰੇ ਸਾਹਿਤਕ ਸਫ਼ਰ ਲਈ ਸ਼ੁੱਭ ਕਾਮਨਾਵਾਂ ਵੀ!!

ਜ਼ਿੰਦਗੀ ਜ਼ਿੰਦਾਬਾਦ।



# ਪੰਥਕ ਹਿਤਾਂ 'ਚ ਕੈਲੰਡਰ ਵਿਸ਼ੇ 'ਤੇ ਵੀਚਾਰ ਚਰਚਾ/ਸੰਵਾਦ ਲਈ ਸੱਦਾ ਪੱਤਰ

**ਮਿਤੀ : ੧੨ ਚੇਤ ਨਾ:ਸ਼ਾ: ਸੰਮਤ ੫੫੮/25 ਮਾਰਚ 2026**

ਸੇਵਾ ਵਿਖੇ,
ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ,
ਸ੍ਰੀ ਅੰਮ੍ਰਿਤਸਰ ਸਾਹਿਬ। (akaltakhatsahib84@gmail.com)
ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ਸਾਹਿਬ। (president@sgpc.net)
ਜਥੇਦਾਰ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ
ਨਾਦੇੜ, (ਮਹਾਂਰਾਸ਼ਟਰਾ) (contact@hazursahib.com)
ਜਥੇਦਾਰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ
ਪਟਨਾ ਸਾਹਿਬ (ਬਿਹਾਰ) (info@takhatpatnasahib.in)
ਬਾਬਾ ਹਰਨਾਮ ਸਿੰਘ ਧੁੰਮਾ(damdamitaksal16@gmail.com)
ਮੁਖੀ ਦਮਦਮੀ ਟਕਸਾਲ (ਚੌਂਕ ਮਹਿਤਾ)
ਅਨੁਰਾਗ ਸਿੰਘ ਲੁਧਿਆਣਾ (anuragsingh1953@yahoo.com)
ਕ: ਸੁਰਜੀਤ ਸਿੰਘ ਨਿਸ਼ਾਨ (surjitnishan296@yahoo.com)
ਗੁਰਚਰਨ ਸਿੰਘ ਸੇਖੋਂ (gursekh@gmail.com )
ਗੁਰਚਰਨਜੀਤ ਸਿੰਘ ਲਾਂਬਾ (lambags@gmail.com)
ਸਰਬਜੀਤ ਸਿੰਘ ਸੈਕਰਾਮੈਂਟੋ (sarbjits@gmail.com)
ਕਿਰਪਾਲ ਸਿੰਘ ਬਠਿੰਡਾ (kirpalsinghbathinda@gmail.com)
ਅਤਿੰਦਰਪਾਲ ਸਿੰਘ (atinderpalsinghxmp@gmail.com)

**ਵਿਸ਼ਾ :** ਪੰਥਕ ਹਿਤਾਂ 'ਚ ਕੈਲੰਡਰ ਵਿਸ਼ੇ 'ਤੇ ਵੀਚਾਰ ਚਰਚਾ/ਸੰਵਾਦ ਲਈ ਸੱਦਾ ਪੱਤਰ।

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ।

ਪਿਛਲੇ ਦੋ ਦਹਾਕਿਆਂ ਤੋਂ ਕੈਲੰਡਰ ਵਿਸ਼ੇ 'ਤੇ ਜੋ ਬੇਲੋੜਾ ਵਾਦ-ਵਿਵਾਦ ਚੱਲ ਰਿਹਾ ਹੈ; ਇਹ ਪੰਥਕ ਹਿਤਾਂ ਲਈ ਲਾਹੇਵੰਦ ਨਹੀਂ ਹੈ। ਇਸ ਸਾਲ ਜੇਠ ਨਾਮ ਦੇ ਦੋ ਮਹੀਨੇ ਆਉਣ ਨਾਲ ਸਾਡੀ ਪੁਜੀਸ਼ਨ ਹੋਰ ਵੀ ਹਾਸੋਹੀਣੀ ਬਣੀ ਹੋਈ ਹੈ। ਇੱਥੇ ਸਿਰਫ ਗੁਰਗੱਦੀ ਪੂਰਬ ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਸ਼ਹੀਦੀ ਦਿਹਾੜਾ ਗੁਰੂ ਅਰਜਨ ਸਾਹਿਬ ਜੀ ਦੀ ਉਦਾਹਰਣ ਦੇਣੀ ਚਾਹਾਂਗੇ। ਸ਼੍ਰੋਮਣੀ ਕਮੇਟੀ, ਤਖ਼ਤ ਸ੍ਰੀ ਪਟਨਾ ਸਾਹਿਬ, ਦਮਦਮੀ ਟਕਸਾਲ, ਗੁਰੂ ਨਾਨਕ ਮਿਸ਼ਨ ਨਿਊਜ਼ੀਲੈਂਡ ਅਤੇ ਕਰਨਲ ਸੁਰਜੀਤ ਸਿੰਘ ਨਿਸ਼ਾਨ ਵੱਲੋਂ ਬਣਾਏ 86 ਸਾਲਾ ਕੈਲੰਡਰ ਤੋਂ ਇਸ ਸਾਲ ਇਨ੍ਹਾਂ



ਦਿਹਾੜਿਆਂ ਦੀਆਂ ਤਾਰੀਖ਼ਾਂ ਵੇਖੀਆਂ ਤਾਂ ਹੇਠ ਲਿਖੀਆਂ ਤਾਰੀਖ਼ਾਂ ਮਿਲੀਆਂ, ਜਿਨ੍ਹਾਂ 'ਚੋਂ ਸਾਨੂੰ ਕੋਈ ਸਮਝ ਨਹੀਂ ਸੀ ਆ ਰਹੀ ਕਿ ਇਨ੍ਹਾਂ ਸਾਰਿਆਂ 'ਚੋਂ ਠੀਕ ਕਿਹੜਾ ਹੈ ?

| ਸੰਸਥਾ | ਗੁਰਿਆਈ ਪੁਰਬ ਗੁਰੂ ਹਰਿਗੋਬਿੰਦ ਸਾਹਿਬ ਜੀ | ਸ਼ਹੀਦੀ ਪੁਰਬ ਗੁਰੂ ਅਰਜਨ ਸਾਹਿਬ ਜੀ |
|---|---|---|
| 1. ਸ਼੍ਰੋਮਣੀ ਕਮੇਟੀ | 8 ਜੂਨ | 18 ਜੂਨ |
| 2. ਤਖ਼ਤ ਸ੍ਰੀ ਪਟਨਾ ਸਾਹਿਬ | 10 ਮਈ | 18 ਜੂਨ |
| 3. ਦਮਦਮੀ ਟਕਸਾਲ | 10 ਮਈ | 18 ਜੂਨ |
| 4. ਗੁਰੂ ਨਾਨਕ ਮਿਸ਼ਨ (ਨ਼ਗ) | 10 ਮਈ ਤੇ 8 ਜੂਨ ਦੋਵੇਂ | 18 ਜੂਨ |
| 5. ਸੁਰਜੀਤ ਸਿੰਘ ਨਿਸ਼ਾਨ | 10 ਮਈ | 20 ਮਈ |

"ਸਿੱਖ ਧਰਮ, ਨਵੇਂ ਯੁੱਗ ਦਾ ਧਰਮ ਹੈ", ਦਾ ਪ੍ਰਚਾਰ ਕਰਨ ਵਾਲੀਆਂ ਸਾਡੀ ਕੌਮ ਦੀਆਂ ਜ਼ਿੰਮੇਵਾਰ ਸੰਸਥਾਵਾਂ ਲਈ ਇਹ ਸੋਚਣ ਦਾ ਵਿਸ਼ਾ ਹੈ ਕਿ ਕੀ ਅਸੀਂ ਸਾਰੀਆਂ ਧਿਰਾਂ ਇਸ ਨਿਰੋਲ ਤਕਨੀਕੀ ਮਸਲੇ ਨੂੰ ਸਦਾ ਲਈ ਹੱਲ ਕਰਨ ਲਈ ਸਿਰ ਜੋੜ ਕੇ ਇਸ 'ਤੇ ਡੂੰਘਾ ਮੰਥਨ ਨਹੀਂ ਕਰ ਸਕਦੇ? ਪੰਥਕ ਹਿਤਾਂ ਨੂੰ ਸਮਝਦਾ ਹੋਏ ਅਸੀਂ ਆਪ ਜੀ ਨੂੰ ਹਾਰਦਿਕ ਸੱਦਾ ਦਿੰਦੇ ਹਾਂ ਕਿ ਆਓ ਸਾਰੀਆਂ ਧਿਰਾਂ ਹੇਠ ਲਿਖੇ ਪ੍ਰੋਗਰਾਮ ਅਨੁਸਰ ਸੰਜੀਦਾ ਵੀਚਾਰਾਂ ਕਰਨ ਲਈ ਇਕੱਤਰ ਹੋਈਏ:

ਮਿਤੀ : 6 ਵੈਸਾਖ ਨਾਨਕਸ਼ਾਹੀ ਸੰਮਤ ੫੫੮/19 ਅਪ੍ਰੈਲ 2026 ਦਿਨ ਐਤਵਾਰ

**ਪਹਿਲਾ ਸੈਸ਼ਨ :** ਸਵੇਰੇ 11-00 ਵਜੇ ਤੋਂ ਦੁਪਹਿਰ 1-30 ਵਜੇ ਤੱਕ

**ਗੁਰੂ ਕਾ ਲੰਗਰ :** ਦੁਪਹਿਰ 1-30 ਵਜੇ ਤੋਂ 2-00 ਵਜੇ ਤੱਕ

**ਦੂਸਰਾ ਸੈਸ਼ਨ :** ਬਾਅਦ ਦੁਪਹਿਰ 2-00 ਵਜੇ ਤੋਂ 4-00 ਵਜੇ ਤੱਕ

**ਸਥਾਨ :** ਗੁਰਦੁਆਰਾ ਅਨਾਮ ਸਿੱਖ ਸ਼ਹੀਦਾਂ ਢੈਂਠਲ, ਪਟਿਆਲਾ ਤੋਂ ਸਮਾਨਾ ਰੋਡ 'ਤੇ ਨਹਿਰ ਦਾ ਪੁਲ ਟਪਦੇ ਸਾਰ ਖੱਬੇ ਹੱਥ। ਪੁੱਛ ਪੜਤਾਲ ਲਈ ਫੋਨ ਨੰ: 98881-23654

ਸਾਰੀਆਂ ਧਿਰਾਂ ਨੂੰ ਅਪੀਲ ਹੈ ਕਿ ਉਹ ਖ਼ੁਦ ਜਾਂ ਉਨ੍ਹਾਂ ਦਾ ਜ਼ਿੰਮੇਵਾਰ ਨੁਮਾਇੰਦਾ ਸਮੇਂ ਸਿਰ ਇਸ ਵਿਚਾਰ ਚਰਚਾ/ਉਸਾਰੂ ਸੰਵਾਦ 'ਚ ਸ਼ਾਮਲ ਹੋ ਕੇ ਆਪਣੀ ਜ਼ਿੰਮੇਵਾਰੀ ਨਿਭਾਉਣ। ਜੇ ਕੋਈ ਵਿਦਵਾਨ ਵਿਦੇਸ਼ 'ਚ ਬੈਠਾ ਹੋਣ ਕਰਕੇ ਸਰੀਰਕ ਤੌਰ 'ਤੇ ਆਉਣ ਤੋਂ ਅਸਮਰਥ ਹੈ, ਤਾਂ ਉਸ ਲਈ ਪਹਿਲਾਂ ਸੂਚਨਾ ਦਿੱਤੇ ਜਾਣ 'ਤੇ ਆਨਲਾਈਨ ਭਾਗ ਲੈਣ ਦਾ ਵੀ ਪ੍ਰਬੰਧ ਕੀਤਾ ਜਾ ਸਕਦਾ ਹੈ।

ਸੰਵਾਦ ਲਈ ਕੁਝ ਸ਼ਰਤਾਂ ਜਿਨ੍ਹਾਂ ਦਾ ਪਾਲਨ ਕਰਨ ਸਾਡਾ ਸਾਰਿਆਂ ਦਾ ਕੌਮੀ ਫ਼ਰਜ਼ ਹੈ:

1. ਮੰਚ 'ਤੇ ਕੇਵਲ ਦੋਵੇਂ ਧਿਰਾਂ ਦੇ 3-3 ਵਿਦਵਾਨ ਹੀ ਬੈਠਣਗੇ; ਜੋ ਆਪਣਾ ਸੰਖੇਪ ਭਾਸ਼ਣ ਦੇਣ ਤੋਂ ਬਾਅਦ ਦੂਸਰੀ ਧਿਰ ਅਤੇ ਸੰਗਤ 'ਚੋਂ ਆਏ ਸਵਾਲਾਂ ਦਾ ਜਵਾਬ ਦੇਣ ਦੇ ਪਾਬੰਦ ਹੋਣ।
2. ਵਿਦਵਾਨ ਅਤੇ ਸੰਗਤ 'ਚੋਂ ਕੋਈ ਵੀ ਵਿਅਕਤੀ ਲੰਬੇ ਭਾਸ਼ਣ ਕਰਨ ਦੀ ਬਜਾਏ ਸੰਖੇਪ ਸਵਾਲ ਹੀ ਕਰਨਗੇ; ਜਿਨ੍ਹਾਂ ਦਾ ਵਿਦਵਾਨ ਸੰਖੇਪ ਅਤੇ ਟੂ-ਦੀ-ਪੌਇੰਟ ਕੇਵਲ ਤਕਨੀਕੀ ਆਧਾਰ 'ਤੇ ਜਵਾਬ ਦੇਣਗੇ; ਜੋ ਕੈਲੰਡਰ ਵਿਗਿਆਨ ਅਤੇ ਗੁਰਬਾਣੀ ਦੇ ਅਨੁਕੂਲ ਹੋਵੇ।
3. ਬੁਲਾਰੇ/ਸਵਾਲ ਕਰਤਾ ਦੀ ਭਾਸ਼ਾ ਸੱਭਿਅਕ ਹੋਵੇ। **ਅਸੱਭਿਅਕ ਭਾਸ਼ਾ ਦੀ ਵਰਤੋਂ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਬੋਲਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।**
4. **ਸਾਰਾ ਪ੍ਰੋਗਰਾਮ Atinderpal S Khalstani: https://www.facebook.com/AtinderKhalastani/ ਅਤੇ Atinderpal S Khalstani: https://www.youtube.com/@atinderpalsinghexmp 'ਤੇ ਲਾਈਵ ਪ੍ਰਸਾਰਤ ਕੀਤਾ ਜਾਵੇਗਾ।**

**ਸਭਨਾਂ ਧਿਰਾਂ ਤੋਂ ਦਿਲੀ ਸਹਿਯੋਗ ਦੀ ਉਮੀਦ 'ਚ ਪੰਥਕ ਹਿਤੂ**

**ਗਿਆਨੀ ਕੇਵਲ ਸਿੰਘ, ਸਾਬਕਾ ਜਥੇਦਾਰ, ਤਖ਼ਤ ਸ੍ਰੀ ਦਮਦਮਾ ਸਾਹਿਬ।**

**ਗਿਆਨੀ ਜਗਤਾਰ ਸਿੰਘ ਜਾਚਕ, ਸਾਬਕਾ ਗ੍ਰੰਥੀ, ਸ੍ਰੀ ਦਰਬਾਰ ਸਾਹਿਬ।**

# ਸਿਨੇਮਾ ਦਾ ਸਫਰਨਾਮਾ



-ਪ੍ਰੋ. ਕੁਲਬੀਰ ਸਿੰਘ
94171-53513
ਪੰਜਾਬ ਮੇਲ USA

'ਸਿਨੇਮਾ ਦਾ ਸਫਰਨਾਮਾ' ਡੀ.ਡੀ. ਪੰਜਾਬੀ ਦੀ ਇਕ ਦਿਲਚਸਪ, ਸਾਰਥਕ ਤੇ ਮਹੱਤਵਪੂਰਨ ਪੇਸ਼ਕਸ਼ ਸੀ, ਜਿਸ ਤਹਿਤ ਫਿਲਮਾਂ ਦੇ ਇਤਿਹਾਸ, ਫਿਲਮਾਂ ਦੇ ਤਕਨੀਕੀ ਸਫ਼ਰ ਅਤੇ ਫਿਲਮਾਂ ਦੇ ਵਿਕਾਸ ਨੂੰ ਬੜੀ ਖ਼ੂਬੀ, ਬੜੀ ਖ਼ੂਬਸੂਰਤੀ ਨਾਲ ਦਰਸਾਇਆ ਗਿਆ।

ਪਹਿਲਾਂ ਪਹਿਲ ਕੇਵਲ ਤਸਵੀਰਾਂ ਹੁੰਦੀਆਂ ਸਨ। ਫਿਰ ਸੰਗੀਤ ਸ਼ਾਮਲ ਹੋਇਆ। ਫਿਰ ਬੋਲ ਬੋਲੇ ਜਾਣ ਲੱਗੇ। ਇਸ ਦੌਰ ਦੀ ਤਕਨੀਕ ਦੀਆਂ ਤਸਵੀਰਾਂ ਅਤੇ ਵੀਡੀਓ ਸਹਿਤ ਕਹਾਣੀ ਬਿਆਨ ਕੀਤੀ ਗਈ।

ਫਿਲਮਾਂ ਦੇ ਇਤਿਹਾਸ ਅਤੇ ਤਕਨੀਕੀ ਵਿਕਾਸ ਸੰਬੰਧੀ ਗੱਲਬਾਤ ਕਰਨ ਲਈ ਫਿਲਮ ਇਤਿਹਾਸਕਾਰ ਭੀਮ ਰਾਜ ਗਰਗ ਡੀ.ਡੀ. ਪੰਜਾਬੀ ਦੇ ਸਟੂਡੀਓ 'ਚ ਮੌਜੂਦ ਸਨ। ਬਤੌਰ ਐਂਕਰ ਦੂਰਦਰਸ਼ਨ ਦੀ ਚਰਚਿਤ ਸ਼ਖ਼ਸੀਅਤ ਡਾ. ਹਰਜੀਤ ਸਿੰਘ ਹਾਜ਼ਰ ਸਨ।

ਭੀਮ ਰਾਜ ਗਰਗ ਹੁਰਾਂ ਆਰੰਭਿਕ ਦਿਲਚਸਪ ਤੱਥ ਸਾਂਝੇ ਕਰ ਕੇ ਕੇ.ਡੀ. ਮਹਿਰਾ ਦੇ ਪੰਜਾਬੀ ਫਿਲਮਾਂ ਲਈ ਪਾਏ ਯੋਗਦਾਨ ਬਾਰੇ ਦੱਸਿਆ। ਉਨ੍ਹਾਂ ਨੂੰ ਪੰਜਾਬੀ ਫਿਲਮਾਂ ਦਾ ਪਿਤਾਮਾ ਕਿਹਾ ਗਿਆ। ਕਿਉਂਕਿ ਉਨ੍ਹਾਂ ਨੇ 1935 ਤੋਂ 1942 ਦੌਰਾਨ ਮੁੱਢਲੀਆਂ ਪੰਜਾਬੀ ਫਿਲਮਾਂ ਬਣਾਈਆਂ ਸਨ।

'ਆਲਮਆਰਾ' ਭਾਰਤ ਦੀ ਪਹਿਲੀ ਆਵਾਜ਼-ਫਿਲਮ ਸੀ। ਜਿਸਨੂੰ ਹਿੰਦੀ-ਉਰਦੂ ਵਾਲੀ ਰਲੀ-ਮਿਲੀ ਹਿੰਦੁਸਤਾਨੀ ਭਾਸ਼ਾ ਵਿਚ ਬਣਾਇਆ ਗਿਆ ਸੀ। ਬੜਾ ਆਕਰਸ਼ਕ ਕਲਾਮਈ ਸੈੱਟ ਲਗਾਇਆ ਗਿਆ ਸੀ। ਇਹ 14 ਮਾਰਚ 1931 ਨੂੰ ਰਿਲੀਜ਼ ਹੋਈ ਸੀ।

ਵੈਸੇ ਫਿਲਮਾਂ ਦੇ ਸਿਲਸਿਲੇ ਦੀ ਸ਼ੁਰੂਆਤ ਜੁਲਾਈ 1896 'ਚ ਹੋ ਗਈ ਸੀ। ਦਾਦਾ ਸਾਹਿਬ ਫਾਲਕੇ ਨੂੰ ਭਾਰਤੀ ਸਿਨੇਮਾ ਦਾ ਪਿਤਾਮਾ ਮੰਨਿਆ ਜਾਂਦਾ ਹੈ।



ਉਹ ਇਕ ਸਫ਼ਲ ਫੋਟੋਗ੍ਰਾਫਰ ਸਨ ਪਰੰਤੂ ਫਰੈਂਚ ਚੁੱਪ-ਫਿਲਮ 'ਲਾਈਫ ਆਫ਼ ਕਰਾਈਸਟ' ਤੋਂ ਇੰਨੇ ਪ੍ਰਭਾਵਿਤ ਹੋਏ ਕਿ ਫਿਲਮਾਂ ਬਣਾਉਣ ਦਾ ਮਨ ਬਣਾ ਲਿਆ। ਉਹ 1912 'ਚ ਫਿਲਮ ਬਣਾਉਣ ਦੀ ਮਸ਼ੀਨ-ਸਮੱਗਰੀ ਖਰੀਦਣ ਲਈ ਲੰਡਨ ਗਏ। ਨਤੀਜੇ ਵਜੋਂ ਉਨ੍ਹਾਂ 'ਰਾਜਾ ਹਰੀਸ਼ਚੰਦਰ' ਫਿਲਮ ਬਣਾਈ, ਜਿਹੜੀ ਮਈ 1913 ਵਿਚ ਰਿਲੀਜ਼ ਹੋਈ।

ਡੀ.ਡੀ. ਪੰਜਾਬੀ ਦੀ ਇਸ ਪੇਸ਼ਕਸ਼ ਨੂੰ ਦੋ ਭਾਗਾਂ 'ਚ ਪ੍ਰਸਾਰਿਤ ਕੀਤਾ ਗਿਆ। ਨਿਰਮਾਤਾ ਨਿਰਦੇਸ਼ਕ ਸ਼੍ਰੀ ਸੁਖਵਿੰਦਰ ਕੁਮਾਰ ਅਤੇ ਸ਼੍ਰੀ ਸਰਦਾਰਜੀਤ ਬਾਵਾ ਨੇ ਇਸਦੀ ਵਿਉਂਤਬੰਦੀ ਬਾਖ਼ੂਬੀ ਕੀਤੀ।

ਪੰਜਾਬੀ ਚੁੱਪ-ਫਿਲਮਾਂ ਤੋਂ ਬਾਅਦ ਬੋਲਦੀਆਂ ਫਿਲਮਾਂ, ਸੰਗੀਤ ਨਾਲ ਸੱਜੀਆਂ ਫਿਲਮਾਂ ਦਾ ਦੌਰ ਆਇਆ। ਪੰਜਾਬੀ ਫਿਲਮਾਂ ਦੇ ਬਹੁਤ ਸਾਰੇ ਅਦਾਕਾਰ, ਗਾਇਕ ਕਲਾਕਾਰ ਬਾਅਦ ਵਿਚ ਹਿੰਦੀ ਫਿਲਮਾਂ 'ਚ ਗਏ ਅਤੇ ਬੁਲੰਦੀਆਂ ਛੋਹੀਆਂ। ਮੁਹੰਮਦ ਰਫ਼ੀ, ਕੇ.ਐਲ. ਸਹਿਗਲ, ਨੂਰ ਜਹਾਂ ਜਿਹੇ ਬਹੁਤ ਸਾਰੇ ਨਾਮ ਹਨ। ਇਨ੍ਹਾਂ ਦੀ ਪ੍ਰਤਿਭਾ ਅਤੇ ਕਲਾ ਪ੍ਰਤੀ ਲਗਨ ਵੇਖ ਕੇ ਝੱਟ-ਝੱਟ ਮੌਕੇ ਮਿਲਣੇ ਆਰੰਭ ਹੋ ਗਏ।

ਦੂਸਰੇ ਭਾਗ ਵਿਚ ਅਜਿਹੇ ਚਰਚਿਤ ਕਲਾਕਾਰਾਂ ਅਤੇ ਫਿਲਮਾਂ ਦੀ ਵਿਸ਼ੇਸ਼ ਤੌਰ 'ਤੇ ਗੱਲ ਕੀਤੀ ਗਈ। ਫਿਲਮੀ ਇਤਿਹਾਸ ਦੇ ਪੰਨਿਆਂ ਨੂੰ ਫਰੋਲਦੀ ਇਸ ਪੇਸ਼ਕਸ਼ ਵਿਚ ਬੜੇ ਮਾਣ ਨਾਲ ਦੱਸਿਆ ਗਿਆ ਕਿ ਬਹੁਤ ਸਾਰੀਆਂ ਹਿੰਦੀ ਫਿਲਮਾਂ ਵਿਚ ਪੰਜਾਬੀ ਗੀਤ ਸ਼ਾਮਲ ਕੀਤੇ ਗਏ, ਜਿਹੜੇ ਬੜੇ ਮਕਬੂਲ ਹੋਏ ਅਤੇ ਦਰਸ਼ਕਾਂ ਦੁਆਰਾ ਬੇਹੱਦ ਪਸੰਦ ਕੀਤੇ ਗਏ।

ਯਮਲਾ ਜੱਟ, ਚਮਨ, ਖਾਨਦਾਨ, ਮਦਰ ਇੰਡੀਆ ਜਿਹੀਆਂ ਫਿਲਮਾਂ ਅਤੇ ਲਾਰਾ-ਲੱਪਾ ਗੀਤ ਦਾ ਉਚੇਚੇ ਤੌਰ 'ਤੇ ਜ਼ਿਕਰ ਕੀਤਾ ਗਿਆ। ਯਮਲਾ ਜੱਟ ਫਿਲਮ ਦੇ ਗੀਤਾਂ ਦੇ ਬੋਲ ਸਾਹਿਤਕ ਅਤੇ ਪਿਆਰੇ ਸਨ। ਇਸ ਫਿਲਮ ਦੇ ਗੀਤ ਬੜੇ ਚਰਚਿਤ ਹੋਏ ਸਨ ਅਤੇ ਅੱਜ ਵੀ ਤਰੋਤਾਜ਼ਾ ਲੱਗਦੇ ਹਨ। ਜਦ ਭਾਰਤ-ਪਾਕਿਸਤਾਨ ਦੀ ਭੂਗੋਲਿਕ ਤੇ ਮਾਨਸਿਕ ਵੰਡ ਹੋਈ, ਤਾਂ ਅਦਾਕਾਰ ਪ੍ਰਾਣ ਦੀ ਕਾਰ ਓਧਰ ਰਹਿ ਗਈ। ਉਸਨੂੰ ਇਸਦਾ ਬੜਾ ਝੋਰਾ ਲੱਗਾ। ਬਾਅਦ ਵਿਚ ਅਦਾਕਾਰਾ ਕੁਲਦੀਪ ਕੌਰ ਨੇ ਕਿਵੇਂ ਨਾ ਕਿਵੇਂ ਕਾਰ ਇਧਰ ਪਹੁੰਚਾਈ, ਤਾਂ ਉਸਨੂੰ ਚੈਨ ਆਇਆ।

ਪੰਜਾਬੀ ਫਿਲਮਾਂ ਦੇ ਸਫਰ ਨੂੰ ਸੰਖੇਪ ਨਾਲ ਸਮਝਣ ਲਈ ਇਸਨੂੰ ਚਾਰ-ਪੰਜ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ। ਵੰਡ ਤੋਂ ਪਹਿਲਾਂ ਦਾ ਦੌਰ, ਵੰਡ ਤੋਂ ਬਾਅਦ ਦਾ ਸਮਾਂ, ਸੁਨਹਿਰੀ ਸਮਾਂ 1960-1980, ਆਧੁਨਿਕ ਯੁੱਗ 2000-2026 ਕਈ ਪੰਜਾਬੀ ਫਿਲਮਾਂ ਅਜਿਹੀਆਂ ਹਨ, ਜਿਨ੍ਹਾਂ ਨੂੰ ਕੌਮਾਂਤਰੀ ਪਛਾਣ ਮਿਲੀ। ਜਦ 'ਨਾਨਕ ਨਾਮ ਜਹਾਜ਼ ਹੈ' ਨੂੰ ਬੇਹੱਦ ਸਫਲਤਾ ਮਿਲੀ, ਤਾਂ ਵੱਡੀ ਗਿਣਤੀ ਵਿਚ ਪੰਜਾਬੀ ਫਿਲਮਾਂ ਬਣਨ ਲੱਗੀਆਂ। ਮਨ ਜੀਤੇ ਜਗ ਜੀਤ, ਕਣਕਾਂ ਦੇ ਓਹਲੇ, ਨਾਨਕ ਦੁਖੀਆ ਸਭ ਸੰਸਾਰ, ਮੇਲੇ ਮਿੱਤਰਾਂ ਦੇ, ਭਗਤ ਧੰਨਾ ਜੱਟ, ਦੁਖ ਭੰਜਨ ਤੇਰਾ ਨਾਮ, ਸੱਚਾ ਮੇਰਾ ਰੂਪ ਹੈ, ਆਦਿ ਇਸੇ ਪ੍ਰਭਾਵ ਹੇਠ ਬਣੀਆਂ।

ਡੀ.ਡੀ. ਪੰਜਾਬੀ ਦੇ ਸੀਨੀਅਰ ਪ੍ਰੋਡਿਊਸਰ ਸ਼੍ਰੀ ਸੁਖਵਿੰਦਰ ਕੁਮਾਰ ਦੁਆਰਾ ਇਸ ਨਿਵੇਕਲੀ ਤੇ ਮਹੱਤਵਪੂਰਨ ਪੇਸ਼ਕਸ਼ 'ਤੇ ਸਖ਼ਤ ਮਿਹਨਤ ਕੀਤੀ ਗਈ ਹੈ। ਉਹ ਲੰਬੇ ਸਮੇਂ ਤੋਂ ਡੀ.ਡੀ. ਪੰਜਾਬੀ ਦੇ ਕਈ ਚਰਚਿਤ ਤੇ ਸਾਰਥਕ ਪ੍ਰੋਗਰਾਮ ਤਿਆਰ ਕਰਨ ਦੀ ਜ਼ਿੰਮੇਵਾਰੀ ਨਿਭਾਉਂਦੇ ਆ ਰਹੇ ਹਨ। ਜਿਨ੍ਹਾਂ ਵਿਚ ਗੱਲਾਂ ਤੇ ਗੀਤ, ਉਮਰਾਂ ਦੇ ਪੈਂਡੇ, ਜੋੜੀਆਂ ਜੱਗ ਥੋੜ੍ਹੀਆਂ, ਸਿਹਤ ਜ਼ਰੂਰੀ ਹੈ, ਮੇਰਾ ਪਿੰਡ ਮੇਰੇ ਖੇਤ ਆਦਿ ਸ਼ਾਮਲ ਹਨ। ਸਮੇਂ-ਸਮੇਂ ਪੇਸ਼ ਕੀਤੇ ਜਾਂਦੇ ਵਿਸ਼ੇਸ਼ ਪ੍ਰੋਗਰਾਮਾਂ ਅਤੇ ਨਵੇਂ ਵਰ੍ਹੇ ਮੌਕੇ ਪ੍ਰਸਾਰਿਤ ਕੀਤੇ ਜਾਂਦੇ ਰੰਗਾਰੰਗ ਪ੍ਰੋਗਰਾਮਾਂ ਵਿਚ ਵੀ ਉਨ੍ਹਾਂ ਦਾ ਅਹਿਮ ਯੋਗਦਾਨ ਹੁੰਦਾ ਹੈ। ਸਿਨੇਮਾ ਦਾ ਸਫ਼ਰਨਾਮਾ ਇਕ ਖੋਜ-ਆਧਾਰਿਤ ਪੇਸ਼ਕਸ਼ ਹੈ, ਜਿਹੜੀ ਦੂਰਦਰਸ਼ਨ ਜਲੰਧਰ ਦੇ ਭੰਡਾਰ ਨੂੰ ਹੋਰ ਭਰਪੂਰ ਕਰੇਗੀ।

## ਵਿਸਾਖੀ ਦਾ ਗੀਤ

ਚੰਨਾ ਵੇ ਮੇਰਾ ਜੀਅ ਕਰਦਾ,
ਮੈਂ ਮੇਲੇ ਵਿਸਾਖੀ ਦੇ ਜਾਵਾਂ।
ਸੂਫ਼ ਦਾ ਸੁਵਾ ਦੇ ਘੱਗਰਾ,
ਵੇ ਮੈਂ ਧਰਤੀ ਸੁੰਵਰਦੀ ਜਾਵਾਂ।
ਢੋਲਾ ਵੇ ਮੇਰਾ ਦਿਲ ਕਰਦਾ......।

ਪੋਲੇ ਪੋਲੇ ਵੇ ਪੈਰ ਪੁੱਟਦੀ,
ਸੱਪ ਵਾਂਗਰਾਂ ਮੇਲ੍ਹਦੀ ਜਾਵਾਂ।
ਗੁਰੂ ਘਰ ਜਾ ਕੇ ਮੱਥਾ ਟੇਕੀਏ,
ਸਾਰੇ ਟੱਬਰ ਦੀ ਖੈਰ ਮਨਾਵਾਂ।
ਦਿਲਜਾਨੀ ਵੇ ਮੇਰਾ ਦਿਲ ਕਰਦਾ......।

ਪੈਲ਼ੀਆਂ ਨੂੰ ਲਾਲੀ ਚੜ੍ਹ ਜਾਏ,
ਜਦੋਂ ਪੈਰੀਂ ਝਾਂਜਰ ਛਣਕਾਵਾਂ।
ਦਾਤੀ ਨੂੰ ਲਵਾ ਦੇ ਘੁੰਗਰੂ,
ਮੈਂ ਕਣਕਾਂ ਦੇ ਸੱਥਰ ਵਿਛਾਵਾਂ।
ਮਾਹੀਆ ਵੇ ਮੇਰਾ ਚਿੱਤ ਕਰਦਾ......।

ਚੰਡੋਲ ਦੇ ਹੁਲਾਰਿਆਂ ਦੇ ਨਾਲ਼,
ਦੁਪੱਟਾ ਕਾਸ਼ਨੀ ਉੱਚੀ ਲਹਿਰਾਵਾਂ।
ਦੋਵੇਂ ਘੁੰਮ ਫਿਰ ਮੇਲਾ ਦੇਖੀਏ,
ਥਾਲ ਭਰ ਵੇ ਜਲੇਬੀਆਂ ਖਾਵਾਂ।
ਸੋਹਣਿਆ ਵੇ ਮੇਰਾ ਮਨ ਕਰਦਾ......।




-ਸੇਵਾ ਸਿੰਘ "ਨੂਰਪੁਰੀ"

ਪੰਜਾਬ ਮੇਲUSA

## ਆਓ ਇਕ ਨਵੀਂ ਦੁਨੀਆਂ ਸਿਰਜੀਏ ਦੋਸਤੋ

ਆਓ! ਇੱਕ ਨਵੀਂ ਦੁਨੀਆਂ ਸਿਰਜੀਏ ਦੋਸਤੋ
ਇਸ ਦੁਨੀਆਂ ਵਿਚੋਂ
ਨਫਰਤ, ਈਰਖਾ, ਭ੍ਰਿਸ਼ਟਾਚਾਰ,
ਖੁਦਗਰਜ਼ੀ ਤੇ ਗਰੀਬੀ ਭਜਾਈਏ ਦੋਸਤੋ
ਚਿਰਾਂ ਤੋਂ ਸੰਸਾਰ ਵਿਚ ਛਾਈ ਹੋਈ
ਸਾਮਰਾਜਵਾਦੀ, ਬੇਇਨਸਾਫੀ, ਧੱਕੇਸ਼ਾਹੀ,
ਪੱਖਪਾਤ ਤੇ ਅਨੈਤਿਕਤਾ ਦੀ
ਸੋਚ ਨੂੰ ਭਜਾਈਏ ਦੋਸਤੋ,
ਐਸਾ ਸਮਾਜ ਸਿਰਜੀਏ ਦੋਸਤੋ
ਜਿਸ ਵਿਚ ਬਰਾਬਰਤਾ, ਆਜ਼ਾਦੀ,
ਇਨਸਾਫ਼, ਭਾਈਚਾਰਕ ਸਾਂਝ ਪ੍ਰਾਪਤ ਹੋਵੇ ਦੋਸਤੋ।
ਅਜਿਹਾ ਸਮਾਜ ਜਿਸ ਵਿਚ
ਹਰ ਇਕ ਨੂੰ ਕੁੱਲੀ, ਗੁੱਲੀ ਤੇ ਜੁੱਲੀ ਪ੍ਰਾਪਤ ਹੋਵੇ
ਹਰ ਇਕ ਦੀ ਜਾਨ, ਮਾਲ ਤੇ ਇੱਜ਼ਤ ਸੁਰੱਖਿਅਤ ਹੋਵੇ ਦੋਸਤੋ
ਮਨੁੱਖਤਾ ਦਾ ਲਹੂ ਚੂਸਣ ਵਾਲੇ ਅਫਸਰਾਂ ਤੇ
ਭ੍ਰਿਸ਼ਟ ਰਾਜਨੀਤਿਕਾਂ ਨੂੰ ਭਜਾਈਏ ਦੋਸਤੋ,
ਇਸ ਦੇ ਲਈ ਸੰਘਰਸ਼ ਛੇੜੋ
ਐ ਨੌਜਵਾਨ ਦੋਸਤੋ
ਕੁਰਬਾਨੀਆਂ ਸੰਘਰਸ਼ਾਂ ਤੋਂ ਬਿਨਾਂ
ਕਦੀ ਆਉਂਦੇ ਨਹੀਂ ਇਨਕਲਾਬ
ਇਸ ਗੱਲ ਦਾ ਇਤਿਹਾਸ ਗਵਾਹ ਹੈ
ਕਿ ਜਦੋਂ ਵੀ ਇਨਕਲਾਬ ਆਏ,
ਤਾਂ ਕੁਰਬਾਨੀਆਂ ਤੇ ਸੰਘਰਸ਼ਾਂ ਨਾਲ ਹੀ ਆਏ।



ਮਾਸਟਰ ਨਿਰਮਲ ਸਿੰਘ ਲਾਲੀ,
ਯੂਬਾ ਸਿਟੀ
530-777-0955

ਪੰਜਾਬ ਮੇਲUSA

## ਗੀਤ

### ਵਿਸਾਖੀ 'ਤੇ ਵਿਸ਼ੇਸ਼

ਖੇਤਾਂ ਵਿਚ ਹਰਿਆਲੀ ਹੋਵੇ ਫੇਰ ਵਿਸਾਖੀ ਹੁੰਦੀ ਏ।
ਘਰ-ਘਰ ਵਿਚ ਖ਼ੁਸ਼ਹਾਲੀ ਹੋਵੇ ਫੇਰ ਵਿਸਾਖੀ ਹੁੰਦੀ ਏ।

ਗਿਰਜ਼ੇ ਮਸਜ਼ਿਦ ਮੰਦਿਰ ਸਭ ਧਰਮਾਂ ਗੁਰਦੁਆਰੇ ਅੰਦਰ।
ਝੁੱਗੀਆਂ ਦੇ ਅੰਧਿਆਰੇ ਅੰਦਰ ਕਣ-ਕਣ ਮਹਿਲ ਚੁਬਾਰੇ ਅੰਦਰ।
ਸੂਰਜ ਵਾਲੀ ਲਾਲੀ ਹੋਵੇ ਫੇਰ ਵਿਸਾਖੀ ਹੁੰਦੀ ਏ।
ਖੇਤਾਂ ਵਿਚ ਹਰਿਆਲੀ ਹੋਵੇ ਫੇਰ ਵਿਸਾਖੀ ਹੁੰਦੀ ਹੈ।

ਗੁਲਸ਼ਨ ਦੇ ਵਿਚ ਖ਼ੁਸ਼ਬੂ ਵਾਲਾ ਇਕ ਤਬਸੁਮ ਖਿੜ੍ਹਦਾ ਰਏ।
ਉਨਤੀ ਵਾਲੀ ਧਰਤੀ ਅੰਦਰ ਖੂਹ ਟਿੰਡਾਂ ਦਾ ਗਿੜ੍ਹਦਾ ਰਏ।
ਫੁੱਲਾਂ ਲੱਦੀ ਡਾਲੀ ਹੋਵੇ ਫੇਰ ਵਿਸਾਖੀ ਹੁੰਦੀ ਏ।
ਖੇਤਾਂ ਵਿਚ ਹਰਿਆਲੀ ਹੋਵੇ ਫੇਰ ਵਿਸਾਖੀ ਹੁੰਦੀ ਏ।

ਹਰ ਰੁੱਖ ਦੇ ਅਧਿਕਾਰ ਹਮੇਸ਼ਾਂ ਇਕ ਹੀ ਨੀਤੀ ਦੇ ਵਿਚ ਹੋਵਣ।
ਵੱਖ-ਵੱਖ ਫੁੱਲਾਂ ਦੀ ਹਸਤੀ ਨੂੰ ਇਕ ਮਾਲਾ ਵਿਚ ਪਿਰੋਵਣ।
ਸੱਚਾ ਸੁੱਚਾ ਮਾਲੀ ਹੋਵੇ ਫੇਰ ਵਿਸਾਖੀ ਹੁੰਦੀ ਏ।
ਖੇਤਾਂ ਵਿਚ ਹਰਿਆਲੀ ਹੋਵੇ ਫੇਰ ਵਿਸਾਖੀ ਹੁੰਦੀ ਏ।

ਵੱਖ-ਵੱਖ ਦੀਪਕ ਜਗਦੇ ਹੋਵਣ ਐਪਰ ਇਕ ਹੀ ਲੋਅ ਹੋਏ।
ਮਾਨਵਤਾ ਦੀ ਸਰਦਲ ਉਤੇ ਇਕ ਨੂਰ 'ਚ ਨੂਰ ਸਮੋਏ।
ਭੂੰ ਮੰਡਲੀ ਦੀ ਥਾਲੀ ਹੋਵੇ ਫੇਰ ਵਿਸਾਖੀ ਹੁੰਦੀ ਏ।
ਖੇਤਾਂ ਵਿਚ ਹਰਿਆਲੀ ਹੋਵੇ ਫੇਰ ਵਿਸਾਖੀ ਹੁੰਦੀ ਏ।

ਸਰਹੱਦਾਂ 'ਤੇ ਅਲਬੇਲੇ ਯੋਧੇ ਪਹਿਰਾ ਦੇਣ ਸਿਪਾਹੀ।
ਕੁਰਬਾਨੀ ਦੇ ਜਜ਼ਬੇ ਅੰਦਰ ਲੈ ਕੇ ਠਾਠ ਇਲਾਹੀ।
ਭਾਰਤ ਦੀ ਰਖਵਾਲੀ ਹੋਵੇ ਫੇਰ ਵਿਸਾਖੀ ਹੁੰਦੀ ਏ।
ਖੇਤਾਂ ਵਿਚ ਹਰਿਆਲੀ ਹੋਵੇ ਫੇਰ ਵਿਸਾਖੀ ਹੁੰਦੀ ਏ।

ਘਰ-ਘਰ ਦੇ ਵਿਚ ਦਾਨੇ ਹੋਵਣ ਉਨਤੀ ਦਾ ਨਿਰਮਾਣ ਬਣੇ।
ਬਾਲਮ ਸਿਰਜਕ ਗਿਰਿਧਰ ਵਰਗਾ ਇੱਕ ਸੱਚਾ ਕਿਰਸਾਨ ਬਣੇ।
ਘੁਣ ਤੋਂ ਸੋਚ ਸੰਭਾਲੀ ਹੋਵੇ ਫੇਰ ਵਿਸਾਖੀ ਹੁੰਦੀ ਏ।
ਖੇਤਾਂ ਵਿਚ ਹਰਿਆਲੀ ਹੋਵੇ ਫੇਰ ਵਿਸਾਖੀ ਹੁੰਦੀ ਏ।



-ਬਲਵਿੰਦਰ ਬਾਲਮ ਗੁਰਦਾਸਪੁਰ
ਉਂਕਾਰ ਨਗਰ, ਗੁਰਦਾਸਪੁਰ (ਪੰਜਾਬ)
ਮੋ. : 98156-25409

ਪੰਜਾਬ ਮੇਲUSA

## ਵਿਸਾਖੀ ਦੀਆਂ ਰੌਣਕਾਂ

ਹਰ ਪਾਸੇ ਲੱਗੀਆਂ ਨੇ ਰੌਣਕਾਂ ਵਿਸਾਖੀ ਦੀਆਂ,
ਲੋਕੀਂ ਚੱਲੇ ਮੇਲੇ ਵੱਲ ਹੋ ਕੇ ਨੇ ਤਿਆਰ ਜੀ।
ਕੋਈ ਕੋਈ ਚੱਲਿਆ ਹੈ ਭੈਣਾਂ ਤੇ ਭਰਾਵਾਂ ਨਾਲ,
ਕਿਸੇ ਕਿਸੇ ਨਾਲ ਹਨ ਉਹਦੇ ਬੇਲੀ ਯਾਰ ਜੀ।
ਕਣਕਾਂ ਨੇ ਪੱਕ ਗਈਆਂ ਹੋਇਆ ਹੈ ਸੁਨਹਿਰੀ ਰੰਗ,
ਵੇਖ-ਵੇਖ ਜੱਟ ਨੂੰ ਹੈ ਚੜ੍ਹਦਾ ਖ਼ੁਮਾਰ ਜੀ।
ਘਰ ਵਿਚ ਦਾਣੇ ਆਉਣੇ ਖ਼ੁਸ਼ੀ ਏਸੇ ਗੱਲ ਦੀ ਹੈ,
ਤਾਹੀਓਂ ਖੇੜੇ ਵਿਚ ਖੀਵਾ ਦਿੱਸੇ ਪਰਿਵਾਰ ਜੀ।

ਸੋਲਾਂ ਸੌ ਨੜਿਨਵੇਂ 'ਚ ਪਿਤਾ ਦਸ਼ਮੇਸ਼ ਜੀ ਨੇ,
ਸਿੱਖਾਂ ਨੂੰ ਬੁਲਾ ਕੇ ਫੇਰ 'ਕੱਠ ਕੀਤਾ ਭਾਰੀ ਸੀ।
ਗੁਰੂ ਦੇ ਬੁਲਾਏ ਸਾਰੇ ਪਹੁੰਚੇ ਸੀ ਅਨੰਦਪੁਰ,
ਬੱਚੇ, ਬੁੱਢੇ ਆਏ ਨਾਲੇ ਹੋਰ ਨਰ-ਨਾਰੀ ਸੀ।
ਚੜ੍ਹ ਕੇ ਪਹਾੜੀ ਫਿਰ ਕੇਸਗੜ੍ਹ ਉੱਚੀ ਉੱਤੇ,
ਮੁੱਖ ਵਿੱਚੋਂ ਗੁਰੂ ਜੀ ਨੇ ਗੱਲ ਇਹ ਉਚਾਰੀ ਸੀ।
ਹੱਥ ਸ਼ਮਸ਼ੀਰ ਫੜ ਸੀਸ ਦੀ ਸੀ ਮੰਗ ਕੀਤੀ,
ਕੀਤਾ ਸੀ ਐਲਾਨ ਜਿਹੜੀ ਮਨ ਵਿਚ ਧਾਰੀ ਸੀ।

ਏਸੇ ਹੀ ਵਿਸਾਖੀ ਦਿਨ ਉੱਨੀ ਸੌ ਤੇ ਉੱਨੀ ਵਿਚ,
ਜੱਲਿਆਂ ਦੇ ਬਾਗ ਦਾ ਸੀ ਹੋਇਆ ਖ਼ੂਨੀ ਸਾਕਾ ਜੀ।
ਡਾਇਰ ਓਡਵਾਇਰ ਰਲ਼ ਚਾਲ ਇੱਕ ਖੇਡੀ ਐਸੀ,
ਘੇਰ ਲਿਆ ਬਾਗ ਵਾਲ਼ਾ ਸਾਰਾ ਹੀ ਇਲਾਕਾ ਜੀ।
ਮੰਗਦੇ ਆਜ਼ਾਦੀ ਹਿੰਦਵਾਸੀ ਜਿਹੜੇ ਸ਼ਾਂਤੀ ਨਾਲ,
ਹੱਕਾਂ ਉੱਤੇ ਵੱਜ ਗਿਆ ਭੈੜਾ ਕੇਹਾ ਡਾਕਾ ਜੀ।
ਮਾਰੇ ਗਏ ਸਾਰੇ ਕੁਝ ਖੂਹ ਵਿਚ ਡਿੱਗ ਮੋਏ,
ਇੱਕੋ ਇੱਕ ਗਲ਼ੀ ਉੱਤੇ ਲੱਗਿਆ ਸੀ ਨਾਕਾ ਜੀ।

ਸਿੱਖੀਏ ਸੁਨੇਹਾ ਅਸੀਂ ਸਾਰੇ ਮਿਲਜੁਲ ਕੇ ਤੇ,
ਜਾਣੀਏ ਵਿਸਾਖੀ ਦਾ ਕੀ ਅਸਲੀ ਉਦੇਸ਼ ਹੈ।
ਦੇਸ਼ ਉੱਤੇ ਭੀੜ ਬਣੇ ਏਕੇ ਵਿਚ ਰਲ਼ ਬਹੀਏ,
ਇਹੋ ਹੀ ਤਿਉਹਾਰਾਂ ਦਾ ਜੀ ਖਾਸ ਹੀ ਸੰਦੇਸ਼ ਹੈ।
ਘੁੰਮੀਏ ਤੇ ਸੈਰਾਂ ਭਾਵੇਂ ਕਰੀਏ ਦੁਰਾਡੇ ਦੀਆਂ,
ਮਨ 'ਚ ਵਸਾਈਏ ਕਿ ਪੰਜਾਬ ਮੇਰਾ ਦੇਸ਼ ਹੈ।
'ਜੀਓ ਅਤੇ ਜੀਣ ਦਿਓ' ਨਾਅਰਾ ਸਦਾ ਯਾਦ ਰੱਖੋ,
ਦੁੱਖ-ਸੁੱਖ ਵਿਚ ਸਾਂਝ ਰੱਖਣੀ ਹਮੇਸ਼ ਹੈ।



-ਪ੍ਰੋ. ਨਵ ਸੰਗੀਤ ਸਿੰਘ, ਪਟਿਆਲਾ
94176-92015

ਪੰਜਾਬ ਮੇਲUSA

## ਸਿੱਖੀ ਦਾ ਬੂਟਾ

ਧੂਹ ਕੇ ਜਦ ਮਿਆਨ ਦੇ ਵਿਚੋਂ
ਖਿੱਚੀ ਤਲਵਾਰ ਸੀ,
ਕਲਗੀਧਰ ਬਾਜ਼ਾਂ ਵਾਲੇ
ਮਾਰੀ ਲਲਕਾਰ ਸੀ
ਅਪਣਾ ਸਿਰ ਤਲੀ ਦੇ ਉੱਤੇ
ਰੱਖੋ ਕੋਈ ਸੂਰਮਾ।
ਚਾਹੀਦਾ ਇੱਕ ਸਿਰ ਮੈਨੂੰ
ਉੱਠੋ ਕੋਈ ਸੂਰਮਾ।

ਖਾਲਸਾ ਪੰਥ ਸਜਾਉਣਾ,
ਸਿੱਖੀ ਦਾ ਬੂਟਾ ਲਾਉਣਾ,
ਚਿੜੀਆਂ ਤੋਂ ਬਾਜ਼ ਤੁੜਾਉਣੇਂ,
ਐਸਾ ਅੰਮ੍ਰਿਤ ਛਕਾਉਣਾ
ਲਾੜ੍ਹੀ ਅੱਜ ਮੌਤ ਵਰਨ ਲਈ,
ਢੁੱਕੋ ਕੋਈ ਸੂਰਮਾ।
ਚਾਹੀਦਾ ਇੱਕ ਸਿਰ ਮੈਨੂੰ....।

ਉੱਠਕੇ ਦਇਆ ਰਾਮ ਸੀ ਆਇਆ,
ਗਲ ਦੇ ਵਿਚ ਪੱਲੂ ਪਾਇਆ
ਦੋਨੋਂ ਹੱਥ ਜੋੜ ਸਿੱਖ ਨੇ,
ਚਰਨਾਂ 'ਤੇ ਸੀਸ ਨਿਵਾਇਆ,
ਮੋਢਿਆਂ 'ਤੇ ਭਾਰ ਕੌਮ ਦਾ
ਚੁੱਕੋ ਕੋਈ ਸੂਰਮਾ।
ਚਾਹੀਦਾ ਇੱਕ ਸਿਰ ਮੈਨੂੰ....।

ਤੰਬੂ ਵਿਚ ਜਾਕੇ ਸਤਿਗੁਰ,
ਸੀਸ ਇੱਕ ਲਾਹਕੇ ਸਤਿਗੁਰ
ਤੇਗ ਫਿਰ ਖ਼ੂਨ 'ਚ ਭਿੱਜੀ
ਬੋਲੇ ਲਿਸ਼ਕਾਕੇ ਸਤਿਗੁਰ,
ਨੰਗੀਆਂ ਤਲਵਾਰਾਂ ਉੱਤੇ
ਨੱਚੋ ਕੋਈ ਸੂਰਮਾ।
ਚਾਹੀਦਾ ਇੱਕ ਸਿਰ ਮੈਨੂੰ....।

ਧਰਮ ਤੇ ਹਿੰਮਤ ਆਗੇ,
ਸੀਸਾਂ ਦੀ ਭੇਂਟ ਚੜ੍ਹਾਗੇ
ਮੋਹਕਮ ਤੇ ਸਾਹਿਬ ਸਿੰਘ ਵੀ
ਸਤਿਗੁਰ ਦੀਆਂ ਖੁਸੀਆਂ ਪਾਗੇ,
ਜ਼ਾਲਮ ਦੀਆਂ ਜੜ੍ਹਾਂ ਡੂੰਗੀਆਂ,
ਪੁੱਟੋ ਕੋਈ ਸੂਰਮਾ ।
ਚਾਹੀਦਾ ਇੱਕ ਸਿਰ ਮੈਨੂੰ....।

ਬਾਟੇ ਵਿਚ ਪਾਣੀ ਭਰਕੇ,
ਲੋਹੇ ਦਾ ਖੰਡਾ ਫੜਕੇ
ਪਾਣੀ ਨੂੰ ਅੰਮ੍ਰਿਤ ਕਰਤਾ,
ਸਤਿਗੁਰ ਪੰਜ ਬਾਣੀਆਂ ਪੜ੍ਹਕੇ,
ਅੰਮ੍ਰਿਤ ਦਾ ਤਿਆਰ ਹੈ ਬਾਟਾ,
ਛਕੋ ਕੋਈ ਸੂਰਮਾਂ।
ਚਾਹੀਦਾ ਇੱਕ ਸਿਰ ਮੈਨੂੰ....।

ਪੰਜਾਂ ਨੂੰ ਅੰਮ੍ਰਿਤ ਪਿਆਇਆ,
ਮਜ਼੍ਹਬਾਂ ਦਾ ਭੇਦ ਮਿਟਾਇਆ,
ਛਕਿਆ ਫਿਰ ਆਪ ਪੰਜਾਂ ਤੋਂ,
ਚੇਲਾ-ਗੁਰ ਆਪ ਕਹਾਇਆ।
ਮਹਿਮਾ "ਮਲਕੀਤ" ਗੁਰਾਂ ਦੀ
ਲਿਖੋ ਕੋਈ ਸੂਰਮਾਂ ।
ਚਾਹੀਦਾ ਇਕ ਸਿਰ ਮੈਨੂੰ
ਉੱਠੋ ਕੋਈ ਸੂਰਮਾ।



-ਮਲਕੀਤ ਸਿੰਘ 'ਭੱਠਲਾਂ'
ਸੰਪਰਕ : 94174-90943

ਪੰਜਾਬ ਮੇਲUSA

# PUNJAB MAIL USA

TV Channel, Newspaper, Radio

24 Hours
7 Days

## All over America, Canada, Australia & Europe

- IP TV (24 Hours)
- App: Punjab Mail USA (24 Hours)
- Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com

*Gold # 2867, Gem # 375, TV Zon # 6888, Glow TV # 1828, Tashan # 131, Real TV etc.*

For any Information & Advertisement Call at

**+1-916-320-9444**








## FOR SALE & PURCHASE OF ANY KIND OF PROPERTY

RE/MAX



RE/MAX
Outstanding Agents
Outstanding Results®
DRE Lic. # 01215931 (Broker)

# Gurjatinder S. Randhawa

REALTOR CA DRE licence # 01490567

**916-320-9444**